
ਸਰਦ ਰਿਸ਼ਤੇ
ਅਮਨਪਾਲ ਸਾਰਾ
K.S. Bana

# ਸਰਦ ਰਿਸ਼ਤੇ

Sard Rishtey

Punjabi Stories

ਸਰਦ ਰਿਸ਼ਤੇ

1993

©

ਅਮਨਪਾਲ ਸਾਰਾ

Amanpal Sara
3722 Moscrop St.
Burnaby, B. C. V5G 2C8
Canada

ਮੁੱਲ : $ 12
ਰੁ 60 (ਭਾਰਤੀ ਸੰਸਕਰਣ)

ਮੁੱਖ ਪੰਨਾ : ਕੁਲਵੰਤ ਬਸਰਾ

Printed at ASIA PHOTO SERVICE

ਕੋਆਪਰੇਟਿਵ ਪਬਲੀਕੇਸ਼ਨ
21-C, ਗੁਰਦੇਵ ਨਗਰ, ਲੁਧਿਆਣਾ,
Tel 91-161-26725



# ਸਰਦ ਰਿਸ਼ਤੇ

ਅਮਨਪਾਲ ਸਾਰਾ

ਕੋਆਪਰੇਟਿਵ ਪਬਲੀਕੇਸ਼ਨ
ਲੁਧਿਆਣਾ

# ਤਤਕਰਾ


5 ਸਰਦ ਰਿਸ਼ਤੇ - ਨਿੱਘੀ ਪੇਸ਼ਕਾਰੀ

7 ਦੋ ਸ਼ਬਦ

9 ਮਾਰਗਰੀਤਾ

15 ਲਾਟਰੀ

23 ਰੁਲਦਾ ਬਚਪਨ

28 ਸਰਦ ਰਿਸ਼ਤੇ

33 ਮਤ੍ਰੇਈ ਮਾ ਸਕੇ ਪੁੱਤਰ

43 ਹਿਪੋਕ੍ਰਿਟ

50 ਮਕਸਦ

59 ਪੰਜ ਕਲਿਆਣੀ

74 ਢਿੱਡ ਦੀ ਭੁੱਖ

86 ਵਿਕਟਰ




# ਸਰਦ ਰਿਸ਼ਤੇ - ਨਿੱਘੀ ਪੇਸ਼ਕਾਰੀ

ਕੈਨੇਡਾ ਵਸਦਾ ਨੌਜਵਾਨ ਰੰਗ-ਕਰਮੀ ਤੇ ਲੇਖਕ ਅਮਨਪਾਲ ਸਾਰਾ ਆਪਣੇ ਕਹਾਣੀ-ਸੰਗ੍ਰਹਿ 'ਸਰਦ ਰਿਸ਼ਤੇ' ਨਾਲ ਪੰਜਾਬੀ ਕਥਾ-ਜਗਤ ਵਿਚ ਪ੍ਰਵੇਸ਼ ਕਰ ਰਿਹਾ ਹੈ। ਪੁਸਤਕ ਵਿਚ ਸ਼ਾਮਲ ਉਸਦੀਆਂ ਦਸ ਕਹਾਣੀਆਂ ਵਿਸ਼ੇ ਤੇ ਸ਼ੈਲੀ ਪੱਖੋਂ ਨਿਵੇਕਲੀਆਂ ਹੋਣ ਦੇ ਨਾਲ ਨਾਲ ਲੇਖਕ ਦੇ ਬਹੁ-ਪੱਖੀ ਨਿੱਜੀ ਅਨੁਭਵਾਂ ਅਤੇ ਬਿਆਨ ਦੀ ਸਾਦਗੀ, ਸੁਹਿਰਦਤਾ ਤੇ ਈਮਾਨਦਾਰੀ ਦਾ ਪਤਾ ਦਿੰਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਪੰਜਾਬੀ ਤੇ ਵਿਦੇਸ਼ੀ ਜੀਵਨ-ਵਿਧੀਆਂ ਕਿਤੇ ਸਮਾਨੰਤਰ ਤੁਰਦੀਆਂ ਅਤੇ ਕਿਤੇ ਇਕ ਦੂਜੀ ਨਾਲ ਮਿਲਦੀਆਂ, ਟਕਰਾਉਂਦੀਆਂ ਤੇ ਕੱਟਦੀਆਂ ਵੀ ਹਨ।

ਇਨ੍ਹਾਂ ਕਹਾਣੀਆਂ ਦੇ ਪਾਤਰ ਚੰਗੇ ਰੁਜ਼ਗਾਰ ਤੇ ਖ਼ੁਸ਼ਹਾਲ ਜ਼ਿੰਦਗੀ ਦੀ ਤਲਾਸ਼ ਵਿਚ ਇੰਗਲੈਂਡ, ਕੈਨੇਡਾ ਤੇ ਅਮਰੀਕਾ ਜਾ ਵਸੇ ਉਹ ਪੰਜਾਬੀ ਹਨ ਜਿਹੜੇ ਪੱਛਮੀ ਸਭਿਆਚਾਰ ਦੇ ਪ੍ਰਭਾਵ ਹੇਠ ਆਪਣੀ ਅਗਲੀ ਪੀੜ੍ਹੀ ਦੀ ਬਦਲੀ ਹੋਈ ਜੀਵਨ-ਜਾਚ ਨੂੰ ਪ੍ਰਵਾਨ ਕਰਨ ਵਿਚ ਬੜੀ ਮਾਨਸਿਕ ਪ੍ਰੇਸ਼ਾਨੀ ਮਹਿਸੂਸ ਕਰ ਰਹੇ ਹਨ, ਜਿਹੜੀ ਉਨ੍ਹਾਂ ਦੀ ਜ਼ਿੰਦਗੀ ਨੂੰ ਪ੍ਰਸੰਨਤਾ ਦੇਣ ਦੀ ਥਾਂ ਕਸ਼ਟ ਭਰਪੂਰ ਬਣਾ ਰਹੀ ਹੈ। ਇਸ ਵਿਸ਼ੇ ਦੇ ਵੱਖ-ਵੱਖ ਪਹਿਲੂਆਂ ਬਾਰੇ ਪਹਿਲਾਂ ਵੀ ਕਈ ਪਰਵਾਸੀ ਪੰਜਾਬੀ ਲੇਖਕਾਂ ਨੇ ਚੰਗੀਆਂ ਸਾਹਿਤਕ ਕਿਰਤਾਂ ਦੀ ਰਚਨਾ ਕੀਤੀ ਹੈ ਪਰ ਇਹ ਵਿਸ਼ਾ ਏਨਾ ਵਡੇਰਾ ਅਤੇ ਨਿੱਤ ਨਵੀਆਂ ਸਮੱਸਿਆਵਾਂ ਤੇ ਗੁੰਝਲਾਂ ਸਾਹਮਣੇ ਲਿਆ ਰਿਹਾ ਹੈ ਕਿ ਹੋਰ ਜ਼ਿਆਦਾ ਗਿਣਤੀ ਵਿਚ ਮਿਆਰੀ ਸਾਹਿਤਕ ਰਚਨਾ ਦੀ ਚੋਖੀ ਸੰਭਾਵਨਾ ਮੌਜੂਦ ਹੈ। ਅਮਨਪਾਲ ਸਾਰਾ ਨੇ ਆਪਣੀਆਂ ਇਨ੍ਹਾਂ ਕਹਾਣੀਆਂ ਦੁਆਰਾ ਪੱਛਮੀ ਸਭਿਆਚਾਰ ਦੇ ਪ੍ਰਭਾਵਾਂ ਕਾਰਨ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਵਿਚ ਪੈਦਾ ਹੋਣ ਵਾਲੀਆਂ ਕੁਝ ਗੁੰਝਲਾਂ ਤੇ ਇਨ੍ਹਾਂ ਗੁੰਝਲਾਂ ਦੇ ਕੁਝ ਨਵੇਂ ਪੱਖਾਂ ਦੀ ਨਿਸ਼ਾਨਦੇਹੀ ਬੜੀ ਖ਼ੂਬਸੂਰਤੀ ਤੇ ਸੰਜਮ ਨਾਲ ਕੀਤੀ ਹੈ।

ਕੁਝ ਕਹਾਣੀਆਂ ਗੋਰੇ ਪਾਤਰਾਂ ਦੁਆਲੇ ਉਸਾਰੀਆਂ ਗਈਆਂ ਹਨ। ਕਹਾਣੀਕਾਰ ਦਾ ਰਵੱਈਆ ਨਿਰਪੱਖ ਹੈ ਪਰ ਬੇਲਾਗ ਨਹੀਂ। ਉਹ ਕਿਸੇ ਵੀ ਵਰਗ ਨੂੰ ਜਾਣ ਬੁੱਝ ਕੇ ਤੇ ਬੇਲੋੜਾ ਵਡਿਆਉਂਦਾ ਜਾਂ ਛੁਟਿਆਉਂਦਾ ਨਹੀਂ। ਉਹ ਪੰਜਾਬੀ ਸਭਿਆਚਾਰ ਦੀਆਂ ਬੇਬੁਨਿਆਦ ਸਿਫ਼ਤਾਂ ਕਰਕੇ ਪੱਛਮੀ ਸਭਿਆਚਾਰ ਨੂੰ ਗੂੜ੍ਹੇ ਕਾਲੇ ਰੰਗ ਵਿਚ ਪੇਸ਼ ਨਹੀਂ ਕਰਦਾ ਅਤੇ ਨਾ ਹੀ ਪੱਛਮੀ ਜੀਵਨ-ਜਾਚ ਦੀ ਚਮਕ ਦਮਕ ਤੋਂ ਚੁੰਧਿਆ ਕੇ ਪੰਜਾਬੀ ਰਹਿਤਲ ਨੂੰ ਹੀਣ ਭਾਵ ਨਾਲ ਪ੍ਰਗਟ ਕਰਦਾ ਹੈ। ਉਹ ਇਨ੍ਹਾਂ ਦੋਹਾਂ ਦੇ ਚੰਗੇ ਤੇ ਮਾੜੇ ਪੱਖਾਂ ਨੂੰ ਨਿਰਪੱਖਤਾ ਪਰ ਡੂੰਘੇ ਲਗਾਓ ਤੇ ਨਿੱਘ ਨਾਲ ਸਹਿਜ ਰੂਪ ਵਿਚ ਪੇਸ਼ ਕਰਦਾ ਹੈ ਅਤੇ ਉਸਦਾ ਇਹ ਗੁਣ ਉਸਦੀਆਂ ਕਹਾਣੀਆਂ ਨੂੰ ਮਹੱਤਵਪੂਰਨ ਬਣਾਉਂਦਾ ਹੈ। ਉਸ ਕੋਲ ਮਨੁੱਖੀ ਰਿਸ਼ਤਿਆਂ ਦੀਆਂ ਮਹੀਨ ਤੰਦਾਂ ਦੀ ਪਕੜ ਹੈ। ਉਹ ਮਨੁੱਖੀ ਭਾਵਨਾਵਾਂ ਦੀ ਗਿਰਾਵਟ ਤੇ ਉਚਾਈ ਦੋਹਾਂ ਦੀ ਡੂੰਘੀ ਸਮਝ ਰੱਖਦਾ ਹੈ ਅਤੇ ਇਹ ਦੋਵੇਂ ਪਹਿਲੂ ਉਸ ਦੀਆਂ

ਕਹਾਣੀਆਂ ਵਿਚ ਸਹਿਜ ਕਲਾਤਮਕਤਾ ਦੁਆਰਾ ਰੂਪਮਾਨ ਹੋਏ ਹਨ। ਇਹੋ ਉਸਦੀ ਕਥਾਕਾਰ ਵਜੋਂ ਮੁੱਲਵਾਨ ਪ੍ਰਾਪਤੀ ਹੈ।

'ਸਰਦ ਰਿਸ਼ਤੇ' ਵਿਚਲੀਆਂ ਕਹਾਣੀਆਂ ਜਿੱਥੇ ਛੇਤੀ ਅਮੀਰ ਹੋਣ ਦੀ ਲਾਲਸਾ ਕਾਰਨ ਮਨੁੱਖੀ ਰਿਸ਼ਤਿਆਂ ਵਿਚ ਵਰਤ ਰਹੀ ਠੰਢ ਦੇ ਦੁਖਾਂਤਕ ਪਹਿਲੂਆਂ ਤੋਂ ਜਾਣੂ ਕਰਵਾਉਂਦੀਆਂ ਹਨ, ਉਥੇ ਮਨੁੱਖੀ ਮੋਹ ਪਿਆਰ ਦੀ ਡੂੰਘਾਈ, ਬੁਲੰਦੀ ਤੇ ਤੀਬਰਤਾ ਦੇ ਨਿੱਘ ਨੂੰ ਆਪਣੇ ਕਲਾਵੇ ਵਿਚ ਸੰਭਾਲਦੀਆਂ ਹਨ। ਇਉਂ ਅਮਨਪਾਲ ਸਾਰਾ ਦੀਆਂ ਇਹ ਰਚਨਾਵਾਂ ਉਸ ਦੇ ਪ੍ਰਤਿਭਾਵਾਨ ਤੇ ਸੰਭਾਵਨਾਵਾਂ ਭਰਪੂਰ ਕਥਾਕਾਰ ਹੋਣ ਦੀ ਗਵਾਹੀ ਦਿੰਦੀਆਂ ਹਨ। ਮੈਂ ਇਸ ਸਮਰੱਥ ਕਥਾਕਾਰ ਤੇ ਉਸ ਦੀ ਪਹਿਲੀ ਪੁਸਤਕ ਦਾ ਹਾਰਦਿਕ ਸੁਆਗਤ ਕਰਦਾ ਹਾਂ।

ਚੰਡੀਗੜ੍ਹ,
30, ਜੂਨ 1993

ਹਰਭਜਨ ਹਲਵਾਰਵੀ
ਸੰਪਾਦਕ
ਪੰਜਾਬੀ ਟ੍ਰਿਬਿਊਨ



# ਦੋ ਸ਼ਬਦ

ਪਿਛਲੇ ਕੁਝ ਸਮੇਂ ਦੌਰਾਨ ਮੈਂ ਮਹਿਸੂਸ ਕੀਤਾ ਹੈ ਕਿ ਕੈਨੇਡਾ ਵਿਚ ਵਸਦੇ ਪੰਜਾਬੀਆਂ ਨੂੰ ਇਥੋਂ ਦੀ ਜ਼ਿੰਦਗੀ ਮੁਤਾਬਕ ਢਲਣ ਵਿਚ ਦਰਪੇਸ਼ ਆਉਂਦੀਆਂ ਕਠਿਨਾਈਆਂ ਬਾਰੇ ਵਿਚਾਰ-ਵਟਾਂਦਰਾ ਸ਼ੁਰੂ ਕਰਨ ਦੀ ਜ਼ਰੂਰਤ ਹੈ। ਇਸੇ ਤਰਾਂ ਪੰਜਾਬ ਵਿਚ ਵਸਦੇ ਲੋਕਾਂ ਦੇ ਮਨਾਂ ਵਿਚ ਕੈਨੇਡਾ ਜਾਂ ਹੋਰ ਮੁਲਕਾਂ ਵਿਚ ਆ ਕੇ ਵਸੇ ਪੰਜਾਬੀਆਂ ਦੀਆਂ ਜ਼ਿੰਦਗੀਆਂ ਬਾਰੇ ਜਾਨਣ ਦੀ ਚਾਹ ਹੈ। ਇਸ ਤੋਂ ਇਲਾਵਾ ਕਿਸੇ ਹੱਦ ਤੋਂ ਅੱਗੇ ਆਪਸੀ ਸੰਵਾਦ ਦੀ ਅਣਹੋਂਦ ਕਰਕੇ ਪੰਜਾਬ ਤੋਂ ਆ ਕੇ ਵਸੇ ਕੈਨੇਡੀਅਨ ਪੰਜਾਬੀ ਲੋਕਾਂ ਅਤੇ ਹੋਰ ਮੁਲਕਾਂ (ਖ਼ਾਸਕਰ ਪੱਛਮੀ ਮੁਲਕਾਂ) ਤੋਂ ਆਕੇ ਵਸੇ ਕੈਨੇਡੀਅਨ ਲੋਕਾਂ ਦੀਆਂ ਇਕ ਦੂਸਰੇ ਪ੍ਰਤੀ ਕੁਝ ਨਾਵਾਜਬ ਧਾਰਨਾਵਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਨੂੰ ਵੰਗਾਰਨ ਅਤੇ ਮੁੜ ਘੋਖਣ ਦੀ ਜ਼ਰੂਰਤ ਹੈ।

ਸਨਅਤ ਦੇ ਵਿਕਾਸ ਨੇ ਮਨੁੱਖੀ ਜ਼ਿੰਦਗੀ ਦਾ ਭੀ ਮਸ਼ੀਨੀਕਰਣ ਕਰ ਦਿੱਤਾ ਹੈ ਜਿਸਦਾ ਅਸਰ ਇਨਸਾਨਾਂ ਦੇ ਆਪਸੀ ਰਿਸ਼ਤਿਆਂ ਉਪਰ ਪੈਣਾ ਭੀ ਲਾਜ਼ਮੀ ਹੈ। ਇਸ ਅਸਰ ਦੀ ਦਰ ਸਨਅਤ ਦੇ ਵਿਕਾਸ ਦੀ ਦਰ ਨਾਲ ਸਿੱਧੇ ਅਨੁਪਾਤ ਵਿਚ ਜਾਪਦੀ ਹੈ।

ਜੇਕਰ ਕਿਸੇ ਪੌਦੇ ਨੂੰ ਉਸਦੀ ਕੁਦਰਤੀ ਜੰਮਣ-ਭੂਮੀ ਤੋ ਪੁੱਟ ਕੇ ਦੂਰ-ਦੁਰਾਡੇ ਕਿਸੇ ਅਲਗ ਕਿਸਮ ਦੀ ਮਿੱਟੀ ਅਤੇ ਜਲਵਾਯੂ ਵਾਲੀ ਜਗ੍ਹਾਂ ਲਗਾ ਦਿੱਤਾ ਜਾਵੇ ਤਾਂ ਲਾਜ਼ਮੀ ਹੈ ਕਿ ਉਸ ਪੌਦੇ ਦੇ ਵਿਕਾਸ ਦੀ ਨਿਯਮਿਤ ਕਿਰਿਆ ਵਿਚ ਤਬਦੀਲੀਆਂ ਆਉਣਗੀਆਂ। ਇਨ੍ਹਾਂ ਤਬਦੀਲੀਆਂ ਦਾ ਅੰਦਾਜ਼ ਪੌਦੇ ਦੀ ਆਯੂ ਅਤੇ ਪਿਛੋਕੜ ਮੁਤਾਬਕ ਵੱਖ ਵੱਖ ਹੋ ਸਕਦਾ ਹੈ।

ਹਥਲਾ ਕਹਾਣੀ-ਸੰਗ੍ਰਹਿ ਸਰਮਾਏਦਾਰੀ ਢਾਂਚੇ ਦੇ ਵਿਕਾਸ ਦੇ ਨਾਲ ਇਨਸਾਨਾਂ ਦੇ ਆਪਸੀ ਰਿਸ਼ਤਿਆਂ ਵਿਚਲੀ ਗਰਮੀ ਤੇ ਸਰਦੀ ਦੇ ਤਾਪਮਾਨ ਨੂੰ ਮਾਪਣ ਦਾ ਇਕ ਅਜਿਹੇ ਪੌਦੇ ਵੱਲੋਂ ਕੀਤਾ ਗਿਆ ਉਪਰਾਲਾ ਹੈ ਜੋ ਕਿ ਸਭਿਆਚਾਰਕ ਪਿਉਂਦ-ਕਾਰੀ ਵੇਲੇ ਨਾ ਤਾਂ ਪਨੀਰੀ ਸੀ ਤੇ ਨਾ ਹੀ ਦਰਖ਼ਤ।

ਕਹਾਣੀਆਂ ਵਿਚਾਰ ਵਟਾਂਦਰਾ ਸ਼ੁਰੂ ਕਰਨ ਅਤੇ ਪਾਠਕਾਂ ਨੂੰ ਸੂਚਿਤ ਕਰਨ ਦੇ ਆਸ਼ੇ ਨੂੰ ਮੁੱਖ ਰੱਖ ਕੇ ਲਿਖੀਆਂ ਗਈਆਂ ਹਨ। ਰਿਸ਼ਤਿਆਂ ਵਿਚਲੇ ਵਧ ਘਟ ਰਹੇ ਤਾਪਮਾਨ ਨੂੰ ਮਾਪਣ ਵਿਚ ਮੈਂ ਕਿੱਥੋਂ ਤੱਕ ਸਫ਼ਲ ਹੋਇਆ ਹਾਂ, ਇਸ ਗੱਲ ਦੇ ਫ਼ੈਸਲੇ ਲਈ ਮੈਨੂੰ ਪਾਠਕਾਂ ਅਤੇ ਆਲੋਚਕਾਂ ਵਲੋਂ ਭਰਵੇਂ ਹੁੰਗਾਰੇ ਹੀ ਉਮੀਦ ਰਹੇਗੀ।

ਅੰਤ ਵਿਚ ਮੈਂ ਆਪਣੇ ਦੋਸਤਾਂ - ਭੁਪਿੰਦਰ ਢਿੱਲੋਂ, ਸਾਧੂ ਬਿਨਿੰਗ, ਸੁਖਵੰਤ ਹੁੰਦਲ ਅਤੇ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਮੈਂਬਰਾਂ ਦਾ ਤਹਿ-ਦਿਲੋਂ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਸਮੇਂ ਸਮੇਂ ਸਿਰ ਇਨ੍ਹਾਂ ਕਹਾਣੀਆਂ ਬਾਰੇ ਮੈਨੂੰ ਵਡਮੁੱਲੇ ਸੁਝਾਅ ਦਿੱਤੇ ਹਨ।

**ਅਮਨਪਾਲ ਸਾਰਾ**

ਦਸੰਬਰ 20, 1992

3722, ਮੌਸਕਰੌਪ ਸਟਰੀਟ,
ਬਰਨਬੀ ਬੀ. ਸੀ. ਕੈਨੇਡਾ

ਪਿਆਰ ਤੇ ਸਤਿਕਾਰ ਨਾਲ ਅਪਣੀ ਮਾਤਾ
ਸ੍ਰੀਮਤੀ ਗੁਰਮੀਤ ਕੌਰ ਸਾਰਾ ਅਤੇ ਪਿਤਾ
ਸ੍ਰੀ ਹਰਨੌਨਿਹਾਲ ਸਿੰਘ ਸਾਰਾ ਦੇ ਨਾਂ

*ਕਿਤਾਬ ਵਿਚਲੀਆਂ ਕਹਾਣੀਆਂ ਦੀਆਂ ਘਟਨਾਵਾਂ ਅਤੇ ਪਾਤਰ ਕਲਪਨਿਕ ਹਨ*



# ਮਾਰਗਰੀਤਾ

'ਦੇਅਰ ਆਰੰਟ ਮੈਨੀ ਯੰਗ ਵਿਮੈੱਨ ਇਨ ਦਿਸ ਬਾਰ ।' ਕਾਊਂਟਰ ਤੋਂ ਭਰਵਾਇਆ ਬੀਅਰ ਦਾ ਗਲਾਸ ਹੱਥ ਵਿਚ ਫੜ ਕੇ ਬੁੱਲ੍ਹਾਂ ਨੂੰ ਲਾਉਂਦੇ ਨੇ ਸਟੂਲ ਘੁਮਾ ਕੇ ਅਜੇ ਬਾਰ ਵਿਚ ਬੈਠੇ ਲੋਕਾਂ ਵਲ ਉਡਦੀ ਉਡਦੀ ਨਜ਼ਰ ਮਾਰੀ ਹੀ ਸੀ ਕਿ ਇਹ ਜ਼ਨਾਨਾ ਆਵਾਜ਼ ਮੇਰੇ ਖੱਬੇ ਪਾਸੇ ਵਾਲੇ ਸਟੂਲ ਤੋਂ ਮੇਰੇ ਕੰਨਾਂ ਵਿਚ ਪਈ। ਮੈਂ ਗਰਦਨ ਘੁਮਾ ਕੇ ਦੇਖਿਆ ਤਾਂ ਇਕ ਅੱਧਖੜ ਜਿਹੀ ਉਮਰ ਦੀ ਤਿੱਖੇ ਨਖਸ਼ਾਂ ਵਾਲੀ, ਜ਼ਰਾ ਕੁ ਭਾਰੇ ਸਰੀਰ ਵਾਲੀ ਗੋਰੀ ਔਰਤ ਬੁੱਲ੍ਹਾਂ ਉਪਰ ਨਿੰਮੀ ਮੁਸਕਰਾਹਟ ਲਈ ਬੈਠੀ ਸੀ। ਉਸਦੀਆਂ ਹਰੀਆਂ ਹਰੀਆਂ ਅੱਖਾਂ ਦੀ ਭੇਦ ਭਰੀ ਤੱਕਣੀ ਮੇਰੇ ਚਿਹਰੇ ਉਪਰ ਗੱਡੀ ਹੋਈ ਸੀ।

ਇਕ ਛਿਣ ਮੈਂ ਇਹ ਫ਼ੈਸਲਾ ਨਾ ਕਰ ਸਕਿਆ ਕਿ ਉਸਦੇ ਇਹ ਕਹਿਣ ਤੋਂ ਕੀ ਭਾਵ ਸੀ। ਉਸ ਵੱਲੋਂ ਜ਼ਰਾ ਕੁ ਨਜ਼ਰ ਹਟਾ ਕੇ ਇਕ ਹੋਰ ਓਪਰੀ ਜਿਹੀ ਨਜ਼ਰ ਮੈਂ ਬਾਰ ਵਿਚ ਬੈਠੇ ਲੋਕਾਂ ਵਲ ਮਾਰੀ ਤੇ ਫਿਰ ਉਸ ਵਲ ਮੂੰਹ ਘੁਮਾ ਕੇ ਮੈਂ ਉਸਨੂੰ ਕਿਹਾ ਕਿ ਮੈਂ ਤਾਂ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਖ਼ਾਤਰ ਇੱਥੇ ਆਇਆ ਹਾਂ। ਉਹ ਅਕਸਰ ਕੰਮ ਤੋਂ ਹਟ ਕੇ ਇਸ ਬਾਰ ਵਿਚ ਆ ਜਾਂਦੇ ਹਨ। ਮੇਰਾ ਜੁਆਬ ਸੁਣ ਕੇ ਉਸਨੇ ਜ਼ਰਾ ਕੁ ਸਿਰ ਨੂੰ ਹਿਲਾਇਆ ਅਤੇ ਉਸਦੀ ਮੁਸਕਰਾਹਟ ਹੋਰ ਡੂੰਘੀ ਹੋ ਗਈ।

ਸਾਡੇ ਗੈਰਾਜ ਦੇ ਨਜ਼ਦੀਕ ਇਹ ਨਿਵੇਕਲੀ ਜਿਹੀ ਬਾਰ ਅਜੇ ਨਵੀਂ ਨਵੀਂ ਹੀ ਖੁੱਲ੍ਹੀ ਸੀ। ਇੱਥੇ ਸਿਰਫ਼ ਮੈਂਬਰ ਜਾਂ ਉਨ੍ਹਾਂ ਦੇ ਗੈਸਟ ਹੀ ਆ ਸਕਦੇ ਸਨ। ਸਾਡੇ ਬੱਸ ਡਰਾਈਵਰਾਂ ਵਾਸਤੇ ਮੈਂਬਰਸ਼ਿਪ ਫਰੀ ਸੀ। ਨੇੜੇ ਹੀ ਇਕ ਛੋਟਾ ਜਿਹਾ ਪੁਲਿਸ ਸਟੇਸ਼ਨ ਭੀ ਸੀ। ਕਦੀ ਕਦੀ ਪੁਲਿਸ ਅਫ਼ਸਰ ਭੀ ਡਿਊਟੀ ਤੋਂ ਬਾਅਦ ਇਕ ਅੱਧੀ ਬੀਅਰ ਪੀਣ ਵਾਸਤੇ ਜਾਂ ਸਨੈਕ ਵਾਸਤੇ ਇੱਥੇ ਆ ਜਾਂਦੇ ਸਨ। ਕੋਈ ਦੋ ਕੁ ਮਹੀਨੇ ਪਹਿਲਾਂ ਮੈਂ ਇਸ ਗੈਰਾਜ ਤੋਂ ਤਬਦੀਲ ਹੋ ਕੇ ਇਕ ਹੋਰ ਗੈਰਾਜ ਵਿਚ ਚਲਾ ਗਿਆ ਸਾਂ ਤੇ ਇਸ ਕਰਕੇ ਇਸ ਪਹਿਲੇ ਗੈਰਾਜ ਵਿਚ ਕੰਮ ਕਰਦੇ ਸਾਥੀ ਪੰਜਾਬੀ ਬੱਸ ਡਰਾਈਵਰਾਂ ਨੂੰ ਨਹੀਂ ਮਿਲ ਸਕਿਆ ਸਾਂ। ਅੱਜ ਫਰਾਈਡੇ ਨਾਈਟ ਸੀ। ਸ਼ਾਮੀ ਕੰਮ ਤੋਂ ਹੱਟ ਕੇ ਸਿੱਧਾ ਸਕੂਲ ਚਲਾ ਗਿਆ ਸਾਂ ਤੇ ਰਾਤ ਦੇ ਗਿਆਰਾਂ ਵਜੇ ਸਕੂਲ ਤੋਂ ਵਿਹਲਾ ਹੋ ਕੇ ਘਰ ਜਾ ਰਿਹਾ ਸਾਂ ਕਿ ਰਾਹ ਵਿਚ ਇਸ ਬਾਰ ਵਿਚ ਬੈਠਣ ਦਾ ਵਿਚਾਰ ਬਣ ਗਿਆ।

ਡਿਸਕੋ ਮਿਊਜ਼ਿਕ ਵੱਜ ਰਿਹਾ ਸੀ । ਤਿੰਨ ਕੁ ਜੋੜੇ ਹਲਕਾ ਹਲਕਾ ਡਾਂਸ ਕਰ ਰਹੇ ਸਨ। ਬਾਰ ਵਿਚ ਜ਼ਿਆਦਾ ਚਹਿਲ ਪਹਿਲ ਨਹੀਂ ਸੀ। ਮੈਂ ਘੜੀ ਦੇਖੀ ਤਾਂ ਸਾਢੇ ਗਿਆਰਾਂ ਵਜ ਚੁੱਕੇ ਸਨ। ਮੈਂ ਸੋਚਿਆ ਕਿ ਬਾਰਾਂ ਕੁ ਵਜੇ ਤੱਕ ਉਡੀਕ ਲੈਂਦੇ ਹਾਂ ਸ਼ਾਇਦ ਕੋਈ ਵਾਕਿਫ਼ ਟੱਕਰ ਹੀ ਜਾਵੇ।

"ਕੀ ਤੂੰ ਇਸ ਬਾਰ ਵਿਚ ਪਹਿਲੀ ਵਾਰ ਹੀ ਆਇਆ ਏਂ ?" ਬੜੀ ਸ਼ੁੱਧ ਤੇ ਸਾਫ਼ ਸੁੱਥਰੀ ਅੰਗ੍ਰੇਜ਼ੀ ਵਿਚ ਉਸਨੇ ਮੈਨੂੰ ਪੁੱਛਿਆ। ਬਾਰ ਵਿਚ ਰੋਜ਼ ਆਉਣ ਜਾਣ ਵਾਲਿਆਂ ਦੇ ਚਿਹਰੇ ਇਕ ਦੂਸਰੇ ਦੇ ਵਾਕਿਫ਼ ਹੋ ਜਾਂਦੇ ਹਨ। ਇਹ ਔਰਤ ਸ਼ਾਇਦ ਇਸ ਬਾਰ ਵਿਚ

ਅਕਸਰ ਆਉਂਦੀ ਜਾਂਦੀ ਰਹਿੰਦੀ ਸੀ। ਇਸ ਦੇ ਵਾਸਤੇ ਮੈਂ ਇਸ ਬਾਰ ਵਿਚ ਇਕ ਨਵਾਂ ਚਿਹਰਾ ਸਾਂ।

"ਨਹੀਂ ਦੂਸਰੀ ਵਾਰੀ" ਮੈਂ ਜੁਆਬ ਦਿਤਾ, "ਅੱਗੇ ਜਦੋਂ ਮੇਰੀ ਡਿਊਟੀ ਇੱਥੇ ਨੇੜੇ ਹੀ ਹੁੰਦੀ ਸੀ ਤਾਂ ਇਕ ਵਾਰੀ ਆਇਆ ਸੀ। ਹੁਣ ਮੇਰੀ ਡਿਊਟੀ ਇੱਥੋਂ ਬਦਲ ਗਈ ਹੈ, ਇਸ ਕਰਕੇ ਕਾਫ਼ੀ ਦੇਰ ਤੋਂ ਆ ਨਹੀਂ ਸਕਿਆ।" ਮੈਂ ਕੁਝ ਵਿਸਥਾਰ ਨਾਲ ਸਮਝਾਇਆ।

"ਤੁਸੀਂ ਲੋਕ ਜ਼ਿਆਦਾਤਰ ਇਕੱਲੇ ਹੀ ਬਾਰ ਵਿਚ ਜਾਂਦੇ ਹੋ, ਆਪਣੀ ਪਤਨੀ ਨੂੰ ਨਾਲ ਲੈ ਕੇ ਨਹੀਂ ਜਾਂਦੇ।" ਉਸਨੇ ਉਸੇ ਹੀ ਮੁਸਕਰਾਹਟ ਤੇ ਭੇਦਭਰੇ ਅੰਦਾਜ਼ ਨਾਲ ਮੈਨੂੰ ਸੁਣਾਇਆ।

ਮੈਂ ਇਕਦਮ ਫ਼ੈਸਲਾ ਨਾ ਕਰ ਸਕਿਆ ਕਿ 'ਤੁਸੀਂ ਲੋਕ ' ਤੋਂ ਉਸਦਾ ਭਾਵ ਹਿੰਦੁਸਤਾਨੀ ਲੋਕ ਹੈ ਜਾਂ 'ਬੱਸ ਡਰਾਈਵਰ ' ਕਿਉਂਕਿ ਮੇਰੀ ਸਮਝ ਮੁਤਾਬਿਕ ਇਹ ਗੱਲ ਘੱਟੋ ਘੱਟ ਇਸ ਬਾਰ ਵਿਚ ਇਨ੍ਹਾਂ ਦੋਹਾਂ ਕਿਸਮ ਦੇ ਬੰਦਿਆਂ ਤੇ ਢੁੱਕਦੀ ਸੀ। ਤੇ ਫਿਰ ਮੈਨੂੰ ਮਹਿਸੂਸ ਹੋਇਆ ਕਿ ਹੁਣ ਇਹ ਹਿੰਦੋਸਤਾਨੀ ਲੋਕਾਂ ਦੀਆਂ ਆਦਤਾਂ ਬਾਰੇ ਤਵਾ ਲਾਵੇ ਗੀ। ਇਸ ਸ਼ੁਰੂ ਹੋਣ ਵਾਲੀ ਬਹਿਸ ਦੇ ਖ਼ਿਆਲ ਨੇ ਮੈਨੂੰ ਚੌਕੰਨਾਂ ਕਰ ਦਿੱਤਾ। ਮੈਂ ਬੀਅਰ ਦਾ ਇਕ ਵੱਡਾ ਸਾਰਾ ਘੁੱਟ ਭਰਿਆ ਅਤੇ ਮਨ ਵਿਚ ਦਵਾ ਦਵ ਕੋਈ ਵਧੀਆ ਅਤੇ ਢੁੱਕਵਾਂ ਜਵਾਬ ਸੋਚਣ ਲੱਗਾ।

"ਮੇਰੀ ਪਤਨੀ ਸ਼ਰਾਬ ਪੀਂਦੀ ਨਹੀਂ। ਮੈਨੂੰ ਭੀ ਬਾਰ ਵਿਚ ਜਾਣ ਦਾ ਖ਼ਾਸ ਸ਼ੌਕ ਨਹੀਂ। ਹਾਂ, ਕਦੇ ਕਦਾਈਂ ਮੈਂ ਆਪਣੀ ਭੈਣ ਦੇ ਪ੍ਰਾਹੁਣੇ ਨਾਲ ਕਿਸੇ ਬਾਰ ਵਿਚ ਜਾ ਆਉਂਦਾ ਹਾਂ। ਉਹ ਭੀ ਦੋ ਤਿੰਨ ਮਹੀਨੇ ਬਾਦ।" ਮੈਂ ਆਪਣੇ ਵੱਲੋਂ ਦਲੀਲ ਨਾਲ ਜੁਆਬ ਦਿੱਤਾ।

ਮੈਨੂੰ ਆਸ ਸੀ ਕਿ ਹੁਣ ਉਹ ਕਹੇਗੀ ਕਿ ਤੁਸੀਂ ਲੋਕ ਆਪਣੀਆਂ ਪਤਨੀਆਂ ਅਤੇ ਭੈਣਾਂ ਨੂੰ ਘਰੀਂ ਡੱਕ ਰੱਖਦੇ ਹੋ ਅਤੇ ਆਪ ਬਾਹਰ ਮੌਜਾਂ ਕਰਦੇ ਹੋ। ਪਰ ਮੇਰੀ ਇਹ ਆਸ ਗਲਤ ਨਿਕਲੀ। ਆਪਣੀ ਡ੍ਰਿੰਕ ਦਾ ਅੱਧਾ ਬਚਦਾ ਗਲਾਸ ਉਹ ਬੁੱਲ੍ਹਾਂ ਨਾਲੋਂ ਹਟਾ ਕੇ, ਲੰਬਾ ਸਾਹ ਭਰ ਕੇ ਬੋਲੀ, "ਪਿਛਲੇ ਸਾਲ ਤਕ ਮੈਂ ਭੀ ਕਦੀ ਸ਼ਰਾਬ ਨਹੀਂ ਸੀ ਪੀਤੀ, ਪਰ ਮੇਰਾ ਪਤੀ ਹਮੇਸ਼ਾ ਮੈਨੂੰ ਆਪਣੇ ਨਾਲ ਲੈ ਕੇ ਹੀ ਬਾਰ ਵਿਚ ਜਾਂਦਾ ਹੁੰਦਾ ਸੀ।" ਇਸ ਵਾਰ ਮੈਨੂੰ ਉਸਦੇ ਅੰਗਰੇਜ਼ੀ ਬੋਲਣ ਦੇ ਲਹਿਜ਼ੇ ਤੋਂ ਪ੍ਰਤੀਤ ਹੋਇਆ ਕਿ ਭਾਵੇਂ ਅੰਗ੍ਰੇਜ਼ੀ ਇਹ ਬੜੀ ਅੱਛੀ ਤੇ ਸਾਫ਼ ਬੋਲਦੀ ਹੈ ਪਰ ਅੰਗ੍ਰੇਜ਼ੀ ਇਸਦੀ ਮਾਤ ਭਾਸ਼ਾ ਨਹੀਂ ਹੈ। ਸ਼ਾਇਦ ਫ਼ਰੈਂਚ ਹੋਵੇਗੀ, ਮੈਂ ਸੋਚਿਆ ਤੇ ਕੁਝ ਰਾਹਤ ਮਹਿਸੂਸ ਕੀਤੀ। ਕਿਉਂਕਿ ਕੈਨੇਡਾ ਦੇ ਫਰੈਂਚ ਲੋਕ, ਐਂਗਲੋ ਸੈਕਸੌਨ (ਇੰਗਲੈਂਡ ਤੋਂ ਆ ਕੇ ਵਸੇ ਕੈਨੇਡੀਅਨ ਲੋਕ) ਦੇ ਮੁਕਾਬਲੇ ਕੁਝ ਖੁਲ੍ਹੇ ਤੇ ਮਿਲਣਸਾਰ ਸੁਭਾਅ ਦੇ ਮਾਲਿਕ ਹੁੰਦੇ ਹਨ।

"ਮੇਰਾ ਨਾਮ ਅਮਨ ਹੈ।" ਮੈਂ ਗਲਬਾਤ ਅੱਗੇ ਤੋਰਨ ਦੇ ਖਿਆਲ ਨਾਲ ਕਿਹਾ ਤੇ ਆਪਣਾ ਹੱਥ ਮਿਲਾਉਣ ਲਈ ਅੱਗੇ ਕਰ ਦਿੱਤਾ। ਉਸਨੇ ਆਪਣੇ ਨਰਮ ਜਿਹੇ ਹੱਥ ਵਿਚ ਮੇਰਾ ਹੱਥ ਘੁੱਟਿਆ ਤੇ ਕਿਹਾ, "ਆਈ ਐਮ ਮਾਰਗਰੇਟ।" ਸ਼ਾਇਦ ਮੇਰੀ ਯੂਨੀਫ਼ਾਰਮ ਵਾਲੀ ਪੈਂਟ ਦੀ ਤਿੱਖੀ ਕਰੀਜ਼ ਦੇਖ ਕੇ ਉਸਨੇ ਮੁਸਕਰਾ ਕੇ ਮੈਨੂੰ ਪੁੱਛਿਆ, "ਕੀ ਤੂੰ ਪੁਲਿਸ



ਅਫ਼ਸਰ ਏਂ ?"

"ਨਹੀਂ, ਮੈਂ ਤਾਂ ਬੱਸ ਡਰਾਈਵਰ ਹਾਂ," ਮੈਂ ਕਿਹਾ।

"ਉ......ਹ ! ਮੇਰਾ ਪਤੀ ਭੀ ਬੱਸ ਡਰਾਈਵਰ ਸੀ।" ਉਸਨੇ ਸ਼ਬਦ 'ਉਹ' ਨੂੰ ਥੋੜ੍ਹਾ ਲਟਕਾ ਕੇ ਉਦਾਸੀ ਭਰੇ ਅੰਦਾਜ਼ ਨਾਲ ਕਿਹਾ। ਮੈਂ ਸੋਚਿਆ ਕਿ ਸ਼ਾਇਦ ਇਸਦਾ ਅਪਣੇ ਪਤੀ ਨਾਲ ਤਲਾਕ ਹੋ ਚੁੱਕਾ ਹੈ ।

" 'ਸੀ' ਦਾ ਕੀ ਮਤਲਬ ?" ਮੈਂ ਆਪਣੀ ਜਗਿਆਸਾ ਪੂਰੀ ਕਰਨ ਲਈ ਪੁੱਛਿਆ, "ਕੀ ਉਹ ਹੁਣ ਬੱਸ ਨਹੀਂ ਚਲਾਉਂਦਾ ?"

'ਨਹੀਂ, ਉਹ ਪਿਛਲੇ ਸਾਲ ਗੁਜ਼ਰ ਗਿਆ।' ਉਸਨੇ ਡੂੰਘੀ ਸੰਜੀਦਗੀ ਨਾਲ ਜੁਆਬ ਦਿੱਤਾ।

"ਓ.......ਅ ! ਆਈ ਐਮ ਸੌਰੀ !" ਮੈਂ ਭੀ ਸੰਜੀਦਗੀ ਨਾਲ ਕਿਹਾ।

ਉਹ ਸਾਹਮਣੀ ਕੰਧ ਵਲ ਟਿਕਟਿਕੀ ਲਗਾ ਕੇ ਦੇਖ ਰਹੀ ਸੀ। ਉਸਦੇ ਬੁਲ੍ਹਾਂ ਵਿਚੋਂ ਭੇਦਭਰੀ ਮੁਸਕਰਾਹਟ ਗਾਇਬ ਹੋ ਚੁਕੀ ਸੀ ਅਤੇ ਉਸਦੇ ਚਿਹਰੇ ਉਪਰ ਹਲਕੀਆਂ ਹਲਕੀਆਂ ਝੁਰੜੀਆਂ ਉਭਰ ਆਈਆਂ ਸਨ।

"ਮੇਰਾ ਪਤੀ ਮੈਨੂੰ ਬਹੁਤ ਪਿਆਰ ਕਰਦਾ ਸੀ।" ਉਸਨੇ ਉਸੇ ਸੰਜੀਦਗੀ ਨਾਲ ਕਿਹਾ।

ਫਿਰ ਕੁਝ ਦੇਰ ਚੁੱਪ ਰਹੀ ਤੇ ਮੈਂ ਭੀ ਕੁਝ ਕਹਿਣਾ ਮੁਨਾਸਿਬ ਨਾ ਸਮਝਿਆ। ਦੋ ਕੁ ਘੁਟ ਬੀਅਰ ਦੇ ਹੋਰ ਭਰੇ । ਫਿਰ ਮੈਂ ਹੀ ਚੁਪ ਤੋੜਨ ਬਾਰੇ ਪੁਛਿਆ, "ਤੇਰਾ ਪਤੀ ਕਿਹੜੇ ਰੂਟ ਤੇ ਬੱਸ ਚਲਾਉਂਦਾ ਹੁੰਦਾ ਸੀ?"

"ਉਹ ਵੈਨਕੂਵਰ ਤੋਂ ਵਿਕਟੋਰੀਆ ਨੂੰ ਬੱਸ ਚਲਾਉਂਦਾ ਹੁੰਦਾ ਸੀ।" ਉਸਨੇ ਜੁਆਬ ਦਿੱਤਾ।

"ਹਾਂ, ਲੋਕਲ ਡਰਾਇਵਿੰਗ ਦਾ ਇਹ ਤਾਂ ਫ਼ਾਇਦਾ ਹੈ ਕਿ ਤੁਹਾਡੀ ਸੋਸ਼ਲ ਅਤੇ ਫ਼ੈਮਿਲੀ ਲਾਇਫ਼ ਬਣੀ ਰਹਿੰਦੀ ਹੈ।" ਮੈਂ ਉਸਦੀ ਹਾਂ ਵਿਚ ਹਾਂ ਮਿਲਾਉਣ ਦੇ ਲਹਿਜ਼ੇ ਵਿਚ ਕਿਹਾ।

ਉਸਨੇ ਸਿਰਫ਼ ਸਿਰ ਹਿਲਾਇਆ, ਕੁਝ ਦੇਰ ਚੁਪ ਰਹੀ ਤੇ ਫਿਰ ਉਸਨੇ ਮੇਰੇ ਵੱਲ ਨਜ਼ਰ ਘੁਮਾ ਕੇ ਡੂੰਘਾ ਸਾਹ ਲੈਕੇ ਕਿਹਾ, "ਜੁਆਨ ਆਦਮੀ ਆਪਣੀਆਂ ਯੂਨੀਫ਼ਾਰਮਾਂ ਵਿਚ ਕਿਤਨੇ ਸਜਦੇ ਹਨ।"

ਮੇਰੇ ਵਾਸਤੇ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੋ ਰਿਹਾ ਸੀ ਕਿ ਉਸਨੇ ਇਹ

ਸ਼ਬਦ ਮੇਰੇ ਬਾਰੇ ਕਹੇ ਸਨ ਜਾਂ ਅਪਣੇ ਪਤੀ ਦੀ ਜੁਆਨੀ ਵੇਲੇ ਨੂੰ ਯਾਦ ਕਰਕੇ ਕਹੇ ਸਨ। ਇਸੇ ਸੋਚ ਵਿਚਾਰ ਵਿਚ ਫਸਿਆ ਸਾਂ ਕਿ ਜਦ ਉਸਨੇ ਫਿਰ ਲੰਬਾ ਸਾਹ ਲੈਕੇ ਕਿਹਾ, "ਮੇਰਾ ਭਰਾ ਭੀ ਬਿਲਕੁੱਲ ਤੇਰੇ ਵਾਂਗ ਲਗਦਾ ਸੀ। ਵਰਦੀ ਵਿਚ ਬਹੁਤ ਸਜਦਾ ਹੁੰਦਾ ਸੀ। ਜਹਾਜ਼ ਉਡਾਉਂਦਾ ਹੁੰਦਾ ਸੀ, ਦੂਸਰੇ ਮਹਾਂ ਯੁੱਧ ਵੇਲੇ ਘਰੋਂ ਵਰਦੀ ਪਾਕੇ ਗਿਆ ਹੀ ਮੁੜਕੇ ਵਾਪਿਸ ਨਹੀਂ ਆਇਆ।" ਮੈਂ ਦੇਖਿਆ ਕਿ ਉਸਦੀਆਂ ਨਜ਼ਰਾਂ ਹੁਣ ਫਿਰ ਸਾਹਮਣੀ ਕੰਧ ਤੇ ਟਿਕੀਆਂ ਹੋਈਆਂ ਸਨ। ਉਸਦੇ ਚਿਹਰੇ ਉਪਰ ਝੁਰੜੀਆਂ ਹੋਰ ਉਭਰ ਆਈਆਂ ਸਨ ਅਤੇ ਉਸਦੇ ਅੱਖਾਂ ਦੇ ਕੋਇਆਂ ਵਿਚ ਪਾਣੀ ਸਿੰਮ ਆਇਆ ਸੀ। ਹੁਣ ਉਸਦੇ ਅੰਗਰੇਜ਼ੀ ਬੋਲਣ ਦਾ ਲਹਿਜ਼ਾ ਪੂਰਬੀ ਯੂਰੋਪੀਅਨ ਪ੍ਰਤੀਤ ਹੋ ਰਿਹਾ ਸੀ। ਮੇਰੀ ਉਤਸੁਕਤਾ ਕੁਝ ਹੋਰ ਵਧੀ। "ਕੀ ਤੂੰ ਜਰਮਨ ਏਂ?" ਕੁਝ ਬੇਤਕੱਲਫ਼ੀ ਨਾਲ ਮੈਂ ਉਸਦੇ ਮੂੰਹੋਂ 'ਹਾਂ' ਸੁਣਨ ਦੀ ਆਸ ਨਾਲ ਪੁਛਿਆ।

"ਨਹੀਂ, ਮੇਰਾ ਜੰਮਣ ਪਲਣ ਰੂਸ ਵਿਚ ਹੋਇਆ ਸੀ।"

"ਪਰ ਮਾਰਗਰੈਟ ਤਾਂ ਸ਼ੁੱਧ ਅੰਗ੍ਰੇਜ਼ੀ ਨਾਮ ਹੈ ?" ਮੈਂ ਸੁਆਲੀਆ ਲਹਿਜ਼ੇ ਵਿਚ ਕਿਹਾ।

"ਹਾਂ, ਕੈਨੇਡਾ ਆਉਣ ਤੋਂ ਪਹਿਲਾਂ ਮੇਰਾ ਨਾਮ ਮਾਰਗਰੀਤਾ ਸੀ।" ਉਸਨੇ ਮੇਰੀ ਤਸੱਲੀ ਕਰਾਉਣ ਦੇ ਅੰਦਾਜ਼ ਨਾਲ ਕਿਹਾ।

"ਤੂੰ ਕਦੋਂ ਕੁ ਕੈਨੇਡਾ ਆਈ ਸੀ ?"

"ਦੂਸਰੇ ਮਹਾਂ ਯੁੱਧ ਵੇਲੇ ਮੇਰਾ ਬਾਪ ਭ੍ਰੀ ਸਾਥੋਂ ਵਿਛੜ ਗਿਆ ਤੇ ਮੇਰੀ ਮਾਂ ਕਿਸੇ ਤਰਾਂ ਰੁਲਦੀ ਖੁਲਦੀ ਮੈਨੂੰ ਗਿਆਰਾਂ ਸਾਲਾਂ ਦੀ ਨੂੰ ਲੈਕੇ ਇੱਥੇ ਆਈ ਸੀ।" ਉਸਨੇ ਆਪਣੇ ਗਿਲਾਸ ਵਿਚੋਂ ਇਕ ਹੋਰ ਡੂੰਘਾ ਘੁੱਟ ਭਰਿਆ, "ਮੇਰੀ ਮਾਂ ਨੇ ਮੈਨੂੰ ਬਹੁਤ ਪਿਆਰ ਕੀਤਾ, ਬਹੁਤ ਮੁਸ਼ਕਿਲਾਂ ਨਾਲ ਮੈਨੂੰ ਪਾਲਿਆ। ਮੈਂ ਭ੍ਰੀ ਉਸਨੂੰ ਬਹੁਤ ਪਿਆਰ ਕਰਦੀ ਸੀ। ਮੇਰੇ ਪਤੀ ਤੋਂ ਚਾਰ ਸਾਲ ਪਹਿਲਾਂ ਉਹ ਭੀ ਗੁਜ਼ਰ ਗਈ।"

ਮੈਨੂੰ ਲਗਾ ਕਿ ਥੋੜੇ ਸਮੇਂ ਦੇ ਫ਼ਰਕ ਨਾਲ ਉਸਦੀ ਪਿਆਰੀ ਮਾਂ ਤੇ ਪਿਆਰੇ ਪਤੀ ਦੀਆਂ ਮੌਤਾਂ ਨੇ ਉਸਨੂੰ ਡੂੰਘੀ ਉਦਾਸੀ ਵਲ ਧਕੇਲ ਦਿੱਤਾ ਹੈ। ਆਪਣੀ ਡ੍ਰਿੰਕ ਮੁਕਾ ਕੇ ਉਸਨੇ ਵੋਦਕਾ ਦੀ ਇਕ ਹੋਰ ਡ੍ਰਿੰਕ ਬਣਵਾਈ ਤੇ ਮੈਂ ਭੀ ਇਕ ਹੋਰ ਬੀਅਰ ਲੈ ਲਈ।

"ਤੇਰੇ ਪਤੀ ਦੀ ਮੌਤ ਕਿਸ ਤਰ੍ਹਾਂ ਹੋਈ ?" ਮੈਂ ਪੁਛਿਆ।

"ਕੈਂਸਰ" ਉਸਨੇ ਇਕ ਬਹੁਤ ਹੀ ਡੂੰਘਾ ਸਾਹ ਲਿਆ ਅਤੇ ਮੈਨੂੰ ਜਾਪਿਆ ਜਿਵੇ ਇਹ ਸਾਹ ਉਸਦੇ ਪਤੀ ਦੇ ਸਾਹ ਨਾਲ ਰਲਕੇ ਉਸਦੇ ਧੁਰ ਅੰਦਰ ਤਕ ਉਤਰ ਗਿਆ ਹੋਵੇ।

"ਤੁਹਾਡੀ ਕੋਈ ਸੰਤਾਨ ਹੈ ?" ਮੈਂ ਗੱਲਬਾਤ ਦਾ ਰੁਖ਼ ਮੋੜਨ ਦੇ ਖ਼ਿਆਲ ਨਾਲ ਪੁੱਛਿਆ।



"ਤਿੰਨ ਲੜਕੀਆਂ ਹਨ", ਉਸਨੇ ਖ਼ੁਸ਼ਕੀ ਜਿਹੀ ਨਾਲ ਜੁਆਬ ਦਿੱਤਾ। ਮੈਨੂੰ ਜਾਪਿਆ ਜਿਵੇਂ ਕੋਈ ਗਲਤ ਸੁਆਲ ਪੁਛ ਬੈਠਾ ਹੋਵਾਂ। "ਯੂ ਨੋਅ, ਅਸੀਂ ਆਪਣੀਆਂ ਬੇਟੀਆਂ ਬਹੁਤ ਪਿਆਰ ਨਾਲ ਪਾਲੀਆਂ ਸਨ। ਮੇਰਾ ਪਤੀ ਉਨ੍ਹਾਂ ਉਪਰ ਜਾਨ ਛਿੜਕਦਾ ਸੀ।" ਪਤੀ ਦਾ ਖ਼ਿਆਲ ਆਉਂਦੇ ਹੀ ਉਹ ਫਿਰ ਸਾਹਮਣੀ ਕੰਧ ਵਲ ਖਾਲੀ ਖਾਲੀ ਨਜ਼ਰਾਂ ਨਾਲ ਦੇਖਣ ਲਗ ਪਈ। "ਯੂ ਨੋਅ .....ਆਪਣੇ ਪਤੀ ਦੀ ਮੌਤ ਦੇ ਬਾਦ ਮੈਂ ਬਹੁਤ ਉਦਾਸ ਰਹੀ। ਇਕ ਦਿਨ ਅਪਣੇ ਘਰ ਦੇ ਲਾਅਨ ਵਿਚ ਤੁਰਦੀ ਫਿਰਦੀ ਮੈਂ ਆਪਣੇ ਨਾਲ ਦੇ ਗੁਆਢੀ ਬੁੱਢੇ ਨਾਲ ਆਪਣੇ ਪਤੀ ਬਾਰੇ ਗੱਲਾਂ ਕਰਨ ਲੱਗੀ। ਉਸਨੇ ਬੜੇ ਹੀ ਖੁਸ਼ਕ ਤਰੀਕੇ ਨਾਲ ਮੈਨੂੰ ਕਿਹਾ ਕਿ ਸਾਨੂੰ ਹੁਣ ਉਸਨੂੰ ਭੁੱਲ ਜਾਣਾ ਚਾਹੀਦਾ ਹੈ। ਉਸਦੀ ਗੱਲ ਨਹੀਂ ਕਰਨੀ ਚਾਹੀਦੀ।" ਫਿਰ ਕੁਝ ਦੇਰ ਰੁਕ ਕੇ ਬੋਲੀ, "ਤੂੰ ਦੱਸ ਕੋਈ ਇਤਨੀ ਜਲਦੀ ਕਿਵੇਂ ਕਿਸੇ ਨੂੰ ਭੁੱਲ ਸਕਦਾ ਹੈ ?"

"ਹਾਂ, ਇਸ ਲਈ ਕਾਫ਼ੀ ਵਕਤ ਲਗਦਾ ਹੈ", ਮੈਂ ਕਿਹਾ।

"ਇਕ ਦਿਨ ਇਸੇ ਬਾਰ ਵਿਚ ਮੈਨੂੰ ਇਕ ਆਦਮੀ ਮਿਲਿਆ। ਗੱਲਾਂ ਬਾਤਾਂ ਦੇ ਦੌਰਾਨ ਮੈਨੂੰ ਉਹ ਆਪਣਾ ਹਮਦਰਦ ਜਾਪਿਆ। ਪਰ....ਇਹ ਮੇਰਾ ਭਰਮ ਸੀ। ਉਹ ਤਾਂ ਸਿਰਫ਼ ਇਕ ਰਾਤ ਹੀ ਮੇਰੇ ਨਾਲ ਗੁਜ਼ਾਰਨੀ ਚਾਹੁੰਦਾ ਸੀ। ਮੈਂ ਬੜੀ ਮਾਯੂਸ ਹੋ ਗਈ। ਫਿਰ ਹਾਰ ਕੇ ਸਾਈਕੋਲੋਜਿਸਟ ਕੋਲ ਮੱਦਦ ਲੈਣ ਵਾਸਤੇ ਗਈ।"

"ਸਾਈਕੋਲੋਜਿਸਟ ਨੇ ਕੀ ਦੱਸਿਆ ?" ਮੈਂ ਕੁਝ ਉਤਸੁੱਕ ਹੋ ਕੇ ਪੁਛਿਆ।

"ਸੁਆਹ...ਯੂ ਨੋਅ ...ਇਹ ਸਾਈਕੋਲੋਜਿਸਟ, ਸਾਈਕੈਟਰਿਸਟ ਸੱਭ ਬਕਵਾਸ ਹਨ। ਸਿਰਫ਼ ਪੈਸਾ ਕਮਾਉਣ ਤੱਕ ਮਤਲਬ ਹੈ ਇਨ੍ਹਾਂ ਨੂੰ। ਜਦੋਂ ਭੀ ਕਿਸੇ ਨਾਲ ਅਪਣੇ ਪਤੀ ਬਾਰੇ ਗੱਲ ਕਰਦੀ ਹਾਂ ਤਾਂ ਅੱਗਿਉਂ ਕਹਿ ਦਿੰਦੇ ਹਨ ਕਿ ਹੁਣ ਮੈਨੂੰ ਉਸਨੂੰ ਯਾਦ ਨਹੀਂ ਕਰਨਾ ਚਾਹੀਦਾ। ਪਰ ...ਇਹ ਕਿਸ ਤਰ੍ਹਾਂ ਮੁਮਕਿਨ ਹੈ ?" ਉਸਦੀ ਆਵਾਜ਼ ਵਿਚੋਂ ਉਸਦੇ ਧੁਰ ਅੰਦਰ ਦੀ ਪੀੜ ਜ਼ਾਹਿਰ ਹੋ ਰਹੀ ਸੀ। ਉਸਦੀਆਂ ਅੱਖਾਂ ਦੇ ਕੋਇਆਂ ਵਿਚੋਂ ਹੋਰ ਪਾਣੀ ਸਿੰਮ ਆਇਆ ਸੀ। "ਆਹ .....ਇੱਥੇ ਦਾ ਸੱਭ ਕੁਝ ਤੁਹਾਨੂੰ ਕਿਤਨਾ ਖ਼ੁਦਗਰਜ਼ ਤੇ ਬੇਦਰਦ ਬਣ ਜਾਣ ਲਈ ਮਜ਼ਬੂਰ ਕਰਦਾ ਹੈ।"

ਸ਼ਾਇਦ ਉਸਦਾ ਇਸ਼ਾਰਾ ਸਿਸਟਮ ਵਲ ਸੀ।

"ਤੇਰੀਆਂ ਲੜਕੀਆਂ ਕਿੱਥੇ ਰਹਿੰਦੀਆਂ ਹਨ?" ਮੈਂ ਉਸਦਾ ਮਨ ਹੋਰ ਪਾਸੇ ਪਾਉਣ ਲਈ ਪੁਛਿਆ।

"ਆਪਣੇ ਆਪਣੇ ਘਰੀਂ ਹਨ, ਯੂ ਨੋਅ....ਮੇਰੇ ਪਤੀ ਨੇ ਮੈਨੂੰ ਸਾਰੀ ਉਮਰ ਕੰਮ ਨਹੀਂ ਕਰਨ ਦਿੱਤਾ ਤਾਂ ਕਿ ਬੱਚੀਆਂ ਦੀ ਪਰਵਰਿਸ਼ ਚੰਗੀ ਤਰ੍ਹਾਂ ਹੋ ਸਕੇ।" ਫਿਰ ਇਕ ਲੰਬਾ ਸਾਹ ਲੈ ਕੇ ਬੋਲੀ, "ਬੜੇ ਲਾਡ ਲਡਾਏ ਅਸੀਂ ਆਪਣੀਆਂ ਬੇਟੀਆਂ ਨੂੰ।"

"ਉਹ ਭੀ ਤੈਨੂੰ ਬਹੁਤ ਪਿਆਰ ਕਰਦੀਆਂ ਹੋਣਗੀਆਂ ?" ਮੈਂ ਆਪਣੀ ਤਸੱਲੀ

ਜਿਹੀ ਕਰਨ ਦੇ ਖਿਆਲ ਨਾਲ ਪੁੱਛਿਆ।

"ਹੂੰਹ".....ਉਸਨੇ ਬੜੇ ਵਿਅੰਗਾਤਮਕ ਅੰਦਾਜ਼ ਵਿਚ ਕਿਹਾ। ਫਿਰ ਡੂੰਘੇ ਸ਼ਿਕਾਇਤ ਭਰੇ ਲਹਿਜ਼ੇ ਵਿਚ ਬੋਲੀ, "ਯੂ ਨੋਅ....ਮੇਰਾ ਪਤੀ ਮਰਨ ਤੋਂ ਪਹਿਲਾਂ ਮਹੀਨਾ ਭਰ ਹਸਪਤਾਲ ਵਿੱਚ ਰਿਹਾ। ਇਨ੍ਹਾਂ ਤਿੰਨਾਂ ਵਿੱਚੋਂ ਇਕ ਵੀ ਉਸਨੂੰ ਹਸਪਤਾਲ ਦੇਖਣ ਨਹੀਂ ਗਈ। ਦੇਖਣ ਤਾਂ ਕੀ ਜਾਣਾ ਸੀ ਕਦੇ ਮੈਨੂੰ ਭੀ ਇਤਨਾ ਨਹੀਂ ਪੁਛਿਆ ਕਿ ਤੈਨੂੰ ਹਸਪਤਾਲ ਜਾਣ ਲਈ ਕਾਰ ਵਿਚ ਰਾਈਡ ਦੀ ਜ਼ਰੂਰਤ ਤਾਂ ਨਹੀਂ । ਤਿੰਨਾਂ ਕੋਲ ਆਪਣੀਆਂ ਆਪਣੀਆਂ ਕਾਰਾਂ ਹਨ। ਮੈਂ ਰੋਜ਼ ਚਾਰ ਬੱਸਾਂ ਬਦਲ ਕੇ ਬੜੀ ਮੁਸ਼ਕਿਲ ਨਾਲ ਉਸਨੂੰ ਮਿਲਣ ਲਈ ਹਸਪਤਾਲ ਪਹੁੰਚਦੀ ਰਹੀ।"

ਫਿਰ ਕੁਝ ਦੇਰ ਚੁੱਪ ਰਹਿਕੇ ਉਸੇ ਲਹਿਜ਼ੇ ਵਿਚ ਬੋਲੀ, "ਤੇ ਇਕ ਦਿਨ.......ਐਤਵਾਰ ਸੀ ਉਸ ਦਿਨ........ਮੈਂ ਆਪਣੇ ਪਤੀ ਨੂੰ ਮਿਲਕੇ ਵਾਪਿਸ ਆਉਂਦੀ ਥੋੜ੍ਹਾ ਜਿਹਾ ਰਾਸ਼ਨ ਖਰੀਦਣ ਲਈ ਰਾਹ ਵਿਚ ਉਤਰ ਗਈ। ਮੇਰੇ ਪਤੀ ਦੀ ਹਾਲਤ ਉਸ ਦਿਨ ਜ਼ਿਆਦਾ ਖਰਾਬ ਸੀ। ਘਰ ਵਾਪਿਸ ਆਕੇ ਜਦੋਂ ਮੈਂ ਘਰ ਦਾਖ਼ਿਲ ਹੋਣ ਲਈ ਦਰਵਾਜ਼ੇ ਦਾ ਜਿੰਦਰਾ ਖੋਲ੍ਹਣ ਲੱਗੀ ਤਾਂ ਮੈਂ ਦੇਖਿਆ ਕਿ ਮੇਰੀ ਵਿਚਕਾਰਲੀ ਲੜਕੀ 'ਕੈਰਨ' ਦੀ ਕਾਰ ਸਾਡੇ ਘਰ ਦੇ ਸਾਹਮਣੇ ਖੜੀ ਹੈ ਅਤੇ ਉਸਦਾ ਇੰਜਣ ਚਲ ਰਿਹਾ ਹੈ। ਅਜੇ ਮੈਂ ਕਾਰ ਵੱਲ ਦੇਖਦੀ ਹੀ ਸੀ ਕਿ 'ਕੈਰਨ' ਸਾਡੇ ਘਰ ਦੇ ਪਿਛਲੇ ਪਾਸੇ ਵਲੋਂ ਟੱਪਦੀ ਜਿਹੀ ਆਈ ਤੇ ਮੈਨੂੰ ਕਹਿਣ ਲੱਗੀ, 'ਤੂੰ ਕਿਧਰ ਨੂੰ ਚਲੇ ਗਈ ਸੀ, ਮੈਂ ਸਾਰੇ ਪਾਸੇ ਤੇਰੇ ਘਰ ਦੇ ਦਰਵਜੇ ਖੜਕਾਉਂਦੀ ਫਿਰਦੀ ਹਾਂ, ਅਸੀਂ ਬਾਰਬਿਕਊ ਪਾਰਟੀ ਤੇ ਜਾਣਾ ਹੈ ਅੱਗੇ ਲੇਟ ਹੋਈ ਜਾਂਦੇ ਹਾਂ।' ਮੈਂ ਉਸਨੂੰ ਪੁੱਛਿਆ, "ਕੀ ਗੱਲ ਹੈ, ਅੱਜ ਤੂੰ ਕਿਧਰੋਂ ਮੈਨੂੰ ਮਿਲਣ ਵਾਸਤੇ ਆ ਗਈ?' ਉਹ ਲਾਪਰਵਾਹੀ ਜਿਹੀ ਨਾਲ ਬੋਲੀ, 'ਅਸੀਂ ਤਾਂ ਪਾਰਟੀ ਤੇ ਚੱਲੇ ਸੀ, ਜਦ ਨੂੰ ਹਸਪਤਾਲੋਂ ਡਾਕਟਰ ਦਾ ਫ਼ੋਨ ਆ ਗਿਆ। ਡੈਡੀ ਮਰ ਗਿਆ। ਮੈ ਸੋਚਿਆ, ਜਾਂਦੀ ਜਾਂਦੀ ਤੈਨੂੰ ਦੱਸ ਜਾਵਾਂ।' ਇਹ ਕਹਿਕੇ ਉਹ ਕਾਹਲੀ ਨਾਲ ਆਪਣੀ ਕਾਰ ਵਿਚ ਜਾ ਬੈਠੀ ਤੇ ਘੁਰਰਰ ਕਰਦੀ ਉਸਦੀ ਕਾਰ ਮੇਰੀਆਂ ਨਜ਼ਰਾਂ ਤੋਂ ਉਹਲੇ ਹੋ ਗਈ। ਮੈਂ ਉਸਦੀ ਕਾਰ ਦੇ ਧੂੰਏ ਵੱਲ ਹੀ ਖੜੀ ਦੇਖਦੀ ਰਹਿ ਗਈ। "

ਮੈਂ ਦੇਖਿਆ ਕਿ ਉਸਦੀ ਮੁਸਕਰਾਹਟ ਬਹੁਤ ਅਰਥਪੂਰਣ ਹੋ ਗਈ ਸੀ ਤੇ ਉਸਦੀਆਂ ਅੱਖਾਂ ਵਿਚੋਂ ਹੰਝੂ ਵਗੀ ਜਾ ਰਹੇ ਸਨ। ਉਹ ਲਗਾਤਾਰ ਸਾਹਮਣੀ ਕੰਧ ਵੱਲ ਦੇਖੀ ਜਾ ਰਹੀ ਸੀ ਜਿਵੇਂ ਕਿ 'ਕੈਰਨ' ਦੀ ਕਾਰ ਘੁਰਰਰ ਕਰਕੇ ਉਧਰ ਨੂੰ ਗਈ ਹੋਵੇ ਤੇ ਉਸਦੀ ਕਾਰ ਦੇ ਧੂੰਏ ਦੇ ਨਾਲ ਨਾਲ ਉਸ ਵਲੋਂ ਆਪਣੀਆਂ ਬੱਚੀਆਂ ਨੂੰ ਲੜਾਏ ਲਾਡ ਪਿਆਰ ਭੀ ਉਡਦੇ ਜਾਂਦੇ ਹੋਣ ।

(ਜੁਲਾਈ 1990)



# ਲਾਟਰੀ

"ਸਾਰੀ ਉਮਰ ਸਹੁਰੀ ਸਟੀਰਿੰਗ ਘੁਮਾਉਂਦੇ ਤੇ ਸੜਕਾਂ ਨਾਪਦੇ ਦੀ ਹੀ ਲੰਘ ਜਾਣੀ ਹੈ ", ਸੋਚਦਿਆਂ ਅਵਤਾਰ ਨੇ ਟੈਕਸੀ ਫਿਰ ਏਅਰ ਪੋਰਟ ਵੱਲ ਜਾਣ ਵਾਲੀ ਸੜਕ ਵੱਲ ਮੋੜ ਦਿੱਤੀ । ਅਜੇ ਹੁਣੇ ਹੀ ਏਅਰ ਪੋਰਟ ਤੋਂ ਚੁੱਕੀ ਸੁਆਰੀ ਉਤਾਰ ਕੇ ਵਿਹਲਾ ਹੋਇਆ ਸੀ। ਮੀਂਹ ਥੋੜ੍ਹਾ ਤੇਜ਼ ਹੋ ਗਿਆ ਅਤੇ ਉਸਨੇ ਵਾਈਪਰਾਂ ਦੀ ਸਪੀਡ ਵਧਾ ਦਿੱਤੀ । ਕੁੱਝ ਦੂਰ ਜਾ ਕੇ ਅਚਾਨਕ ਸੜਕ ਦੇ ਕੰਢੇ ਖੜੀ ਇਕ ਕਾਰ ਦੇ ਕੋਲ ਕੋਈ ਜ਼ੋਰ ਜ਼ੋਰ ਨਾਲ ਹੱਥ ਹਿਲਾਉਂਦਾ ਦਿਸਿਆ। ਅਵਤਾਰ ਨੇ ਕੋਲ ਜਾ ਕੇ ਟੈਕਸੀ ਰੋਕ ਦਿੱਤੀ। ਇੱਕ ਤੀਹ ਪੈਂਤੀ ਕੁ ਸਾਲ ਦਾ ਤਕੜਾ ਜਿਹਾ ਗੋਰਾ ਉਸਦੇ ਪਾਸੇ ਵਾਲੀ ਤਾਕੀ ਵਲ ਆਇਆ ਤੇ ਮੀਂਹ ਤੋਂ ਬਚਣ ਲਈ ਸਿਰ ਥੋੜ੍ਹਾ ਜਿਹਾ ਤਾਕੀ ਦੇ ਅੰਦਰ ਕਰਕੇ ਬੋਲਿਆ, " ਕੁਡ ਯੂ ਟੇਕ ਮੀ ਟੂ ਦਾ ਏਅਰ ਪੋਰਟ ਪਲੀਜ਼ ?"

" ਜ਼ਰੂਰ " ਕਹਿਕੇ ਅਵਤਾਰ ਨੇ ਟੈਕਸੀ ਦੀ ਪਿਛਲੀ ਸੀਟ ਵੱਲ ਇਸ਼ਾਰਾ ਕਰ ਦਿੱਤਾ। "ਮੈ ਜ਼ਰਾ ਆਪਣੀ ਕਾਰ ਵਿੱਚੋਂ ਆਪਣਾ ਸੂਟਕੇਸ ਕੱਢ ਲਵਾਂ " ਕਹਿਕੇ ਗੋਰਾ ਆਪਣੀ ਖੜੀ ਕਾਰ ਵੱਲ ਨੂੰ ਗਿਆ ਤੇ ਅਵਤਾਰ ਨੂੰ ਇਸ ਵਾਰ ਉਸਦੇ ਮੂੰਹ ਵਿੱਚੋਂ ਹਲਕੀ ਜਿਹੀ ਸ਼ਰਾਬ ਦੀ ਗੰਧ ਆਈ। ਉਹ ਭੀ ਆਪਣੀ ਟੈਕਸੀ ਵਿੱਚੋਂ ਬਾਹਰ ਆ ਗਿਆ ਤਾਂ ਕਿ ਟੈਕਸੀ ਦਾ ਟਰੰਕ ਖੁਲਵਾ ਕੇ ਸੂਟਕੇਸ ਵਿਚ ਰਖਵਾ ਲਵੇ ਬਾਹਰ ਨਿਕਲਕੇ ਉਸਨੇ ਦੇਖਿਆ ਕਿ ਗੋਰੇ ਦੀ ਥੋੜੀ ਜਿਹੀ ਪੁਰਾਣੀ ਕਾਰ ਜੋ ਕਿ ਲਾਇਸੈਂਸ ਪਲੇਟ ਤੋਂ ਅਮਰੀਕਾ ਤੋਂ ਆਈ ਪ੍ਰਤੀਤ ਹੁੰਦੀ ਸੀ, ਦਾ ਖੱਬੇ ਪਾਸੇ ਵਾਲਾ ਪਿਛਲਾ ਪਹੀਆ ਪੰਕਚਰ ਹੋਇਆ ਪਿਆ ਹੈ ਤੇ ਉਸਦੇ ਕੋਲ ਹੀ ਇੱਕ ਸਪੇਅਰ ਪਹੀਆ ਭੀ ਪਿਆ ਹੈ । "ਇਸ ਸਾਲੇ ਵਿਚ ਭੀ ਹਵਾ ਨਹੀਂ ਹੈ," ਕੁਝ ਖਿਝ ਕੇ ਬੇਪ੍ਰਵਾਹੀ ਜਿਹੀ ਨਾਲ ਸਪੇਅਰ ਪਹੀਏ ਨੂੰ ਆਪਣੀ ਕਾਰ ਦੇ ਟਰੰਕ ਵਿਚ ਸਿਟਦੇ ਹੋਏ ਗੋਰੇ ਨੇ ਕਿਹਾ ਅਤੇ ਆਪਣਾ ਛੋਟਾ ਜਿਹਾ ਸੂਟ ਕੇਸ ਹੱਥ ਵਿਚ ਹੀ ਫੜੀ ਟੈਕਸੀ ਦੀ ਪਿਛਲੀ ਸੀਟ ਉਪਰ ਬਹਿ ਗਿਆ। "ਲਿਆਉ ਮੈਂ ਇਸਨੂੰ ਪਿੱਛੇ ਟਰੰਕ ਵਿਚ ਰਖ ਦਿੰਦਾ ਹਾਂ ." ਅਵਤਾਰ ਨੇ ਉਸਦੇ ਸੂਟ ਕੇਸ ਵੱਲ ਇਸ਼ਾਰਾ ਕਰ ਕੇ ਕਿਹਾ।

"ਨਹੀਂ, ਇੱਟ ਇਜ਼ ਓ.ਕੇ." ਤੇ ਉਸਨੇ ਖਿੱਚ ਖੁੱਚ ਕੇ ਸੂਟਕੇਸ ਆਪਣੇ ਨਾਲ ਹੀ ਪਿਛਲੀ ਸੀਟ ਉਪਰ ਰੱਖ ਲਿਆ।

"ਮਾਰ ਲਿਆ ਮੀਂਹ ਨੇ," ਹੱਥਾਂ ਨੂੰ ਇੱਕ ਦੂਸਰੇ ਨਾਲ ਰਗੜਦੇ ਹੋਏ ਉਸਨੇ ਕਿਹਾ, "ਗਾਡ ਡੈਮ ਕਾਰ ਨੇ ਭੀ ਐਡੀ ਵਾਟ ਸਿਆਟਲ ਤੋਂ ਆਕੇ ਇੱਥੇ ਹੀ ਪੰਕਚਰ ਹੋਣਾ ਸੀ, " ਉਸਨੇ ਖੱਬੇ ਹੱਥ ਨਾਲ ਵਾਲਾਂ ਵਿਚੋਂ ਪਾਣੀ ਝਾੜਿਆ ਅਤੇ ਸੱਜੇ ਹੱਥ ਨਾਲ ਸੂਟ ਕੇਸ ਨੂੰ ਸਿੱਧਾ ਕਰਕੇ ਆਪਣੇ ਹੋਰ ਨੇੜੇ ਖਿੱਚ ਲਿਆ।

"ਮੇਰਾ ਖਿਆਲ ਤੁਸੀਂ ਤੁਰਨ ਤੋਂ ਪਹਿਲਾਂ ਸਪੇਅਰ ਟਾਇਰ ਦੀ ਹਵਾ ਨਹੀਂ ਚੈੱਕ ਕੀਤੀ ਹੋਣੀ," ਅਵਤਾਰ ਨੇ ਉਸਦੀ ਪ੍ਰੇਸ਼ਾਨੀ ਸਮਝਦੇ ਹੋਏ ਨੇ ਆਪਣਾ ਵਿਚਾਰ ਪ੍ਰਗਟ ਕੀਤਾ।

"ਮੇਰੇ ਕੋਲ ਗਾਡ ਡੈਮ ਟਾਇਮ ਹੀ ਕਿੱਥੇ ਸੀ ਫੱਕਿਨ ਹਵਾ ਹੂਵਾ ਚੈੱਕ ਕਰਨ ਦਾ। ਮੈਨੂੰ ਤਾਂ ਇੱਕ ਦਮ ਖੜੇ ਪੈਰ ਹੀ ਤੁਰਨਾ ਪਿਆ।" ਉਹ ਅਜੇ ਭੀ ਕੁਝ ਨਾਰਾਜ਼ ਪ੍ਰਤੀਤ ਹੁੰਦਾ ਸੀ ਜਾਂ ਸ਼ਾਇਦ ਉਸਦਾ ਗੱਲ ਕਰਨ ਦਾ ਢੰਗ ਹੀ ਐਸਾ ਸੀ। ਫਿਰ ਉਸਨੇ ਹੌਲੀ ਜਿਹੀ ਆਪਣਾ ਸੂਟਕੇਸ ਖੁਲ੍ਹਿਆ ਤੇ। ਉਸ ਵਿਚੋਂ ਪੌਣੀ ਕੁ ਬਚਦੀ ਬੋਤਲ ਵਿੱਚੋਂ ਅੱਖ ਬਚਾ ਕੇ ਵੱਡਾ ਸਾਰਾ ਘੁੱਟ ਭਰ ਲਿਆ। ਫਿਰ ਝੁਣਝੁਣੀ ਜਿਹੀ ਲੈਕੇ ਮੂੰਹ ਹੋਰ ਹੀ ਤਰ੍ਹਾਂ ਦਾ ਬਣਾਉਂਦੇ ਹੋਏ ਨੇ ਬੋਤਲ ਸੂਟਕੇਸ ਵਿਚ ਰਖ ਕੇ ਉਹ ਮੁੜ ਬੰਦ ਕਰ ਦਿੱਤਾ। ਅਵਤਾਰ ਨੇ ਭੀ ਚੋਰ ਅੱਖ ਨਾਲ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿੱਚੋਂ ਉਸਨੂੰ ਦੇਖ ਲਿਆ ਪਰ ਜ਼ਾਹਿਰ ਨਹੀਂ ਹੋਣ ਦਿਤਾ। 'ਤਦੇ ਸਾਲਾ ਸੂਟਕੇਸ ਪਿੱਛੇ ਟਰੰਕ ਵਿਚ ਨਹੀ ਸੀ ਰੱਖਣ ਦਿੰਦਾ' ਸੋਚਕੇ ਉਹ ਮਨ ਵਿਚ ਮੁਸਕਰਾਇਆ ਤੇ ਉਸਨੇ ਮੁੜ ਚੋਰ ਅੱਖ ਨਾਲ ਸ਼ੀਸ਼ੇ ਵਿਚ ਦੇਖਿਆ ਤਾਂ ਗੋਰਾ ਹੁਣ ਮੂੰਹ ਦਾ ਸੁਆਦ ਠੀਕ ਕਰਨ ਲਈ ਖੰਗੂਰਾ ਜਿਹਾ ਮਾਰਕੇ ਚੂਇੰਗ ਗਮ ਚਿੱਥ ਰਿਹਾ ਸੀ।

"ਕਿੱਧਰ ਨੂੰ ਫਲਾਈ ਕਰ ਰਹੇ ਹੋ ?" ਅਵਤਾਰ ਨੇ ਆਦਤਾਨਾ ਪੁੱਛ ਲਿਆ।

"ਮੌਂਟਰੀਆਲ ਜਾਣਾ ਹੈ, ਏਅਰ ਕੈਨੇਡਾ।" ਉਸਨੇ ਕੋਟ ਦੀ ਅੰਦਰਲੀ ਜੇਬ ਵਿੱਚੋਂ ਇਕ ਕਾਗਜ਼ ਜਿਹਾ ਕੱਢ ਕੇ ਪੜ੍ਹਦੇ ਹੋਏ ਨੇ ਕਿਹਾ। ਫਿਰ ਕਾਗਜ਼ ਦੁਬਾਰਾ ਤਹਿ ਕਰਕੇ ਜੇਬ ਵਿਚ ਰੱਖਦਾ ਹੋਇਆ ਬੋਲਿਆ, " ਪੂਰੇ ਅੱਠ ਵਜੇ ਹੈ ਫ਼ਲਾਈਟ....... ਪਹੁੰਚਾ ਦੇਵੇਂਗਾ ਟਾਇਮ ਸਿਰ ਕਿ ਨਹੀਂ " ਪਿਛਲੀ ਗੱਲ ਉਸਨੇ ਜ਼ਰਾ ਹਾਸ ਮਈ ਤਰੀਕੇ ਨਾਲ ਕਹੀ।

"ਓਹ ਸ਼ੁਅਰ ." ਕਹਿਕੇ ਅਵਤਾਰ ਨੇ ਜ਼ਰਾ ਐਕਸੀਲੇਟਰ ਉਪਰ ਪੈਰ ਦਾ ਦਬਾਅ ਵਧਾ ਦਿੱਤਾ, "ਅਜੇ ਤਾਂ ਤਕਰੀਬਨ ਪੌਣਾ ਘੰਟਾ ਹੈ ਫ਼ਲਾਈਟ ਵਿਚ, " ਉਸਨੇ ਘੜੀ ਦੇਖਦੇ ਹੋਏ ਨੇ ਕਿਹਾ।

"ਜਦੋਂ ਮੇਰੀ ਸਟੂਪਿਡ ਕਾਰ ਪੰਕਚਰ ਹੋਈ ਤੇ ਸਪੇਅਰ ਟਾਇਰ ਭੀ ਫੋਕਾ ਹੀ ਨਿਕਲਿਆ ਤਾਂ ਮੈਂ ਸਮਝਿਆ ਕਿ ਅੱਜ ਨਹੀਂ ਗਾਡ ਡੈਮ ਫਲਾਈਟ ਫੜ ਹੁੰਦੀ। ਮੈਂ ਐਵੇ ਬੇਵਕੂਫ਼ਾਂ ਵਾਂਗ ਸਿਆਟਲ ਤੋਂ ਵੈਨਕੂਵਰ ਨੂੰ ਗੱਡੀ ਭਜਾਈ ਆਇਆ। ਇੱਥੇ ਨੇੜੇ ਤੇੜੇ ਕਿਧਰੇ ਫ਼ੋਨ ਭੀ ਨਹੀਂ ਦਿਸਿਆ....ਪਰ ਚੰਗਾ ਹੋਇਆ ਤੂੰ ਐਨ ਵਕਤ ਸਿਰ ਇਧਰ ਦੀ ਲੰਘ ਪਿਆ। "

"ਹਾਂ ਜੀ, ਐਸ ਵੇਲੇ ਖਾਲੀ ਟੈਕਸੀ ਇਧਰੋਂ ਦੀ ਘੱਟ ਵੱਧ ਹੀ ਲੰਘਦੀ ਹੈ। ਮੈਂ ਭੀ ਸਾਢੇ ਚਾਰ ਵਜੇ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਤੇ ਅਜੇ ਤੱਕ ਸਿਰਫ਼ ਇਕ ਹੀ ਛੋਟਾ ਜਿਹਾ ਟਰਿੱਪ ਲੱਗਾ ਐਧਰ ਰਿਚਮੰਡ ਦਾ।"

"ਆਈ ਗੈੱਸ, ਪੰਦਰਾਂ ਵੀਹ ਕੁ ਮਿੰਟ ਹੋਰ ਲੱਗਣਗੇ ਏਅਰਪੋਰਟ ਤੱਕ ਪਹੁੰਚਣ ਲਈ .......ਕਿ ਨਹੀਂ ? "

"ਹਾਂ ਜੀ, ਇਤਨੇ ਕੁ ਹੀ ਲੱਗਣਗੇ ਪਰ ਜੇਕਰ ਕਿਧਰੇ ਟ੍ਰੈਫ਼ਿਕ ਜਾਮ ਨਾ ਹੋਇਆ ਤਾਂ।" ਅਵਤਾਰ ਨੇ ਜੁਆਬ ਦਿੱਤਾ। ਭਾਵੇਂ ਕੱਪੜਿਆਂ, ਆਦਤਾਂ ਜਾਂ ਗੱਲਬਾਤ ਤੋਂ ਉਹ



ਬਿਜ਼ਨਿਸ ਮੈਨ ਨਹੀਂ ਸੀ ਲਗਦਾ ਪਰ ਫਿਰ ਭੀ ਉਸਨੇ ਆਦਤਨ ਪੁਛ ਲਿਆ, " ਮੌਂਟਰੀਆਲ ਕਿਸੇ ਬਿਜ਼ਨਿਸ ਟ੍ਰਿੱਪ ਉਪਰ ਜਾ ਰਹੇ ਹੋ ? "

"ਹਾਂਅਅਅ .........ਬਿਜ਼ਨਿਸ ....ਪਰਸੋਂ ਚੌਥ ਮੇਰਾ ਬਾਪ ਮਰ ਗਿਆ ਸੀ ........ ਕੱਲ ਨੂੰ ਉਸਦਾ ਫਿਊਨਰਲ ਹੈ, ਇਸ ਕਰਕੇ ਜਾਣਾ ਪੈ ਰਿਹਾ ਹੈ।" ਉਸਨੇ ਇਵੇਂ ਕਿਹਾ ਜਿਵੇ ਬਾਪ ਦਾ ਅੰਤਮ ਸੰਸਕਾਰ ਨਹੀਂ ਸਗੋਂ ਕਿਸੇ ਜੌਬ ਇੰਟਰਵਿਊ ਤੇ ਜਾਣ ਦੀ ਮਜਬੂਰੀ ਦੱਸ ਰਿਹਾ ਹੋਵੇ।

"ਓਹ ..... ਮੈਨੂੰ ਬੜਾ ਅਫ਼ਸੋਸ ਹੈ ਇਹ ਸੁਣਕੇ .....ਪਰ ਕੀ ਤੁਹਾਨੂੰ ਉਸਦੀ ਮੌਤ ਦਾ ਅੱਜ ਹੀ ਪਤਾ ਲੱਗਾ ਹੈ ?" ਅਵਤਾਰ ਬੋਲਿਆ।

"ਨਹੀਂ ਨਹੀਂ, ਮੈਨੂੰ ਤਾਂ ਚੌਥ ਹੀ ਉਸਦੇ ਡਾਕਟਰ ਦਾ ਫ਼ੋਨ ਆ ਗਿਆ ਸੀ।" ਉਸਨੇ ਭਾਵ ਰਹਿਤ ਜਿਹੇ ਤਰੀਕੇ ਨਾਲ ਕਿਹਾ।

ਕੁਝ ਕੁ ਦੇਰ ਚੁੱਪ ਰਹਿਣ ਤੋਂ ਬਾਦ ਅਵਤਾਰ ਫਿਰ ਪੁੱਛ ਬੈਠਾ, " ਤੇ ਤੁਹਾਨੂੰ ਚੌਥ ਤੋਂ ਲੈ ਕੇ ਅੱਜ ਸ਼ਾਮ ਤੱਕ ਵੈਨਕੂਵਰ ਜਾਂ ਸਿਆਟਲ ਤੋਂ ਮੌਂਟਰੀਆਲ ਜਾਣ ਲਈ ਕੋਈ ਫ਼ਲਾਈਟ ਹੀ ਨਹੀਂ ਮਿਲੀ?"

"ਮੈਂ ਕੋਸ਼ਿਸ਼ ਹੀ ਨਹੀ ਕੀਤੀ। ......ਦਰਅਸਲ ਮੇਰਾ ਕੋਈ ਵਿਚਾਰ ਹੀ ਨਹੀਂ ਸੀ ਫਿਊਨਰਲ ਤੇ ਪਹੁੰਚਣ ਦਾ। ....ਅਜੇ ਪਿਛਲੇ ਸਾਲ ਹੀ ਤਾਂ ਮੈਂ ਉਸਨੂੰ ਮਿਲਕੇ ਆਇਆ ਸੀ।" ਉਸਨੇ ਤਾਕੀ ਦਾ ਸ਼ੀਸ਼ਾ ਥੱਲੇ ਨੂੰ ਕਰਕੇ ਸਿਗਰਟ ਦਾ ਲੰਬਾ ਸਾਰਾ ਧੂੰਆਂ ਬਾਹਰ ਨੂੰ ਛੱਡਦੇ ਹੋਏ ਨੇ ਕਿਹਾ। ਅਚਾਨਕ ਮੀਂਹ ਹੋਰ ਜ਼ੋਰ ਨਾਲ ਵਰ੍ਹਨ ਲਗ ਪਿਆ ਤੇ ਤੇਜ਼ ਹਵਾ ਦੇ ਬੁਲ੍ਹੇ ਨਾਲ ਕਾਫ਼ੀ ਸਾਰੀ ਵਾਛੜ ਖੁੱਲੇ ਸ਼ੀਸ਼ੇ ਰਾਹੀਂ ਟੈਕਸੀ ਦੇ ਅੰਦਰ ਆ ਗਈ ਤੇ ਉਸਦੇ ਕੱਪੜੇ ਹੋਰ ਭਿੱਜ ਗਏ। ਉਸਨੇ ਦਵਾ ਦਵ ਇੱਕ ਲੰਬਾ ਕਸ਼ ਖਿੱਚਕੇ ਮੂੰਹ ਵਿੱਚੋਂ ਸਿਗਰਟ ਬਾਹਰ ਸਿੱਟ ਦਿੱਤੀ ਤੇ ਤਾਕੀ ਦਾ ਸ਼ੀਸ਼ਾ ਉਪਰ ਨੂੰ ਚਾੜ੍ਹਦਾ ਅਤੇ ਦੂਸਰੇ ਹੱਥ ਨਾਲ ਮੂੰਹ ਤੋਂ ਪਾਣੀ ਪੂੰਝਦਾ ਹੋਇਆ ਬੋਲਿਆ, " ਓਅ ਸ਼ਿਅਅਟ ...ਬੁੜ੍ਹੇ ਨੇ ਭੀ ਹੁਣੇ ਈ ਮਰਨਾ ਸੀ। ਪਿਛਲੇ ਸਾਲ ਸੱਮਰ ਵਿਚ ਜਦੋਂ ਮੈਂ ਤਿੰਨ ਦਿਨ ਉਸਦੇ ਕੋਲ ਰਿਹਾ ਤਾਂ ਚੰਗਾ ਭਲਾ ਸੀ ਉਹ।" ਉਸਨੇ ਕੁਝ ਇਵੇਂ ਕਿਹਾ ਜਿਵੇਂ ਕਹਿਣਾ ਚਾਹੁੰਦਾ ਹੋਵੇ ਕਿ ਜੇਕਰ ਬੁੜੇ ਨੇ ਮਰਨਾ ਹੀ ਸੀ ਤਾਂ ਮੇਰੇ ਉਥੇ ਹੁੰਦੇ ਹੁੰਦੇ ਮਰ ਜਾਂਦਾ, ਮੈਨੂੰ ਹੁਣ ਫ਼ਾਲਤੂ ਗੇੜਾ ਤਾਂ ਨਾ ਮਾਰਨਾ ਪੈਂਦਾ। ਫਿਰ ਜਿਵੇਂ ਆਪਣੇ ਆਪ ਨਾਲ ਗੱਲ ਕਰਦਾ ਹੋਇਆ ਬੋਲਿਆ, " ਮਰਨਾ ਹੀ ਸੀ ਉਸਨੇ, ਪਿਛਲੇ ਸਾਲ ਜਦੋਂ ਦਾ ਰਿਟਾਇਰ ਹੋਇਆ ਤਾਂ ਘਰੋਂ ਬਾਹਰ ਨਿਕਲਦਾ ਹੀ ਨਹੀ ਸੀਂ, ਸਾਰਾ ਦਿਨ ਕਿਤਾਬਾਂ ਅਖਬਾਰਾਂ ਹੀ ਪੜ੍ਹਦਾ ਰਹਿੰਦਾ ਸੀ ਇੱਕਲਾ।"

"ਤੇ ਤੁਹਾਡੀ ਮਦਰ ?" ਅਵਤਾਰ ਨੇ ਪੁਛ ਲਿਆ।

"ਉਹ ਤਾਂ ਮੈਨੂੰ ਦਸ ਕੁ ਸਾਲ ਦੇ ਨੂੰ ਹੀ ਲੈ ਕੇ ਉਸਤੇ ਅਲੱਗ ਹੋ ਗਈ ਸੀ। ਮੇਰਾ ਬਾਪ ਟੀਚਰ ਸੀ ਪਰ ਮੇਰੀ ਮਾਂ ਨੂੰ ਗਾਉਣ ਤੇ ਨੱਚਣ ਦਾ ਸ਼ੌਕ ਸੀ। ਮੇਰਾ ਖ਼ਿਆਲ ਐਨੇ ਸਾਲ ਬਾਦ ਮੇਰੀ ਮਾਂ ਨੂੰ ਮੇਰਾ ਬਾਪ ਬੋਰਿੰਗ ਲੱਗਣ ਲਗ ਪਿਆ ਸੀ। ਹੀ ਵਾਜ਼ ਏ ਫਰੈਂਚ

ਮੈਨ ਯੂ ਨੋਅ ।"

"ਆਈ ਸੀ ।" ਅਵਤਾਰ ਨੇ ਹੁੰਗਾਰਾ ਭਰਿਆ।

"ਉਹ ਜਿਤਨੀ ਦੇਰ ਭੀ ਇਕੱਠੇ ਰਹੇ ਇਕ ਦੂਸਰੇ ਨਾਲ ਜ਼ਿਆਦਾਤਰ ਨਾਰਾਜ਼ ਹੀ ਰਹਿੰਦੇ ਸਨ। ਐਈ ਗੈੱਸ ਦੋਹਾਂ ਦੇ ਇੰਟਰਸਟ ਅਲੱਗ ਅਲੱਗ ਸਨ। ਮੇਰੀ ਮਾਂ ਜ਼ਰਾ ਫੱਨ ਲਵਰ ਸੀ ਤੇ ਉਹ ਵਿਚਾਰਾ ਉਦੋਂ ਭੀ ਕਿਤਾਬਾਂ ਕਤੂਬਾਂ ਹੀ ਪੜ੍ਹਦਾ ਰਹਿੰਦਾ ਸੀ। ਮਾਂ ਕਈ ਵਾਰੀ ਉਸ ਨੂੰ ਤਲਖ਼ ਹੋਕੇ ਪੈ ਜਾਂਦੀ ਸੀ ਪਰ ਡੈਡ ਚੁੱਪ ਕਰਕੇ ਉਸ ਦੀਆਂ ਸੁਣ ਲੈਂਦਾ ਸੀ .......ਹੀ ਨੈਵਰ ਐਕਟਿਡ ਲਾਈਕ ਏ ਰੀਅਲ ਮੈਨ ਯੂ ਨੋਅ ।" ਕਹਿਕੇ ਉਹ ਜਰਾ ਚੁੱਪ ਹੋ ਗਿਆ। ਸ਼ਾਇਦ ਕੁਝ ਨਸ਼ੇ ਵਿਚ ਹੋਣ ਕਰਕੇ ਉਹ ਆਪਣੇ ਮਾਂ ਬਾਪ ਬਾਰੇ ਇਤਨਾ ਖੁੱਲ੍ਹ ਕੇ ਦੱਸ ਰਿਹਾ ਸੀ ਵੈਸੇ ਪੱਛਮੀ ਲੋਕ ਜਲਦੀ ਕੀਤੇ ਆਪਣੇ ਪ੍ਰੀਵਾਰ ਬਾਰੇ ਇਤਨਾ ਕੁਝ ਨਹੀਂ ਦੱਸਦੇ । ਵੈਸੇ ਅਵਤਾਰ ਨੂੰ ਭੀ ਕੋਈ ਮਤਲਬ ਨਹੀਂ ਸੀ ਉਸਦੇ ਪ੍ਰੀਵਾਰ ਬਾਰੇ ਜਾਨਣ ਦਾ ਪਰ ਜੇਕਰ ਸੁਆਰੀ ਨਾਲ ਰਾਹ ਵਿਚ ਗੱਪਾਂ ਸ਼ੱਪਾਂ ਮਾਰਦੇ ਆਉ ਤਾਂ ਉਹ ਕਈ ਵਾਰੀ ਚੰਗੀ ਟਿੱਪ ਦੇ ਜਾਂਦੇ ਹਨ ਖਾਸਕਰ ਜੇਕਰ ਕੁਝ ਪੈਗ ਲੱਗੇ ਹੋਏ ਹੋਣ ।" ਫਿਰ ਤੁਸੀਂ ਡੈਡ ਤੋਂ ਅਲੱਗ ਹੋ ਕੇ ਇੱਧਰ ਕਿਵੇਂ ਆ ਗਏ ?" ਅਵਤਾਰ ਨੇ ਕਹਾਣੀ ਫਿਰ ਚਾਲੂ ਕਰ ਦਿੱਤੀ।

"ਇਹ ਇੱਕ ਲੰਬੀ ਕਹਾਣੀ ਹੈ", ਕਹਿਕੇ ਉਸਨੇ ਚੋਰੀ ਜਿਹੀ ਇਕ ਹੋਰ ਘੁੱਟ ਭਰਿਆ ਤੇ ਬੋਲਿਆ, " ਮੇਰੀ ਮਾਂ ਇਕ ਕਲਾਕਾਰ ਵਾਜੋਂ ਕੈਰੀਅਰ ਬਣਾਉਣ ਲਈ ਨਿਊਯਾਰਕ ਆ ਗਈ। ਜੁਦਾ ਹੋਣ ਵੇਲੇ ਮੇਰੇ ਸਾਊ ਬਾਪ ਨੇ ਆਪਣੀ ਸਾਰੀ ਸੇਵਿੰਗ ਦੀ ਮਨੀ ਉਸਦੇ ਹਵਾਲੇ ਕਰ ਦਿੱਤੀ ਤੇ ਬਦਲੇ ਵਿਚ ਆਪਣਾ ਘਰ ਕੋਲ ਰਖ ਲਿਆ ਜੋ ਉਸਨੂੰ ਆਪਣੇ ਮਾਂ ਬਾਪ ਤੋਂ ਮਿਲਿਆ ਸੀ।

"ਆਈ ਸੀ ।"

"ਨਿਊਯਾਰਕ ਆਕੇ ਮਾਂ ਨੇ ਕਲਾਕਾਰ ਬਣਨ ਲਈ ਕਈ ਪਾਪੜ ਵੇਲੇ ਪਰ ਉਸਨੂੰ ਖਾਸ ਸਫ਼ਲਤਾ ਨਹੀ ਮਿਲੀ। "

"ਫ਼ਿਰ ਤਾਂ ਤੁਹਾਨੂੰ ਪਾਲਣ ਲਈ ਉਸਨੂੰ ਕਾਫ਼ੀ ਔਖਾ ਹੋਣਾ ਪਿਆ ਹੋਣੈਂ ?" ਅਵਤਾਰ ਜ਼ਰਾ ਹਮਦਰਦੀ ਦੇ ਲਹਿਜ਼ੇ ਵਿਚ ਬੋਲਿਆ।

" ਊਂਅਅ...ਨੌਟ ......ਰਿਅਲੀ .......ਅਸਲ ਵਿਚ ਹਰ ਮਹੀਨੇ ਮੇਰਾ ਬਾਪ ਮੇਰੀ ਪਰਵਰਿਸ਼ ਲਈ ਕਾਫ਼ੀ ਪੈਸੇ ਭੇਜ ਦਿੰਦਾ ਹੁੰਦਾ ਸੀ । ਤਿੰਨ ਕੁ ਹਫਤੇ ਬਾਦ ਮੈਨੂੰ ਮੌਂਟਰੀਆਲ ਦਾ ਰੀਟਰਨ ਟਿਕਟ ਭੀ ਭੇਜ ਦਿੰਦਾ ਹੁੰਦਾ ਸੀ ਤੇ ਮੈਂ ਵੀਕ ਐਂਡ ਉਸ ਕੋਲ ਬਿਤਾ ਆਉਂਦਾ ਸੀ। ਕਦੀ ਕਦੀ ਉਹ ਆਪ ਭੀ ਨਿਊਯਾਰਕ ਆ ਜਾਂਦਾ ਸੀ ਮੈਨੂੰ ਮਿਲਣ ਲਈ। ਵੈਸੇ ਮੈਨੂੰ ਮੌਂਟਰੀਆਲ ਜਾਣਾ ਜ਼ਿਆਦਾ ਚੰਗਾ ਨਹੀ ਸੀ ਲਗਦਾ । ਨਿਊਯਾਰਕ ਵਿਚ ਮੇਰੇ ਕਈ ਦੋਸਤ ਬਣ ਗਏ ਸਨ । ਦੇਅ ਵਰ ਔਲ ਆ ਬੰਚ ਔਫ਼ ਟੱਫ ਗਾਇਜ਼ , ਯੂ ਨੋਅ ।"

"ਉਹ ਆਈ ਸੀ ।"ਅਵਤਾਰ ਨੇ ਸਹਿਜੇ ਜਿਹੇ ਕਿਹਾ।ਹੁਣ ਤੱਕ ਕੈਨੇਡਾ ਰਹਿਣ



ਨਾਲ ਉਸਨੂੰ ਇਹ ਪਤਾ ਲਗ ਚੁਕਾ ਸੀ ਕਿ ਟੱਫ਼ ਗਾਇਜ਼ ਵਿਗੜੇ ਹੋਏ ਛੋਕਰਿਆਂ ਜਾਂ ਵਿਹਲੜਾਂ ਤੇ ਯੱਕਿਆਂ ਆਦਿ ਨੂੰ ਕਹਿੰਦੇ ਹਨ।

"ਮੇਰਾ ਬਾਪ ਜਦੋਂ ਭੀ ਮੈਨੂੰ ਮਿਲਦਾ ਤਾਂ ਹਰ ਵੇਲੇ ਪੜ੍ਹਾਈ ਲਿਖਾਈ ਵਿਚ ਧਿਆਨ ਦੇਣ ਦੀ ਸਿੱਖਿਆ ਦਿੰਦਾ ਰਹਿੰਦਾ।

ਮੈਨੂੰ ਭੀ ਫਿਰ ਫਰੈਂਚ ਮੈਨ ਬੋਰ ਜਿਹਾ ਲਗਣ ਲਗ ਪਿਆ ਤੇ ਉਧਰ ਜਿਹੜਾ ਵਿਅਕਤੀ ਮੇਰੀ ਮਾਂ ਨੂੰ ਕਲਾਕਾਰ ਬਣਾਉਣ ਦਾ ਲਾਰਾ ਲਾ ਕੇ ਨਿਊਯਾਰਕ ਲਿਆਇਆ ਸੀ , ਜਦੋਂ ਮੇਰੀ ਮਾਂ ਦੇ ਪੈਸੇ ਮੁਕ ਗਏ ਤਾਂ ਉਹ ਕਿਸੇ ਹੋਰ ਜਵਾਨ ਔਰਤ ਵਿਚ ਦਿਲਚਸਪੀ ਲੈਣ ਲਗ ਪਿਆ ।ਇਕ ਦਿਨ ਮੇਰੀ ਮਾਂ ਦੀ ਤੇ ਉਸਦੀ ਚੰਗੀ ਲੜਾਈ ਹੋਈ।" ਉਸਨੇ ਇਕ ਹੋਰ ਘੁੱਟ ਭਰਕੇ ਸਿਗਰਟ ਸੁਲਗਾਈ ਤੇ ਤਾਕੀ ਰਾਹੀਂ ਬਾਹਰ ਨੂੰ ਧੂੰਆਂ ਛੱਡਕੇ ਮੁੜ ਤਾਕੀ ਉਪਰ ਨੂੰ ਚਾੜ੍ਹਦਾ ਹੋਇਆ ਬੋਲਿਆ, " ਫਿਰ ਮੇਰੀ ਮਾਂ ਦੀ ਦੋਸਤੀ ਇਕ ਕੰਟਰੀ ਸੌਂਗ ਗਾਉਣ ਵਾਲੇ ਨਾਲ ਹੋ ਗਈ, ਮੇਰੀ ਮਾਂ ਭੀ ਉਸ ਨਾਲ ਰਲ ਕੇ ਗਾਉਣ ਲਗ ਪਈ। ਉਹ ਪਿੱਛੋਂ ਟੈਕਸਾਸ ਵਿਚ ਹਿਊਸਟਨ ਦੇ ਨੇੜੇ ਦਾ ਰਹਿਣ ਵਾਲਾ ਸੀ। ਸਾਲ ਕੁ ਬਾਦ ਉਹ ਗਾਉਣਾ ਛੱਡ ਕੇ ਟੈਕਸਾਸ ਵਿਚ ਆਪਣੇ ਫ਼ਾਰਮ ਵਿਚ ਰਹਿਣ ਲਈ ਆ ਗਏ । "

ਜਾਪਦਾ ਸੀ ਕਿ ਉਹ ਮਾਂ ਦੀ ਕਹਾਣੀ ਵਧੇਰੇ ਸੁਣਾਉਣ ਲਗ ਪਿਆ ਸੀ।

"ਤੁਸੀਂ ਭੀ ਫਿਰ ਉਨਾਂ ਦੇ ਨਾਲ ਹੀ ਹੋਵੋਗੇ ? " ਅਵਤਾਰ ਨੇ ਜ਼ਰਾ ਬੋਰ ਹੁੰਦੇ ਨੇ ਕਹਾਣੀ ਦਾ ਰੁਖ ਮੋੜਨ ਦੇ ਖਿਆਲ ਨਾਲ ਕਿਹਾ।

" ਆਹੋ, ਮੈਂ ਆ ਤਾਂ ਗਿਆ, ਪਰ ਕਿੱਥੇ ਨਿਊਯਾਰਕ ਦੀ ਚਹਿਲ ਪਹਿਲ ਤੇ ਕਿੱਥੇ ਫਾਰਮ ਦੀ ਬੋਰਿੰਗ ਲਾਈਫ਼। ਮੇਰਾ ਫਾਰਮ ਤੇ ਕੰਮ ਕਰਨ ਲਈ ਬਿਲਕੁੱਲ ਨਹੀ ਸੀ ਦਿਲ ਕਰਦਾ। ਉਹ ਫੱਕਿਨ ਕਾਓ ਬੁਆਏ ਮੇਰੇ ਨਾਲ ਬੜਾ ਔਖਾ ਰਹਿੰਦਾ ਸੀ।"

ਅਵਤਾਰ ਸਮਝ ਗਿਆ ਕਿ ਉਸਦਾ ਇਸ਼ਾਰਾ ਆਪਣੇ ਨਵੇਂ ਬਾਪ ਵੱਲ ਸੀ।

"ਫਿਰ ? " ਅਵਤਾਰ ਚਹੁੰਦਾ ਸੀ ਕਿ ਏਅਰ ਪੋਰਟ ਪਹੁੰਚਣ ਤੋਂ ਪਹਿਲਾਂ ਉਸਦੀ ਕਹਾਣੀ ਖ਼ਤਮ ਹੋ ਜਾਵੇ।

"ਫਿਰ ਮੈਂ ਘਰੋਂ ਨੱਠ ਆਇਆ।ਉਦੋਂ ਮੈਂ ਪੰਦਰਾਂ ਸੋਲਾਂ ਸਾਲ ਦਾ ਸੀ। ਮੈਂ ਲੌਸ ਐਂਜਲਿਸ ਆ ਗਿਆ। " ਐਤਕੀਂ ਉਸਨੇ ਅਵਤਾਰ ਦੀ ਪ੍ਰਵਾਹ ਕੀਤੇ ਬਿਨਾਂ ਹੀ ਬੋਤਲ ਵਿਚੋਂ ਇਕ ਘੁੱਟ ਹੋਰ ਭਰ ਲਿਆ ਤੇ ਸ਼ਾਇਦ ਇਤਨੀਆਂ ਗੱਲਾਂ ਕਰ ਲੈਣ ਦੇ ਬਾਦ ਉਸਨੇ ਲੁਕਾਅ ਰੱਖਣ ਦੀ ਹੋਰ ਜ਼ਰੂਰਤ ਨਹੀਂ ਸਮਝੀ ਸੀ।

"ਐਲ. ਏ. (ਲੌਸ ਐਂਜਲਿਸ ) ਮੈਂ ਕਾਰਾਂ ਚੋਰੀ ਕਰਨ ਵਾਲਿਆਂ ਨਾਲ ਰਲ ਗਿਆ। ਕਿਤੇ ਕਿਤੇ ਅਸੀਂ ਨਸ਼ਾ ਪੱਤਾ ਭੀ ਇੱਧਰ ਉਧਰ ਕਰ ਲੈਂਦੇ ।" ਆਪਣੇ ਸਮਗਲਰ ਬਣਨ ਦੀ ਗੱਲ ਉਸਨੇ ਇਵੇਂ ਕਹਿ ਦਿੱਤੀ ਜਿਵੇਂ ਕੋਈ ਨਵਾਂ ਬਿਜ਼ਨਿਸ ਖੋਲ੍ਹ ਲਿਆ ਹੋਵੇ ।"ਸਾਲ ਕੁ ਬਾਦ ਮੈਂ ਪੁਲਿਸ ਦੇ ਕਾਬੂ ਆ ਗਿਆ।" ਹੁਣ ਉਸਦੀ ਆਵਾਜ਼ ਥੋੜ੍ਹੀ ਜਿਹੀ ਥਿੜਕਣ

ਲੱਗ ਪਈ ਸੀ, "ਦੋ ਸਾਲ ਸੁਧਾਰ ਘਰ ਵਿਚ ਰਿਹਾ, ਜਦ ਨੂੰ ਮੇਰੀ ਮਾਂ ਭੀ ਸਾਲੇ ਕਾਊ ਬੁਆਏ ਨੂੰ ਛੱਡਕੇ ਮੈਨੂੰ ਲੱਭਦੀ ਐਲ.ਏ. ਆ ਗਈ। ਸੁਧਾਰ ਘਰ ਤੋਂ ਨਿਕਲ ਕੇ ਕੁਝ ਦੇਰ ਅਸੀਂ ਐਲ.ਏ. ਹੀ ਰਹੇ। ਮੇਰੀ ਮਾਂ ਨੇ ਉਥੇ ਗਾਉਣਾ ਸਿਖਲਾਉਣ ਦਾ ਕੰਮ ਸ਼ੁਰੂ ਕਰ ਲਿਆ । ਫਿਰ ਮੈਂ ਆਪਣੀ ਗਰਲ ਫਰੈਂਡ ਨਾਲ ਸਾਨਫਰਾਂਸਿਸਕੋ ਮੂਵ ਹੋ ਗਿਆ। ਉਥੇ ਕੁਝ ਦੇਰ ਕੰਮ ਕੀਤਾ ਪਰ ਦੋ ਕੁ ਸਾਲ ਬਾਦ ਉਸ ਜੌਬ ਅਤੇ ਗਰਲ ਫਰੈਂਡ ਦੋਨਾਂ ਤੋਂ ਬੋਰ ਹੋ ਗਿਆ। "

"ਅੱਛਾ ....ਫਿਰ ?"

"ਫੇਰ ਕੁਝ ਦੇਰ ਇਧਰ ਉਧਰ ਘੁੰਮਦਾ ਰਿਹਾ ਤੇ ਬਾਦ ਵਿਚ ਇੱਕ ਸਿਆਟਲ ਦੀ ਕੁੜੀ ਮੇਰੀ ਫ਼ਰੈਂਡ ਬਣ ਗਈ .......ਤਿੰਨ ਕੁ ਸਾਲ ਉਸ ਨਾਲ ਕੱਟੇ ਫਿਰ ਅਸੀ ਅਲੱਗ ਹੋ ਗਏ ਪਰ ਰਿਹਾ ਮੈਂ ਉਦੋਂ ਤੋਂ ਸਿਆਟਲ ਵਿੱਚ ਹੀ ਹਾਂ .......ਆਈ ਲਾਈਕ ਦੈਟ ਸਿਟੀ । "

"ਫਿਰ ਹੁਣ ਤਾਂ ਤੁਸੀਂ ਵਿਆਹ ਵਗੈਰਾ ਕਰਵਾ ਲਿਆ ਹੋਵੇਗਾ ?" ਅਵਤਾਰ ਨੇ ਉਸਦੀ ਉਮਰ ਦਾ ਤਕਾਜ਼ਾ ਲਾਉਂਦੇ ਹੋਏ ਕਿਹਾ।

ਉਹ ਕੁਝ ਹੱਸ ਕੇ ਬੋਲਿਆ, "ਓਅਅ ..ਹੈੱਲ ....ਨੋਅਅ, ਹੁਣ ਤਾਂ ਕਦੇ ਕਿਸੇ ਕੁੜੀ ਨਾਲ ਸਾਲ ਤੋਂ ਵੱਧ ਨਹੀਂ ਕੱਟ ਸਕਦਾ। ਮੇਰੇ ਕੋਲ ਪਲਾਈਵੁੱਡ ਦੀ ਮਿੱਲ ਵਿਚੋਂ ਪੱਕੀ ਜੌਬ ਹੈ, ਸੋ ਕੁੜੀਆਂ ਤਾਂ ਫਸਦੀਆਂ ਹੀ ਰਹਿੰਦੀਆਂ ਹਨ ।" ਫਿਰ ਜਿਵੇਂ ਇੱਕ ਦਮ ਕੁਝ ਯਾਦ ਆ ਗਿਆ ਹੋਵੇ, "ਹੋਅਲੀ ਸ਼ਿਅਅਟ, ਮੈਨੂੰ ਕੰਮ ਤੇ ਫ਼ੋਨ ਕਰਕੇ ਦੱਸਣ ਦਾ ਯਾਦ ਹੀ ਨਹੀਂ ਰਿਹਾ ਕਿ ਮੈਂ ਕੁਝ ਦਿਨ ਕੰਮ ਤੇ ਨਹੀ ਜਾਣਾ .......... ਚਲ ਦੇਖੀ ਜਾਊ .......ਵੈਸੇ ਭੀ ਆਈ ਹੈਵ ਹੈਡ ਦਿਸ ਜੌਬ ਫੌਰ ਟੂ ਲੌਂਗ ।"

"ਤੁਹਾਡੇ ਡੈਡ ਦੀ ਮੌਤ ਦਾ ਕੀ ਕਾਰਨ ਨਿਕਲਿਆ?" ਅਵਤਾਰ ਨੇ ਪੁੱਛ ਲਿਆ।

"ਆਈ ਥਿੰਕ ਹੀ ਹੈਡ ਏ ਹਾਅਰਟ ਅਟੈਕ ਔਰ ਸਮਥਿੰਗ । ਹੋਣਾ ਹੀ ਸੀ, ਮਾਂ ਤੋਂ ਅਲੱਗ ਹੋਣ ਤੋਂ ਬਾਦ ਮੇਰਾ ਖਿਆਲ ਨੀ ਕਿ ਉਹ ਕਿਸੇ ਹੋਰ ਔਰਤ ਨਾਲ ਇਨਵਾਲਵ ਹੋਇਆ .........ਇਕੱਲਾ ਹੀ ਰਹਿੰਦਾ ਸੀ। ਬੱਸ ਪੜ੍ਹ ਪੁੜ੍ਹ ਛੱਡਣਾ ਜਾਂ ਫਿਰ ਫੁੱਲ ਬੂਟਿਆਂ ਵੱਲ ਹੀ ਦੇਖਦਾ ਰਹਿਣਾ।...... ਪਿਛਲੇ ਸਾਲ ਜਦੋਂ ਮੈਂ ਕਈ ਸਾਲਾਂ ਬਾਦ ਉਸਨੂੰ ਮਿਲਿਆ ਤਾਂ ਬੜਾ ਐਕਸਾਈਟਿਡ ਲਗਦਾ ਸੀ। ਆਪਣੇ ਘਰ ਦਾ ਹਰੇਕ ਕਮਰਾ ਮੈਨੂੰ ਦਿਖਾਇਆ। ਯੂ ਨੋਅ, ਇੱਕ ਕਮਰੇ ਵਿਚ ਉਸਨੇ ਆਪਦੇ ਮਾਂ ਬਾਪ ਦੀਆਂ ਫੋਟੋ ਤੇ ਹੋਰ ਕਈ ਚੀਜ਼ਾਂ ਸਾਂਭੀਆਂ ਹੋਈਆਂ ਸਨ ਤੇ ਇਕ ਹੋਰ ਕਮਰੇ ਵਿਚ ਮੇਰੀਆਂ ਬਚਪਨ ਦੀਆਂ ਚੀਜ਼ਾਂ ਸਾਂਭੀਆਂ ਹੋਈਆਂ ਸਨ -ਮੇਰਾ ਕਰਿੱਬ ,.. .ਮੇਰੇ ਖਿਡੌਣੇ ......ਮੇਰਾ ਨਿੱਕਾ ਜਿਹਾ ਬਾਈਕ ....ਮੇਰੀਆਂ ਐਲੀਮੈਂਟਰੀ ਸਕੂਲ ਦੀਆਂ ਰਿਪੋਰਟਾਂ ਤੇ ਹੋਰ ਕਈ ਕੁਝ ......ਹੋਅਲੀ ਸ਼ਿਅਟ ਕਿਤਨਾ ਹੀ ਨਿੱਕ ਸੁਕ ......ਤੇ ਸਾਰੀ ਰਾਤ ਮੈਨੂੰ ਮੇਰੇ ਛੋਟੇ ਹੁੰਦੇ ਦੀਆਂ ਫੋਟੋਆਂ ਦੀ ਐਲਬਮਾਂ ਦਿਖਾਉਂਦਾ ਰਿਹਾ। ਯੂ ਨੋਅਅ, ਮੈਨੂੰ ਕਹਿੰਦਾ ਕਿ ਐਥੇ ਮੇਰੇ ਕੋਲ ਹੀ ਰਹਿਣ ਲਗ ਪੈ । ਕਹਿੰਦਾ ਕਿ ਇਹ ਤੇਰਾ ਜੱਦੀ ਘਰ ਹੈ ........ਮੈਂ ਕਿਹਾ ਕਿ ਤੂੰ ਕਮਲਾ ਏਂ , ਮੈਂ ਇਸ ਕੁਆੜਖ਼ਾਨੇ ਵਿਚ ਕਿਵੇਂ



ਰਹਿ ਸਕਦਾ ਹਾਂ , ਇੱਥੇ ਆਲੇ ਦਵਾਲੇ ਸਾਰੇ ਤੇਰੇ ਵਰਗੇ ਬੁੜ੍ਹੇ ਬੁੜ੍ਹੀਆਂ ਹੀ ਵਸਦੇ ਹਨ। ਮੈਂ ਉਸਦੇ ਕੋਲ ਇਕ ਹਫ਼ਤਾ ਠਹਿਰਨ ਦੇ ਖ਼ਿਆਲ ਨਾਲ ਗਿਆ ਸੀ , ਪਰ ਮੈਂ ਤਾਂ ਤਿੰਨਾਂ ਦਿਨਾਂ ਬਾਦ ਹੀ ਖਿਸਕ ਗਿਆ .....ਹੱਹ। "

ਟੈਕਸੀ ਹੁਣ ਫਰੇਜ਼ਰ ਦਰਿਆ ਦਾ ਪੁਲ ਪਾਰ ਕਰਕੇ ਏਅਰ ਪੋਰਟ ਦੇ ਏਰੀਏ ਵਿਚ ਦਾਖਲ ਹੋ ਰਹੀ ਸੀ। ਅਵਤਾਰ ਨੇ ਉਸਦੇ ਅਤੇ ਉਸਦੇ ਪ੍ਰੀਵਾਰ ਬਾਰੇ ਕਾਫ਼ੀ ਕੁਝ ਜਾਣ ਲਿਆ ਸੀ ਪਰ ਇਕ ਗੱਲ ਜੋ ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਅਚਾਨਕ ਇਸਨੂੰ ਆਪਣੇ ਬਾਪ ਪ੍ਰਤੀ ਇਤਨਾ ਪਿਆਰ ਕਿੱਥੋਂ ਉਮਡ ਪਿਆ ਹੈ ਕਿ ਉਸਦੇ ਕਿਰਿਆ ਕ੍ਰਮ ਤੇ ਵਕਤ ਸਿਰ ਪਹੁੰਚਣਾ ਚਹੁੰਦਾ ਹੈ ਜਦ ਕਿ ਪਹਿਲਾਂ ਇਸਦੇ ਬਾਪ ਦੇ ਡਾਕਟਰ ਦਾ ਫੋਨ ਆਉਣ ਵੇਲੇ ਇਸਦਾ ਕੋਈ ਇਰਾਦਾ ਨਹੀਂ ਸੀ ਉਥੇ ਪਹੁੰਚਣ ਦਾ ਅਤੇ ਵੈਸੇ ਭੀ ਸਾਰੀ ਉਮਰ ਆਪਣੇ ਬਾਪ ਨੂੰ ਖਾਸ ਪਸੰਦ ਨਹੀਂ ਕਰਦਾ ਰਿਹਾ ਹੈ। ਆਖਿਰ ਉਹ ਉਸ ਨੂੰ ਪੁਛ ਹੀ ਬੈਠਾ ਕਿ ਅਚਾਨਕ ਫਿਊਨਰਲ ਤੇ ਪਹੁੰਚਣ ਦਾ ਪ੍ਰੋਗਰਾਮ ਕਿਵੇ ਬਣ ਗਿਆ।

"ਅੱਜ ਦੁਪਹਿਰੇ ਮੇਰੇ ਬਾਪ ਦੇ ਵਕੀਲ ਦਾ ਮੌਂਟਰੀਆਲ ਤੋਂ ਫੋਨ ਆਇਆ ਸੀ। ਬੁੜ੍ਹਾ ਆਪਣੀ ਵਸੀਅਤ ਵਿਚ ਆਪਣੀ ਸੇਵਿੰਗ ਤਾ ਕਿਸੇ ਚੈਰਿਟੀ ਲਈ ਦਾਨ ਕਰ ਗਿਆ ਪਰ ਜੱਦੀ ਘਰ ਮੇਰੇ ਨਾਮ ਛੱਡ ਗਿਆ ਹੈ ਉਹ ਇਸ ਸ਼ਰਤ ਉਪਰ ਕਿ ਮੈਂ ਉਸਦੇ ਫਿਊਨਰਲ ਦੇ ਵਕਤ ਜ਼ਰੂਰ ਹਾਜ਼ਿਰ ਹੋਵਾਂ ਅਤੇ ਅੰਤ ਵੇਲੇ ਉਸਦੇ ਬਕਸੇ ਦਾ ਢੱਕਣ ਮੈਂ ਬੰਦ ਕਰਾਂ। ਪੰਜ ਸੌ ਡਾਲਰ ਮੇਰੇ ਫਿਊਨਰਲ ਤੇ ਪਹੁੰਚਣ ਲਈ ਸਫ਼ਰ ਖਰਚ ਭੀ ਛੱਡ ਗਿਆ ਹੈ.... ਹਾਹ ..ਕਿਆ ਪਾਗਲਪਣ ਹੈ .....ਚੱਲ ਮੈਨੂੰ ਕੀ ....ਮੁਫ਼ਤ ਦਾ ਟਰਿੱਪ ਹੈ .....ਕੱਲ ਨੂੰ ਫਿਊਨਰਲ ਤੋਂ ਵਿਹਲਾ ਹੋ ਕੇ ਉਸਦਾ ਘਰ ਸੇਲ ਉਪਰ ਲਾਵਾਂਗਾ ....ਲੱਖ ਕੁ ਡਾਲਰ ਤਾਂ ਨਿਕਲੇਗਾ ਹੀ। ਮੈਂ ਤਾਂ ਕਦੀ ਸੋਚਿਆ ਭੀ ਨਹੀਂ ਸੀ ਕਿ ਅਚਾਨਕ ਮੇਰੇ ਹੱਥ ਕਿਤੋਂ ਐਨਾ ਪੈਸਾ ਆ ਜਾਵੇਗਾ ।" ਫਿਰ ਬੋਤਲ ਵਿਚੋਂ ਇਕ ਘੁੱਟ ਹੋਰ ਭਰ ਕੇ ਬੋਲਿਆ, "ਫਅਕ...... ਹੁਣ ਸਾਲੀ ਜੌਬ ਭਾਵੇਂ ਜਾਂਦੀ ਲੱਗੇ , ......ਪ੍ਰਵਾਹ ਨਹੀਂ । "

ਟੈਕਸੀ ਹੁਣ ਡੀਪਾਰਚਰ ਲੈਵਲ ਤੇ ਪਹੁੰਚ ਚੁੱਕੀ ਸੀ ਤੇ ਇਕ ਜਗਹ ਪੁਲੀਸ ਵਾਲਾ ਇਕ ਗ਼ਲਤ ਪਾਰਕ ਕੀਤੀ ਕਾਰ ਨੂੰ ਟੋਅ ਕਰਵਾ ਰਿਹਾ ਸੀ, ਉਸਨੂੰ ਦੇਖ ਕੇ ਉਹ ਬੋਲਿਆ, "ਔਹ .......ਆਈ ਔਲਮੋਸਟ ਫੌਰਗੌਟ........ਮੇਰੀ ਕਾਰ ਭੀ ਸਾਲੀ ਰਾਹ ਵਿਚ ਹੀ ਖੜੀ ਹੈ !"

ਇਤਨੀ ਦੇਰ ਨੂੰ ਅਵਤਾਰ ਨੇ ਟੈਕਸੀ ਏਅਰ ਕੈਨੇਡਾ ਦੇ ਸਾਈਨ ਵਾਲੇ ਗੇਟ ਸਾਹਮਣੇ ਰੋਕ ਦਿੱਤੀ ਸੀ। ਗੋਰੇ ਨੇ ਟੈਕਸੀ ਦਾ ਮੀਟਰ ਦੇਖਿਆ, ਤੇਰਾਂ ਕੁ ਡਾਲਰ ਚੱਲੇ ਸਨ, "ਡੂ ਮੀ ਏ ਫੇਵਰ ।" ਉਸਨੇ ਅਵਤਾਰ ਨੂੰ ਕਿਹਾ।

"ਦੱਸੋ? "

ਬਟੂਏ ਵਿਚੋਂ ਪੰਜਾਹ ਡਾਲਰ ਦਾ ਨੋਟ ਕੱਢਦਾ ਹੋਇਆ ਗੋਰਾ ਬੋਲਿਆ, "ਹੇਅਤ, ਕੀਪ ਦਿਸ ........ ਜਦੋਂ ਭੀ ਤੇਰਾ ਸੂਤ ਲੱਗਾ ਜਾਂ ਘਰ ਨੂੰ ਜਾਂਦਾ ਹੋਇਆ ਮੇਰੀ ਕਾਰ ਨੂੰ ਉਥੋਂ ਹਟਾ ਕੇ ਜ਼ਰਾ ਕੁ ਸਾਈਡ ਨੂੰ ਕਰਕੇ ਖੜੀ ਕਰ ਦੇਵੀਂ, ਆਹ ਲੈ ਫੜ ਚਾਬੀ ਤੇ ਬਾਦ ਵਿਚ

ਇਸਨੂੰ ਕਾਰ ਦੇ ਐਸ਼ਟਰੇ ਵਿਚ ਰੱਖ ਦੇਵੀਂ ।"

ਫਿਰ ਉਸਨੇ ਸੂਟਕੇਸ ਵਿਚੋਂ ਅੱਧੀ ਬਚਦੀ ਬੋਤਲ ਕੱਢੀ ਤੇ ਅਵਤਾਰ ਵੱਲ ਨੂੰ ਵਧਾ ਦਿੱਤੀ। ਅਵਤਾਰ ਜੋ ਅਜੇ ਪੰਜਾਹ ਡਾਲਰ ਦਾ ਨੋਟ ਹੱਥ ਵਿਚ ਫੜੀ ਹੈਰਾਨ ਜਿਹਾ ਬੈਠਾ ਸੀ , ਮਾੜਾ ਜਿਹਾ ਹਕਲਾ ਕੇ ਬੋਲਿਆ, "ਪਰ ,ਪਰ....... ਇਹ ਤਾਂ ....ਪਰ ਮੈਂ ਤਾਂ ਅਜੇ ...." ਉਸਦੀ ਗੱਲ ਵਿੱਚੋਂ ਕੱਟਦਾ ਗੋਰਾ ਬੋਲਿਆ, " ਓਅ ਕਮ ਆਨ, ਫੜ ਲੈ ਹੁਣ, ਤੂੰ ਭੀ ਥੋੜ੍ਹੀ ਬਹੁਤੀ ਲਾ ਲਵੀਂ , ਮੈਨੂੰ ਹੁਣ ਇਸਦੀ ਲੋੜ ਨਹੀਂ , ਮੈਂ ਤਾ ਹੁਣ ਜਹਾਜ਼ ਦੇ ਅੰਦਰ ਹੀ ਪੀਵਾਂਗਾ।"

ਫਿਰ ਮੁਸਕਰਾ ਕੇ ਤੇ ਇਕ ਅੱਖ ਦੱਬ ਕੇ ਬੋਲਿਆ, " ਰੱਖ ਲੈ, ਚਲ ਘਰ ਜਾ ਕੇ ਹੀ ਲਾ ਲਵੀਂ, ਮੇਰੀ ਲਾਟਰੀ ਨਿਕਲਣ ਦੀ ਖੁਸ਼ੀ ਵਿਚ ਹੀ ਸਹੀ, ਤੂੰ ਭੀ ਕੀ ਯਾਦ ਕਰੇਂਗਾ।" ਇਤਨਾ ਕਹਿ ਕੇ ਉਸਨੇ ਬਾਹਰ ਨਿਕਲਕੇ ਸੂਟ ਕੇਸ ਬਾਹਰ ਖਿੱਚਿਆ ਤੇ ਅਵਤਾਰ ਦੀ ਤਾਕੀ ਕੋਲ ਮੂੰਹ ਲਿਜਾ ਕੇ ਜ਼ਰਾ ਨਸ਼ਈ ਅੰਦਾਜ਼ ਵਿਚ ਬੋਲਿਆ, "ਥੈਂਕਸ ਏਂ .....ਹੈਵ ਫੱਨ ।" ਫਿਰ ਸੂਟ ਕੇਸ ਹੱਥ ਵਿਚ ਫੜੀ ਝੂਮਦਾ , ਸੰਭਲਦਾ ਤੇ ਗੁਣਗਣਾਉਂਦਾ ਹੋਇਆ ਏਅਰ ਕੈਨੇਡਾ ਦੇ ਕਾਊਂਟਰ ਵਲ ਕੁਝ ਇਸ ਤਰਾਂ ਵਧ ਗਿਆ ਜਿਵੇਂ ਕਿ ਬਾਪ ਦੇ ਫਿਊਨਰਲ ਦੀ ਬਜਾਏ ਕਿਸੇ ਲਾਟਰੀ ਨਿਕਲੀ ਦਾ ਇਨਾਮ ਪ੍ਰਾਪਤ ਕਰਨ ਲਈ ਜਾ ਰਿਹਾ ਹੋਵੇ।

(ਨਵੰਬਰ 1990)



# ਰੁਲਦਾ ਬਚਪਨ

"ਹੇਯ! ਹਾਉ ਲੇਟ ਦਾ ਬੱਸਜ਼ ਰੱਨ ਟਿੱਲ ਟੂਨਾਇਟ ?" ਬੜੇ ਅੱਖੜ ਜਿਹੇ ਲਹਿਜੇ ਵਿਚ ਬੀਅਰ ਦਾ ਬੱਤਾ ਫੜੀ ਇਸ ਗਿਆਰਾਂ ਬਾਰਾਂ ਸਾਲ ਦੇ ਮੁੰਡੇ ਨੇ ਮੈਨੂੰ ਪੁੱਛਿਆ। ਬੱਸ ਦੀ ਡਰਾਇਵਿੰਗ ਸੀਟ ਉੱਪਰ ਬੈਠੇ ਮੇਰੇ ਮਨ ਵਿਚ ਆਈ ਕਿ ਸਾਲਿਆ ਜੇ ਕਿਤੇ ਕੋਈ ਪੰਜਾਬ ਰੋਡਵੇਜ਼ ਦੇ ਡਰਾਇਵਰ ਨੂੰ ਕੋਈ ਇਸ ਤਰ੍ਹਾਂ 'ਓਏ' ਕਹਿਕੇ ਬੁਲਾਉਂਦਾ ਤਾਂ ਉਹ ਉਸਨੂੰ ਸੁਆਦ ਦਿੰਦਾ ਚਖ਼ਾ ।...............ਪਰ ਇਹ ਕੈਨੇਡਾ ਹੈ ! ਸੱਭਿਆ ਲੋਕਾਂ ਦਾ ਮੁਲਕ, ਇੱਥੇ ਪਬਲਿਕ ਸਰਵਿਸ ਵਿੱਚ ਤੁਹਾਨੂੰ ਅਗਲੇ ਨਾਲ ਗੱਲ ਕਰਨ ਵੇਲੇ ਧੀਰਜ ਤੋਂ ਕੰਮ ਲੈਣਾ ਪੈਂਦਾ ਹੈ ਅਤੇ ਕਈ ਵਾਰੀ ਤਾਂ ਅਗਲੇ ਦੀ ਬਦਤਮੀਜ਼ੀ ਭੀ ਬਰਦਾਸ਼ਤ ਕਰਨੀ ਪੈਂਦੀ ਹੈ ।

ਖ਼ੈਰ! ਇਕ ਪਲ ਉਸਦੇ ਵੱਲ ਜ਼ਰਾ ਰੋਹ ਦੇ ਨਾਲ ਤੱਕਣ ਦੇ ਬਾਦ ਮੈਂ ਉਸਨੂੰ ਦੱਸਿਆ ਕਿ ਰਾਤ ਦੇ ਦੋ ਕੁ ਵਜੇ ਤੱਕ ਬੱਸਾਂ ਚਲਦੀਆਂ ਰਹਿਣਗੀਆਂ ।ਉਸਨੇ ਐਧਰ ਉਧਰ ਨਜ਼ਰ ਮਾਰੀ ਪਰ ਹੋਰ ਕਿਸੇ ਪਾਸਿਉਂ ਕੋਈ ਹੋਰ ਬੱਸ ਨਾ ਆਉਂਦੀ ਦੇਖ ਕੇ ਜਿਉਂ ਹੀ ਮੈਂ ਬੱਸ ਤੋਰਨ ਤੋਂ ਪਹਿਲਾਂ ਉਸਦੇ ਦਰਵਾਜ਼ੇ ਬੰਦ ਕਰਨ ਲੱਗਾ ਤਾਂ ਉਹ ਬੀਅਰ ਦੇ ਬੱਤੇ ਵਿੱਚੋਂ ਆਖ਼ਰੀ ਘੁੱਟ ਭਰ ਕੇ ਤੇ ਖਾਲੀ ਬੱਤਾ ਉੱਥੇ ਬੈਂਚ ਉਪਰ ਹੀ ਛੱਡ ਕੇ ਦਵਾ ਦਵ ਮੇਰੀ ਬੱਸ ਵਿਚ ਚੜ੍ਹ ਗਿਆ।

ਕ੍ਰਿਸਮਿਸ ਵਾਲੇ ਦਿਨ ਤੋਂ ਦੋ ਕੁ ਦਿਨ ਪਹਿਲਾਂ ਦੀ ਇਹ ਰਾਤ ਸੀ । ਰਾਤ ਦਾ ਇੱਕ ਵੱਜ ਚੁੱਕਾ ਸੀ ਤੇ ਕਾਫ਼ੀ ਠੰਡ ਸੀ। ਹਲਕੀ ਬਾਰਿਸ਼ ਤੇ ਨਾਲ ਰਲਵੀਂ ਮਿਲਵੀਂ ਬਰਫ਼ ਡਿੱਗ ਰਹੀ ਸੀ। ਬੱਸ ਵਿਚ ਦੋ ਕੁ ਸ਼ਰਾਬੀ ਜਿਹੇ ਮੁਸਾਫ਼ਿਰ ਹੋਰ ਸਨ ਤੇ ਉਹ ਪਿਛਲੀਆਂ ਸੀਟਾਂ ਉਪਰ ਅੱਧਲੇਟੇ ਜਿਹੇ ਪਸਰੇ ਪਏ ਸਨ।

ਬੱਸ ਅੰਦਰ ਵੜ ਕੇ ਉਸ ਲੜਕੇ ਨੇ ਇੱਕ ਦੋ ਮਿੰਟ ਆਪਣੀ ਪੈਂਟ ਤੇ ਜੈਕਟ ਦੀਆਂ ਜੇਬਾਂ ਫਰੋਲਣ ਤੋਂ ਬਾਦ ਇੱਕ ਪੁਰਾਣਾ ਜਿਹਾ ਬੱਸ ਦਾ ਟਿਕਟ ਅੱਧਾ ਕੁ ਹੱਥ ਵਿਚ ਘੁੱਟ ਕੇ ਮੈਨੂੰ ਦਿਖਾਇਆ ਅਤੇ ਸੀਟ ਉਪਰ ਬੈਠਣ ਲਈ ਮੇਰੇ ਕੋਲੋਂ ਦੀ ਲੰਘਣ ਲੱਗਾ। ਮੈਂ ਟਿਕਟ ਉਸਦੇ ਹੱਥੋਂ ਫੜ ਲਿਆ ਅਤੇ ਦੇਖਿਆ ਕਿ ਉਹ ਕਾਫ਼ੀ ਪੁਰਾਣਾ ਸੀ ਅਤੇ ਉਸਨੂੰ ਹੁਣ ਵਰਤਿਆ ਨਹੀਂ ਜਾ ਸਕਦਾ ਸੀ। ਮੈਂ ਜ਼ਰਾ ਕੁ ਸਖ਼ਤੀ ਨਾਲ ਉਸਨੂੰ ਵਾਪਿਸ ਬੁਲਾਇਆ ਤੇ ਕਿਹਾ , " ਤੈਨੂੰ ਪਤਾ ਏ ਕਿ ਤੂੰ ਹੇਰਾਫੇਰੀ ਕਰ ਰਿਹੈਂ .....ਤੇ ਇਸ ਕਰਕੇ ਮੈਂ ਤੈਨੂੰ ਇੱਥੇ ਹੀ ਬੱਸ ਵਿੱਚੋਂ ਉਤਾਰ ਸਕਦਾ ਹਾਂ ?"

ਉਸਨੇ ਇੱਕ ਟੱਕ ਮੇਰੀ ਵੱਲ ਕੁਝ ਕਸੂਰਵਾਰ ਨਜ਼ਰਾਂ ਨਾਲ ਦੇਖਿਆ ਤੇ ਫਿਰ ਕੁਝ ਖੁਸ਼ਾਮਦੀ ਭਰੇ ਤਰੀਕੇ ਨਾਲ ਬੋਲਿਆ , " ਕਮ ਆਨ ਮੈਨ .......ਇੱਟ ਇਜ਼ ਕ੍ਰਿਸਮਿਸ ਟਾਇਮ ........। "

"ਕ੍ਰਿਸਮਿਸ ਦਾ ਕੀ ਮਤਲਬ ਉਏ ? " ਮੈਂ ਉਸੇ ਸਖ਼ਤੀ ਨਾਲ ਕਿਹਾ। ਇੱਕ ਪਲ

ਚੁੱਪ ਰਹਿਣ ਦੇ ਬਾਦ ਉਹ ਉਸੇ ਹੀ ਸੁਰ ਵਿਚ ਬੋਲਿਆ ," .......ਮੇਰੇ ਕੋਲ ਕੋਈ ਪੈਸਾ ਨਹੀਂ ਹੈ ..........।" ਉਸਦੇ ਸਾਹ ਵਿਚੋਂ ਥੋੜ੍ਹੀ ਜਿਹੀ ਬੀਅਰ ਦੀ ਮਹਿਕ ਆਈ । ਮੈਂ ਦੇਖਿਆ ਕਿ ਉਸਦੇ ਨੀਲੇ ਜਿਹੇ ਪਤਲੇ ਬੁਲ੍ਹ ਠੰਡ ਨਾਲ ਕੰਬ ਰਹੇ ਸਨ ਅਤੇ ਹੱਥਾਂ ਦੀਆਂ ਉਂਗਲਾਂ ਦੀਆਂ ਗੱਠਾਂ ਠੰਡ ਨਾਲ ਲਾਲ ਹੋਈਆਂ ਸਨ।

" ਬੀਅਰ ਪੀਣ ਲਈ ਪੈਸੇ ਹਨ ਪਰ ਬੱਸ ਵਿਚ ਕਿਰਾਇਆ ਪਾਉਣ ਲਈ ਨਹੀਂ ............ਹੈਂ ? " ਮੈਂ ਕੁਝ ਵਿਅੰਗ ਨਾਲ ਕਿਹਾ।

" ਉਹ ਤਾਂ ਅੱਧਾ ਕੁ ਬੱਤਾ ਮੈਨੂੰ ਉਥੇ ਕੂੜੇ ਦੇ ਢੋਲ ਕੋਲ ਪਿਆ ਲੱਭਾ ਸੀ ।" ਇਸ ਵਾਰ ਉਸਨੇ ਕੁਝ ਭੋਲੇਪਨ ਨਾਲ ਕਿਹਾ। ਉਸਦੇ ਅਣਵਾਹੇ ਜਿਹੇ ਲੰਬੇ ਸੁਨਹਿਰੀ ਵਾਲ ਉਸਦੀ ਗਰਦਨ ਉਪਰ ਬਿੱਖਰੇ ਹੋਏ ਲਟਕ ਰਹੇ ਸਨ। ਉਸਨੇ ਘਸਮੈਲੇ ਜਿਹੇ ਰੰਗ ਦੀ ਹਲਕੀ ਜਿਹੀ ਜੈਕਟ ਅਤੇ ਉਸਦੇ ਥੱਲੇ ਕਾਲੇ ਰੰਗ ਦੀ 'ਟੀ' ਸ਼ਰਟ ਅਤੇ ਗੋਡਿਆਂ ਤੋਂ ਪਾਟੀ ਲੱਕ ਤੋਂ ਢਿਲਕਦੀ ਪੁਰਾਣੀ ਜਿਹੀ ਜ਼ੀਨ ਦੀ ਪੈਂਟ ਪਾਈ ਹੋਈ ਸੀ ਜੋ ਉਸਦੀਆਂ ਪਤਲੀਆਂ-੨ ਲੱਤਾਂ ਨੂੰ ਢਕਣ ਦੀ ਕੋਸ਼ਿਸ਼ ਕਰ ਰਹੀ ਸੀ। ਪੈਰਾਂ ਵਿਚ ਗਿੱਟਿਆਂ ਤੱਕ ਉੱਚੇ ਚਿੱਟੇ ਰੰਗ ਦੇ ਗੰਦੇ ਜਿਹੇ ਫ਼ਲੀਟ ਬੂਟ, ਉਘੜ ਦੁਘੜੇ ਤੇ ਢਿੱਲੇ ਜਿਹੇ ਤਸਮੇ ਬੰਨ੍ਹ ਕੇ ਪਹਿਨੇ ਹੋਏ ਸਨ।

" ਤੂੰ ਜਾਣਾ ਕਿੱਥੇ ਹੈ ?" ਮੈਂ ਕੁਝ ਨਰਮ ਪੈ ਕੇ ਪੁਛਿਆ।

"..............ਜਾਣਾ ਤਾਂ ਮੈਂ ਬਲੂ ਬੁਆਏ ਹੋਟਲ ਦੇ ਕੋਲ ਹੈ। "

"ਪਰ ਇਹ ਬੱਸ ਤਾਂ ਹੋਰ ਪਾਸੇ ਜਾ ਰਹੀ ਹੈ .........ਤੈਨੂੰ ਪਤਾ ਨਹੀਂ ? "

ਬੱਸ ਉਸ ਜਗਾਂ ਤੋਂ ਕਾਫ਼ੀ ਅੱਗੇ ਲੰਘ ਆਈ ਸੀ।

" ਬਾਹਰ ਬਹੁਤ ਠੰਡ ਹੈ, ਕੁਝ ਦੇਰ ਤੇਰੀ ਬੱਸ ਵਿਚ ਨਿੱਘ ਵਿਚ ਬੈਠ ਲਵਾਂਗਾ.......ਫਿਰ ਵਾਪਸੀ ਤੇ ਉਸੇ ਸਟਾਪ ਤੇ ਹੀ ਉਤਰਕੇ ਘਰ ਨੂੰ ਜਾਣ ਵਾਲੀ ਬੱਸ ਫੜ ਲਵਾਂਗਾ .........ਮੈਨੂੰ ਘਰ ਜਾਣ ਦੀ ਕੋਈ ਕਾਹਲੀ ਨਹੀਂ .........." ਉਸਨੇ ਕਿਹਾ।

" ਕਿਉਂ ? ਰਾਤ ਇਤਨੀ ਲੰਘ ਚੁੱਕੀ ਹੈ .......ਤੇਰੇ ਘਰ ਦੇ ਤੈਨੂੰ ਲੱਭਦੇ ਨਾ ਹੋਣਗੇ ?" ਮੈਂ ਉਸਦੀ ਉਮਰ ਦਾ ਖਿਆਲ ਕਰਕੇ। ਕਿਹਾ।

"ਨਾਅਯ ........ਘਰ ਕੋਈ ਹੋਣਾ ਹੀ ਨਹੀਂ ......... ਮਾਂ ਕੰਮ ਤੇ ਗਈ ਹੈ .........ਬਹੁਤ ਲੇਟ ਆਵੇਗੀ।" ਉਸਨੇ ਮੇਰੇ ਸੱਜੇ ਹੱਥ ਸਾਹਮਣੇ ਵਾਲੀ ਸੀਟ ਉਪਰ ਬੈਠਦੇ ਨੇ ਜੁਆਬ ਦਿ ਤਾ। ਸ਼ਾਇਦ ਉਸਨੂੰ ਮੇਰੇ ਰਵੱਈਏ ਤੋਂ ਅੰਦਾਜ਼ਾ, ਹੋ ਗਿਆ ਸੀ ਕਿ ਮੈਂ ਉਸਨੂੰ ਜ਼ਬਰਦਸਤੀ ਬੱਸ ਵਿੱਚੋਂ ਨਹੀਂ ਉਤਾਰਾਂਗਾ।

" ਤੇ ਤੇਰਾ ਬਾਪੂ ....?"



" ਉਹ ਤਾਂ ਪਤਾ ਨਹੀਂ ਕਿੱਥੇ ਰਹਿੰਦਾ ਹੈ .. .......ਕਦੀ ਕਦੀ ਹੀ ਮੈਨੂੰ ਮਿਲਦਾ ਹੈ .........।" ਉਸਨੇ ਮਾਸੂਮੀਅਤ ਨਾਲ ਕਿਹਾ। ਅਗਲੀ ਲਾਲ ਬੱਤੀ ਉਪਰ ਜਦੋਂ ਮੈਂ ਕੁਝ ਜ਼ੋਰ ਨਾਲ ਬ੍ਰੇਕ ਲਗਾਈ ਤਾਂ ਪਿਛਲੀਆਂ ਸੀਟਾਂ ਉਪਰ ਬੈਠੇ ਸ਼ਰਾਬੀਆਂ ਵਿੱਚੋਂ ਇੱਕ ਊਂਘਦਾ ਊਂਘਦਾ ਬੱਸ ਦੇ ਫ਼ਰਸ਼ ਉਪਰ ਲੁੜਕ ਗਿਆ ਪਰ ਕੁਝ ਦੇਰ ਬਾਦ ਆਪ ਹੀ ਉੱਠ ਕੇ ਫਿਰ ਸੀਟ ਉਪਰ ਬੈਠ ਗਿਆ ਤੇ ਮੁੜ ਊਂਘਣ ਲੱਗ ਪਿਆ।

"ਲੋਕ ਸਹੁਰੇ ਬੱਸ ਨੂੰ ਧਰਮਸ਼ਾਲਾ ਸਮਝਦੇ ਹਨ, ਚਲ ਆਪਾਂ ਨੂੰ ਕੀ? ਇਹ ਸਰਕਾਰੀ ਬੱਸਾਂ ਭੀ ਤਾਂ ਲੋਕਾਂ ਦੇ ਟੈਕਸਾਂ ਨਾਲ ਹੀ ਚਲਦੀਆਂ ਹਨ।" ਰਾਤ ਦੀ ਸ਼ਿਫ਼ਟ ਬੱਸ ਚਲਾਉਂਦੇ ਵੇਲੇ ਮਨ ਵਿਚ ਅਜਿਹੇ ਵਿਚਾਰ ਆਮ ਹੀ ਆਉਂਦੇ ਰਹਿੰਦੇ ਹਨ।

ਅਗਲੇ ਸਟਾਪ ਤੋਂ ਇੱਕ ਜ਼ਰਾ ਕੁ ਸਿਆਣੀ ਉਮਰ ਦੀ ਬੁੜ੍ਹੀ ਚੜ੍ਹੀ।

"ਮੈਰੀ ਕ੍ਰਿਸਮਿਸ ........ਓਹ .... ਕਿੰਨੀ ਠੰਡ ਹੈ......।" ਕਹਿਕੇ ਉਸਨੇ ਆਪਣਾ ਬੱਸ ਪਾਸ ਮੈਨੂੰ ਦਿਖਾਇਆ ਤੇ ਮੂਹਰਲੀ ਸੀਟ ਉਪਰ ਉਸ ਲੜਕੇ ਵੱਲ ਤੇ ਫਿਰ ਮੇਰੇ ਵੱਲ ਜ਼ਰਾ ਕੁ ਹੈਰਾਨੀ ਨਾਲ ਦੇਖਿਆ ਜਿਵੇਂ ਕਹਿਣਾ ਚਾਹੁੰਦੀ ਹੋਵੇ, "ਇਤਨੀ ਰਾਤ ਗੁਜ਼ਰੀ ਇਤਨੀ ਛੋਟੀ ਉਮਰ ਦਾ ਬੱਚਾ ਇਕੱਲਾ ਕਿਵੇਂ ਬੱਸ ਵਿਚ ਸਫ਼ਰ ਕਰ ਰਿਹਾ ਹੈ ? "

" ਤੇਰਾ ਨਾਮ ਕੀ ਹੈ? " ਮੈਂ ਜ਼ਰਾ ਬੋਰੀਅਤ ਦੂਰ ਕਰਨ ਦੇ ਖ਼ਿਆਲ ਨਾਲ ਉਸ ਲੜਕੇ ਨੂੰ ਪੁੱਛਿਆ।

"ਸ਼ੌਨ "...... ਉਸਨੇ ਸੰਖੇਪ ਜਿਹਾ ਜੁਆਬ ਦਿੱਤਾ।

" ਕਿਹੜੀ ਕਲਾਸ ਵਿਚ ਪੜ੍ਹਦਾ ਏਂ ?"

"ਪੰਜਵੀਂ ਵਿਚ ।"

"ਸਕੂਲ ਖ਼ਤਮ ਹੋਣ ਤੋਂ ਬਾਦ ਕੀ ਕਰਦਾ ਹੁੰਦਾ ਏਂ ?"

ਸ਼ਾਇਦ ਉਸਦੇ ਕੋਲ ਇਸ ਸਵਾਲ ਦਾ ਸਿੱਧਾ ਜੁਆਬ ਕੋਈ ਨਹੀਂ ਸੀ। ਉਸ ਨੇ ਅੱਖਾਂ ਜਿਹੀਆਂ ਨਚਾ ਕੇ ਮੋਢੇ ਹਿਲਾ ਦਿੱਤੇ ਜਿਵੇਂ ਕਹਿ ਰਿਹਾ ਹੋਵੇ, "ਕੁਝ ਭੀ ਨਹੀਂ " ਚਿਹਰੇ ਤੋਂ ਉਹ ਭੋਲਾ ਦਿਸਦਾ ਸੀ, ਉਸਦੀ ਖੱਬੀ ਅੱਖ ਦੇ ਥੱਲੇ ਗੱਲ ਦੇ ਉਪਰ ਕੁਝ ਕੁ ਦਿਨ ਪੁਰਾਣੀ ਸੱਟ ਦਾ ਨਿਸ਼ਾਨ ਸੀ ਜਿਸਦੇ ਆਲੇ ਦੁਆਲੇ ਦੀ ਚਮੜੀ ਭੀ ਕੁਝ ਕਾਲੀ ਹੋਈ ਹੋਈ ਸੀ।

"ਕੁਝਦਿਨ ਪਹਿਲਾਂ ਗੈਰੀ ਦੇ ਵੱਡੇ ਭਰਾ ਅਤੇ ਉਸਦੇ ਦੋਸਤ ਨੇ ਰਲ ਕੇ ਮੈਨੂੰ ਸਕੂਲ ਤੋਂ ਬਾਹਰ ਕੁੱਟਿਆ ਸੀ।" ਸੱਟ ਬਾਰੇ ਪੁੱਛਣ ਤੇ ਉਸਨੇ ਜੁਆਬ ਵਿਚ ਕਿਹਾ।

" ਉਹ ਕਿਉਂ ?" ਮੈਂ ਜ਼ਰਾ ਉਤਸਕ ਹੋ ਕੇ ਪੁਛਿਆ।

"ਗੈਰੀ ਮੇਰੀ ਹੀ ਕਲਾਸ ਵਿਚ ਪੜ੍ਹਦਾ ਹੈ ........ਯੂ ਨੋਅ ......ਉਸ ਦਿਨ ਮੈਨੂੰ ਬੜੀ ਭੁੱਖ ਲੱਗੀ ਹੋਈ ਸੀ।" ......ਮੈਂ ਉਸਦੇ ਲੰਚ ਬੈਗ ਵਿੱਚੋਂ ਉਸਦਾ ਲੰਚ ਕੱਢ ਕੇ ਖਾ ਲਿਆ ਸੀ ।" ਉਸਨੇ ਨਿਸ਼ੰਗ ਹੀ ਜੁਆਬ ਦੇ ਦਿੱਤਾ। ਹੁਣ ਮੈਨੂੰ ਉਸਦੇ ਭੋਲੇਪਨ ਨਾਲ ਕੁਝ ਹਮਦਰਦੀ ਹੋ ਰਹੀ ਸੀ।

" ਤੂੰ ਆਪਣਾ ਲੰਚ ਨਹੀਂ ਲੈ ਕੇ ਆਉਂਦਾ ਨਾਲ ?" ਮੈਂ ਪੁਛਿਆ।

"ਕਦੀ ਕਦੀ ...ਜੇ ਮਾਂ ਬਣਾ ਦੇਵੇ ਤਾਂ ........ਪਰ ਕਈ ਵਾਰੀ ਜਦੋਂ ਉਹ ਕੰਮ ਤੋਂ ਜਾਂ ਕਿਸੇ ਪਾਰਟੀ ਤੋਂ ਰਾਤ ਨੂੰ ਲੇਟ ਘਰ ਆਉਂਦੀ ਹੈ ਤਾਂ ਸਵੇਰੇ ਜਲਦੀ ਉਠਦੀ ਨਹੀ .......।.......ਕਈ ਵਾਰ ਉਹ ਲੰਚ ਲਈ ਪੈਸੇ ਦੇ ਦਿੰਦੀ ਹੈ ......ਪਰ ਮੈਂ ਉਹ ਪੈਸੇ ਵੀਡੀਓ ਗੇਮਾਂ ਖੇਲਣ ਉਪਰ ਖਰਚ ਕਰ ਦਿੰਦਾ ਹਾਂ .......ਕਦੇ ਕਦੇ ਸਟੋਰ ਤੋਂ ਖਾਣ ਲਈ ਚਾਕਲੇਟ ਖਿਸਕਾ ਲੈਂਦਾ ਹਾਂ।" ਸ਼ਾਇਦ ਛੋਟੀ ਮੋਟੀ ਚੋਰੀ ਨੂੰ ਉਹ ਬੁਰਾ ਨਹੀਂ ਸਮਝਦਾ ਸੀ ਜਾਂ ਹਾਲਾਤ ਦੇ ਮੁਤਾਬਕ ਇਹ ਉਸਦੀ ਮਜਬੂਰੀ ਬਣ ਚੁੱਕੀ ਸੀ।

ਬੱਸ ਆਪਣੀ ਮੰਜ਼ਿਲ ਉਪਰ ਪਹੁੰਚ ਚੁੱਕੀ ਸੀ ਤੇ ਸੱਤ ਅੱਠ ਮਿੰਟ ਰੁਕ ਕੇ ਬੱਸ ਨੇ ਉਸੇ ਰਸਤੇ ਵਾਪਿਸ ਮੁੜਨਾ ਸੀ। ਮੈਂ ਉੱਥੇ ਨੇੜੇ ਹੀ ਇੱਕ ਮਸ਼ੀਨ ਤੋਂ ਇੱਕ ਕਾਫ਼ੀ ਦਾ ਕੱਪ ਲਿਆ ਅਤੇ ਕੁਝ ਸੋਚਕੇ ਇੱਕ ਚਾਕਲੇਟ ਉਸਦੇ ਲਈ ਖ੍ਰੀਦ ਦਿੱਤਾ। ਹੁਣ ਉਹ ਕਾਫ਼ੀ ਖੁਲ੍ਹ ਕੇ ਮੇਰੇ ਨਾਲ ਗੱਲਾਂ ਕਰ ਰਿਹਾ ਸੀ ਜਿਵੇਂ ਮੈਨੂੰ ਕਾਫ਼ੀ ਦੇਰ ਤੋਂ ਜਾਣਦਾ ਹੋਵੇ। ਬਾਦ ਵਿਚ ਮੈਨੂੰ ਉਸਦੀਆਂ ਗੱਲਾਂ ਤੋਂ ਪਤਾ ਲੱਗਾ ਕਿ ਦੋ ਕੁ ਸਾਲ ਪਹਿਲਾਂ ਓਸਦਾ ਬਾਪ ਬਾਹਰ ਕਿਧਰੇ ਜੰਗਲ ਕੱਟਣ ਦਾ ਕੰਮ ਕਰਦਾ ਹੁੰਦਾ ਸੀ। ਦੋ ਤਿੰਨ ਹਫ਼ਤੇ ਬਾਦ ਘਰ ਮੁੜਦਾ ਹੁੰਦਾ ਸੀ। ਇੱਕ ਵਾਰੀ ਸ਼ਾਇਦ ਉਹ ਮਿੱਥੇ ਸਮੇਂ ਤੋਂ ਪਹਿਲਾਂ ਘਰ ਆ ਗਿਆ ਸੀ, ਘਰ ਆਕੇ ਉਸਨੇ ਦੇਖਿਆ ਕਿ ਉਸਦਾ ਇੱਕ ਦੋਸਤ ਉਸਦੀ ਗੈਰਹਾਜ਼ਰੀ ਵਿਚ ਇਸਦੀ ਮਾਂ ਕੋਲ ਆਇਆ ਹੋਇਆ ਹੈ। ਉਸ ਦਿਨ ਤੋਂ ਘਰ ਵਿਚ ਨਿੱਤ ਮਾਂ ਬਾਪ ਦੀ ਲੜਾਈ ਰਹਿਣ ਲੱਗ ਪਈ । ਬਾਪ ਕੰਮ ਉਪਰ ਘੱਟ ਵੱਧ ਹੀ ਜਾਂਦਾ ਸੀ ਤੇ ਸ਼ਰਾਬ ਜ਼ਿਆਦਾ ਪੀਣ ਲੱਗ ਪਿਆ ਸੀ। ਇੱਕ ਦਿਨ ਉਸਨੇ ਕਾਫ਼ੀ ਜ਼ਿਆਦਾ ਸ਼ਰਾਬ ਪੀਕੇ ਇਸਦੀ ਮਾਂ ਨੂੰ ਗਾਲ੍ਹਾਂ ਕੱਢੀਆਂ ਤੇ ਘਸੁੰਨ ਮਾਰੇ । ਘਰ ਪੁਲੀਸ ਆਈ ਤੇ ਇਸਦੇ ਬਾਪ ਨੂੰ ਲੈ ਗਈ।

ਬਾਦ ਵਿਚ ਮਾਂ ਬਾਪ ਅਲੱਗ ਹੋ ਗਏ ਤੇ ਹੁਣ ਇਸਦਾ ਬਾਪ ਕਦੀ ਕਦੀ ਹੀ ਇਸਨੂੰ ਮਿਲਦਾ ਹੈ। ਮਾਂ ਕਿਸੇ ਰੈਸਟੋਰੈਂਟ ਵਿਚ ਵੇਟਰੈੱਸ ਦਾ ਕੰਮ ਕਰਦੀ ਹੈ। ਉਸਨੂੰ ਜ਼ਿਆਦਾਤਰ ਰਾਤ ਦੀ ਸ਼ਿਫ਼ਟ ਹੀ ਕੰਮ ਕਰਨਾ ਪੈਂਦਾ ਹੈ। ਸ਼ੌਨ ਸਕੂਲੋਂ ਹਟ ਕੇ ਆਪਣੇ ਹਾਣ ਤੋਂ ਵੱਡਿਆਂ ਮੁੰਡਿਆਂ ਨਾਲ ਇੱਧਰ ਉਧਰ ਤੇ ਰਾਤ ਨੂੰ ਬੱਸਾਂ ਵਿਚ ਬੇਮਤਲਬ ਹੀ ਘੁੰਮਦਾ ਰਹਿੰਦਾ ਹੈ। ਕਦੀ ਕਦੀ ਇਸਨੇ ਆਪਣੀ ਮਾਂ ਨੂੰ ਥੋੜ੍ਹੀ ਬਹੁਤ ਪੀਕੇ ਘਰ ਆਈ ਭੀ ਦੇਖਿਆ ਹੈ।

ਵਾਪਸੀ ਉਪਰ ਬੱਸ ਮੈਂ ਜ਼ਰਾ ਕੁ ਤੇਜ਼ ਰੱਖੀ। ਮੈਂ ਚਾਹੁੰਦਾ ਸਾਂ ਕਿ ਸ਼ੌਨ ਨੂੰ ਹੋਟਲ ਬਲੂ ਬੁਆਏ ਵਲ ਜਾਣ ਵਾਲੀ ਬੱਸ ਮਿਲ ਜਾਵੇ। ਇਹ ਸ਼ਾਇਦ ਉਧਰ ਨੂੰ ਜਾਣ ਵਾਲੀ ਆਖ਼ਰੀ ਬੱਸ ਹੋਵੇਗੀ ਜਾਂ ਇਸ ਤੋਂ ਅੱਧੇ ਘੰਟੇ ਬਾਦ ਸ਼ਾਇਦ ਇੱਕ ਹੋਰ ਆਵੇ। ਮੇਰਾ ਇਹ ਆਖ਼ਰੀ ਗੇੜਾ ਸੀ ਤੇ ਦੂਸਰੇ ਪਾਸੇ ਮੰਜ਼ਿਲ ਤੇ ਪਹੁੰਚ ਕੇ ਮੈਂ ਬੱਸ ਗੈਰਜ਼ ਵਿਚ ਲਿਜਾ ਕੇ



ਖੜੀ ਕਰ ਦੇਣੀ ਸੀ।

ਜਦੋਂ ਸਾਡੀ ਬੱਸ ਉਸ ਸਟਾਪ ਦੇ ਨੇੜੇ ਪਹੁੰਚੀ ਜਿੱਥੋਂ ਸ਼ੌਨ ਨੇ ਦੂਸਰੀ ਬੱਸ ਫੜਨੀ ਸੀ ਤਾਂ ਮੈਂ ਦੇਖਿਆ ਕਿ ਬਲੂ ਬੁਆਏ ਹੋਟਲ ਵੱਲ ਜਾਣ ਵਾਲੀ ਬੱਸ ਆਪਣੇ ਸਟਾਪ ਉਪਰ ਆਈ ਖੜੀ ਹੈ ਅਤੇ ਸ਼ਾਇਦ ਤੁਰਨ ਦੀ ਤਿਆਰੀ ਵਿਚ ਹੀ ਹੈ। ਮੈਂ ਚੌਂਕ ਦੀਆਂ ਲਾਲ ਬੱਤੀਆਂ ਉਪਰ ਰੁਕੇ ਹੋਏ ਨੇ ਸ਼ੌਨ ਨੂੰ ਦਵਾ ਦਵਾ ਉਤਰ ਕੇ ਤੇ ਨੱਠ ਕੇ ਉਹ ਬੱਸ ਫੜ ਲੈਣ ਲਈ ਕਿਹਾ ਤੇ ਇੱਕ ਨਵੀਂ ਟਿਕਟ ਭੀ ਫੜਾ ਦਿੱਤੀ ਤਾਂ ਜੁ ਉਹ ਉਸ ਬੱਸ ਵਿਚ ਦਿਖਾ ਕੇ ਚੜ੍ਹ ਸਕੇ।

ਮੇਰੀ ਬੱਸ ਵਿੱਚੋਂ ਉਤਰ ਕੇ ਸ਼ੌਨ ਕਾਹਲੀ ਨਾਲ ਨੱਠਿਆ ਪਰ ਸ਼ਾਇਦ ਦੂਸਰੀ ਬੱਸ ਦੇ ਡਰਾਇਵਰ ਨੇ ਹਨ੍ਹੇਰੇ ਵਿਚ ਪਿੱਛੇ ਵੱਲੋਂ ਨੱਠਿਆ ਆਉਂਦਾ ਸ਼ੌਨ ਨਹੀਂ ਦੇਖਿਆ ਤੇ ਸ਼ੌਨ ਦੇ ਬੱਸ ਸਟਾਪ ਉਪਰ ਪਹੁੰਚਣ ਤੋਂ ਪਹਿਲਾਂ ਹੀ ਉਸਨੇ ਬੱਸ ਤੋਰ ਲਈ। ਹਫ਼ਦਾ ਹੋਇਆ ਸ਼ੌਨ ਖ਼ਾਲੀ ਬੱਸ ਸਟਾਪ ਉਪਰ ਪਹੁੰਚ ਕੇ ਜ਼ੋਰ ਨਾਲ ਚੀਖਿਆ, "ਓਅ..........ਫ਼ਾਅਕ" ਫ਼ਿਰ ਉਸਨੇ ਜ਼ੋਰ ਨਾਲ ਉੱਥੇ ਪਏ ਕੂੜੇ ਦੇ ਢੋਲ ਨੂੰ ਕਿੱਕ ਮਾਰੀ ਜਿਸ ਕਰਕੇ ਢੋਲ ਧਰਤੀ ਉਪਰ ਡਿੱਗ ਪਿਆ ਅਤੇ ਉਸ ਵਿਚਲਾ ਕੂੜਾ ਧਰਤੀ ਉਪਰ ਖਿਲ੍ਹਰ ਗਿਆ। ਸ਼ੌਨ ਕੁੱਝ ਦੇਰ ਉਧਰ ਹਨ੍ਹੇਰੇ ਵਲ ਝਾਕਦਾ ਰਿਹਾ ਜਿਧਰ ਨੂੰ ਉਸਦੀ ਬੱਸ ਗਈ ਸੀ ਤੇ ਫ਼ਿਰ ਕੂੜੇ ਦੇ ਢੇਰ ਵਿੱਚੋਂ ਡਿੱਗੇ ਅੱਧ ਜਲੇ ਸਿਗਰਟਾਂ ਦੇ ਟੁਕੜੇ ਚੁਗਣ ਲੱਗ ਪਿਆ।

( ਦਸੰਬਰ 1990 )

# ਸਰਦ ਰਿਸ਼ਤੇ

"... ... ...ਲਾਂਡਰ .......... ?" ਕਮਜ਼ੋਰ ਜਿਹੀ ਆਵਾਜ਼ ਨਾਲ ਘਸਮੈਲੇ ਜਿਹੇ ਰੰਗ ਦੀ ਉਘੱੜ ਦੁੱਘੜੀ ਬੰਨੀ ਪੱਗ ਵਾਲੇ ਇਸ ਬਜ਼ੁਰਗ ਨੇ ਬੱਸ ਚੜ੍ਹਨ ਤੋਂ ਪਹਿਲਾਂ ਦਰਵਾਜ਼ੇ ਵਿੱਚ ਖੜ੍ਹ ਕੇ ਪੁੱਛਿਆ। ਮੈਲੇ ਜਿਹੇ ਤੇ ਕੁੱਝ ਮੋਟੇ ਸ਼ੀਸ਼ਿਆਂ ਵਾਲੀ ਕਾਲੇ ਜਿਹੇ ਫ਼ਰੇਮ ਦੀ ਐਨਕ ਵਿੱਚੋਂ ਉਸ ਦੀਆਂ ਅੱਖਾਂ ਸ਼ਾਇਦ ਡਰਾਇਵਰ ਦੀ ਸੀਟ ਤੇ ਬੈਠਾ ਡਰਾਇਵਰ ਲੱਭਣ ਦੀ ਕੋਸ਼ਿਸ਼ ਕਰ ਰਹੀਆਂ ਸਨ।

"ਹਾਂ ਜੀ, ਲੰਘ ਆਉ," ਮੈਂ ਸੀਟ ਤੋਂ ਜੁਆਬ ਦਿੱਤਾ। ਮੈਂ ਸਮਝ ਗਿਆ ਕਿ ਬਜ਼ੁਰਗ ਇਹ ਪੁੱਛਣਾ ਚਾਹੁੰਦਾ ਹੈ ਕਿ ਇਹ ਬੱਸ 'ਲੈਡਨਰ' ਜਾਵੇਗੀ ਕਿ ਨਹੀਂ। 'ਲੈਡਨਰ' ਵੈਨਕੂਵਰ ਦੇ ਨਜ਼ਦੀਕ ਹੀ ਇੱਕ ਛੋਟਾ ਜਿਹਾ ਕਸਬਾ ਹੈ ਤੇ ਵੈਨਕੂਵਰ ਤੋਂ ਇੱਥੇ ਪਹੁੰਚਣ ਲਈ ਪਹਿਲਾਂ ਰਿਚਮੰਡ ਵਿੱਚੋਂ ਲੰਘਣਾ ਪੈਂਦਾ ਹੈ। ਪੰਜਾਬੀ ਲੋਕ ਆਮ ਤੌਰ ਇਸ ਨੂੰ "ਲਾਂਡਰ" ਹੀ ਕਹਿ ਦਿੰਦੇ ਹਨ।

ਹੌਲੀ ਹੌਲੀ ਬੱਸ ਦੀਆਂ ਪੌੜੀਆਂ ਚੜ੍ਹ ਕੇ ਹਥਲੀ ਖੂੰਡੀ ਸੰਭਾਲਦਾ ਬਜ਼ੁਰਗ ਮੇਰੇ ਸੱਜੇ ਹੱਥ ਸਾਹਮਣੀ ਸੀਟ ਉਪਰ ਬਹਿ ਗਿਆ। ਚਾਲ ਢਾਲ ਤੋਂ ਉਹ ਕਮਜ਼ੋਰ ਪ੍ਰਤੀਤ ਹੁੰਦਾ ਸੀ। ਸੀਟ ਤੇ ਬੈਠਣ ਤੋਂ ਬਾਦ ਉਸਨੇ ਆਪਣੇ ਨਸਵਾਰੀ ਜਿਹੇ ਕੋਟ ਦੀ ਜੇਬ ਵਿਚੋਂ ਟਿਕਟ ਕੱਢ ਕੇ ਦਿਖਾਇਆ ਤੇ ਫਿਰ ਜਿਵੇਂ ਕੁੱਝ ਯਾਦ ਆ ਗਿਆ ਹੋਵੇ, ਅੱਧਖੁਲ੍ਹੀ ਚਿੱਟੀ ਦਾੜ੍ਹੀ ਤੇ ਖਾਜ ਜਿਹੀ ਕਰਦਾ ਹਲਕੀ ਜਿਹੀ ਮੁਸਕਾਨ ਨਾਲ ਬੋਲਿਆ,

"ਤੂੰ ਤਾਂ ਆਪਣਾ ਬੰਦਾ ਈ ਨਿਕਲਿਆ ਜਾਰ।"

"ਹਾਂ ਜੀ, ..... ..... ਸੁਣਾਓ ਕਿਧਰੋਂ ਆਏ ਅੱਜ ?"

"ਆਹ ਛੋਟੇ ਗੁਰਦੁਆਰਿਉਂ .......ਨੌਂ ਨੰਬਰ ਆਲੀ ਬੱਸ ਐਥੇ ਤਾਈਂ ਲੈ ਆਈ............ਐਥੇ ਆ ਕੇ ਕਈ ਚਿਰ ਲੱਗਾ ..............ਕਈਆਂ ਬੱਸਾਂ ਬਾਲਿਆਂ ਨੂੰ ਪੁੱਛਿਆ ਪਈ ਇਹ ਲਾਂਡਰ ਜਾਣੀ ਆਂ ............ਕਹਿੰਦੇ ਨੋਅ ............ ਦੋਂਹ ਨੇ ਤਾਂ ਜੁਆਬ ਨੀ ਦਿੱਤਾ ............" ਬਜ਼ੁਰਗ ਨੇ ਜਿਵੇਂ ਮੇਰੇ ਕੋਲ ਸ਼ਿਕਾਇਤ ਲਾਈ।

"ਭਾਈਆ ਜੀ ਐਸ ਵੇਲੇ ਲੈਡਨਰ ਵਾਲੀ ਬੱਸ ਅੱਧੇ ਅੱਧੇ ਘੰਟੇ ਬਾਦ ਆਉਂਦੀ ਹੈ........" ਮੈ ਵੀ ਜਿਵੇ ਸਫ਼ਾਈ ਦਿੱਤੀ।

"ਹਲਾ ਬਈ......... ਰਿੱਚਮੈਂਟ ਚੋਂ ਤਾਂ ਛੇਤੀ ਮਿਲ ਜਾਂਦੀ ਆ ............ ਐਧਰ ਆਈਦਾ ਈ ਨੀ ਬਾਹਲਾ ............ਓ ਬੜੇ ਗੁਰਦੁਆਰਿਉਂ ਨੈਟ ਬਿਰਜ ਬਾਲੀ ਬੱਸ ਰਿੱਚਮੈਂਟ ਲੈ ਔਂਦੀ ਆ ........... ਗਾਹਾਂ ਫੇ ਲਾਂਡਰ ਬਾਲੀ ਆ ਜਾਂਦੀ ਆ.......।"

".....ਹਾਂ ਜੀ ਬੜੇ ਗੁਰਦੁਆਰਿਉਂ ਮੌਜ ਆ ਬੱਸਾਂ ਦੀ, ਖਾਸ ਕਰ ਆਪਣੇ ਬਜ਼ੁਰਗਾਂ



ਲਈ ............ਆਹ ਛੋਟਾ ਗੁਰਦੁਆਰਾ ਜਰਾ ਦੂਰ ਪੈਂਦਾ", ਮੈ ਕਿਹਾ। ਸ਼ਾਮ ਦੇ ਤਕਰੀਬਨ ਅੱਠ ਵੱਜ ਚੁੱਕੇ ਸਨ। ਗਰਮੀਆਂ ਨੂੰ ਵੈਨਕੂਵਰ ਵਿੱਚ ਸ਼ਾਮ ਦੇ ਸਾਢੇ ਨੌਂ ਵੱਜਣ ਤੱਕ ਭੀ ਸੂਰਜ ਦੀ ਲੋਅ ਰਹਿੰਦੀ ਹੈ ਜੇਕਰ ਦਿਨ ਪੱਧਰਾ ਹੋਵੇ।

ਫਿਰ ਜਿਸ ਸੁਆਲ ਦੀ ਮੈਨੂੰ ਉਡੀਕ ਸੀ ਬਜ਼ੁਰਗ ਨੇ ਗਲਾ ਸਾਫ਼ ਕਰਕੇ ਪੁੱਛਿਆ," ਕਿਹੜਾ ਪਿੰਡ ਬਈ ਆਪਣਾ ਜੁਆਨਾ ..........?"

"ਹੁਣ ਤਾਂ ਜੀ ਆਹੀ ਸਮਝੋ ..........ਜਿੱਥੇ ਐਨੀ ਦੇਰ ਹੋ ਗਈ ਰਹਿੰਦਿਆਂ। ਵੈਸੇ ਅਸੀਂ ਹੁਸ਼ਿਆਰਪੁਰ ਜ਼ਿਲੇ ਤੋਂ ਹਾਂ।"

ਬਜ਼ੁਰਗ ਨੇ ਮਾੜਾ ਜਿਹਾ ਸਿਰ ਹਿਲਾਇਆ ਤੇ ਜਿਵੇਂ ਉਡੀਕਦਾ ਹੋਵੇ ਕਿ ਮੈਂ ਭੀ ਉਸ ਤੋਂ ਉਸਦਾ ਪਿੰਡ ਪੁੱਛਾਂ।

"ਆਪਣਾ ਕਿਹੜਾ, ਭਾਈਆ ਜੀ ?"

"ਆਹ (...........) ਗੁਰਾਇਆਂ ਲਾਗੇ।" ਬਜ਼ੁਰਗ ਨੇ ਜਿਵੇਂ ਕੁੱਝ ਚਾਅ ਨਾਲ ਦੱਸਿਆ।

"ਤੁਹਾਡਾ ਤਾਂ ਸਾਰਾ ਆਲਾਕਾ ਈ ਬਾਹਰ ਆ, ਇੰਗਲੈਂਡ ਜਾਂ ਕਨੇਡਾ।" ਮੈਂ ਜਿਵੇ ਉਸਦੇ ਪਿੰਡ ਦੀ ਤਾਰੀਫ਼ ਕੀਤੀ, ਪਰ ਕੈਨੇਡਾ ਦਾ ਨਾਮ ਸੁਣ ਕੇ ਜਿਵੇਂ ਉਸਦਾ ਚਾਅ ਗਾਇਬ ਹੋ ਗਿਆ ਹੋਵੇ। ਕੁੱਝ ਦੇਰ ਚੁੱਪ ਰਹਿਣ ਬਾਦ ਬੋਲਿਆ, "ਕਾਦ੍ਹਾ ਬਾਰੂ ਜੀ............ਫਿਰ ਇੱਕ ਲੰਮਾ ਜਿਹਾ ਸਾਹ ਭਰਕੇ ਬੋਲਿਆ, ਪਿੰਡ ਪਿੰਡੋ ਈ ਹੁੰਦਾ.........।"

"..........ਕਿੰਨੀ ਕੁ ਦੇਰ ਹੋ ਗਈ ਤੁਹਾਨੂੰ ਇੱਥੇ ਆਇਆਂ ਨੂੰ?" ਮੈਨੂੰ ਲੱਗਦਾ ਸੀ ਕਿ ਉਸਨੂੰ ਕੈਨੇਡਾ ਆਏ ਨੂੰ ਜ਼ਿਆਦਾ ਦੇਰ ਨਹੀਂ ਹੋਈ ਹੈ।

".....ਆ ਹੋ ਗਏ ਜੀ ਛੇ ਸੱਤ ਮ੍ਹੀਨੇ.....।"

ਜਿਵੇਂ ਕੁਝ ਹਿਸਾਬ ਲਾ ਕੇ ਦੱਸਿਆ ਹੋਵੇ।

"ਕੋਈ ਨਹੀਂ ਭਾਈਆ ਜੀ, ਹੌਲੀ ਹੌਲੀ ਤੁਹਾਡਾ ਦਿਲ ਲੱਗ ਜਾਣਾ ਆਪਣੇ ਟੱਬਰ ਨਾਲ।" ਮੈਂ ਜ਼ਰਾ ਹੌਂਸਲਾ ਦੇਣ ਦੇ ਲਿਹਾਜ਼ ਨਾਲ ਕਿਹਾ। ਆਮ ਕਰਕੇ ਇੱਥੇ ਖਿਆਲ ਕੀਤਾ ਜਾਂਦਾ ਹੈ ਕਿ ਕੈਨੇਡਾ ਵਿਚ ਆਪਣੇ ਬੁੜ੍ਹੇ ਐਸ਼ ਕਰਦੇ ਹਨ। ਖੁਲ੍ਹਾ ਖਾਣ ਪੀਣ ਨੂੰ, ਚੜ੍ਹਨ ਲਈ ਕਾਰਾਂ, ਇਨ੍ਹਾਂ ਨੂੰ ਹੋਰ ਕੀ ਚਾਹੀਦਾ?

ਪਰ ਉਹ ਉਲਟਾ ਹੀ ਬੋਲਿਆ, "ਹੁਣ ਦਿਲ ਦੁਲ ਕੀ ਲੱਗਣਾ........ਹੁਣ ਤਾਂ ਗਾਹਾਂ ਈ .........'ਕਹਿ ਕੇ ਉਸਨੇ ਸਿਰ ਝੁਕਾ ਲਿਆ ਤੇ ਆਪਣੇ ਪੈਰਾਂ ਵਿਚ ਪਈ ਘੁਸੀ ਹੋਈ ਗੁਰਗਾਬੀ ਵੱਲ ਦੇਖਣ ਲੱਗ ਪਿਆ। ਉਸਦੀ ਉਦਾਸੀ ਮੈਨੂੰ ਕੁਝ ਰੜਕ ਰਹੀ ਸੀ। ਕੁਝ ਦੇਰ ਬਾਦ ਗੱਲਾਂ ਦਾ ਰੁਖ਼ ਮੋੜਨ ਲਈ ਮੈਂ ਉਸਨੂੰ ਪੁਛਿਆ, "ਅੱਜ ਛੋਟੇ ਗੁਰਦੁਆਰੇ

ਕੋਈ ਖ਼ਾਸ ਗੱਲ ਸੀ ?" ਤੇ ਜਿਵੇਂ ਉਸਦਾ ਧਿਆਨ ਸੋਚਾਂ ਦੀ ਲੜੀ ਵਿੱਚ ਉਖੜਿਆ ਹੋਵੇ , ਮੂੰਹ ਉਤਾਂਹ ਨੂੰ ਕਰਕੇ ਕੁਝ ਯਾਦ ਕਰਕੇ ਬੋਲਿਆ, " ........ਆ.. ...ਆ ਜਾਗਰ ਸੂੰ ਬੜੇ ਪਿੰਡੀਏ ਨੇ ਖੰਡ ਪਾਠ ਖੁਲਾਇਆ ਆ ........ਤਿੰਨਾਂ ਪੋਤੀਆਂ ਬਾਦ ਪੋਤਾ ਹੋਇਆ........।"

ਫਿਰ ਜਿਵੇਂ ਆਪਣੇ ਆਪ ਨਾਲ ਗੱਲਾਂ ਕਰਦਾ ਹੋਵੇ " ......ਐਮੀ ......ਬਾਧੂ ਈ .......।"

ਪੋਤੇ ਪੋਤੀਆਂ ਤੋਂ ਮੈਨੂੰ ਉਸਦੇ ਟੱਬਰ ਬਾਰੇ ਜਾਨਣ ਦਾ ਵਿਚਾਰ ਆਇਆ ਤੇ ਕੁਝ ਸਿਆਣਿਆਂ ਵਾਲੇ ਤਰੀਕੇ ਨਾਲ ਮੈਂ ਉਸਨੂੰ ਪੁੱਛਿਆ, " ਟੱਬਰ ਤਾਂ ਸੁੱਖ ਨਾਲ ਆਪਣਾ ਭੀ ਇੱਥੇ ਹੀ ਹੋਣਾ ?" ਜਿਵੇਂ ਮੈਂ ਉਸਦੀ ਦੁਖਦੀ ਰਗ ਨੂੰ ਛੇੜ ਦਿਤਾ ਹੋਵੇ , ਕੁਝ ਦੇਰ ਖ਼ਾਮੋਸ਼ ਰਹਿ ਕੇ ਉਦਾਸ ਜਿਹੀ ਆਵਾਜ਼ ਵਿਚ ਬੋਲਿਆ, " .......ਕਾਦ੍ਹਾ ਟੱਬਰ ਜੀ ........ਪਿਛਲੀ ਉਂਬਰੇ ਆਹ ਇੱਕ ਮੁੰਡਾ ਹੋਇਆ ਸੀ , ਬੱਸ .......... ਮੇਰੇ ਘਰੋਂ ਬਚਾਰੀ ਨੇ ਕੋਈ ਗੁਰਦੁਆਰਾ ਨਹੀਂ ਛੱਡਿਆ ਜਿੱਥੇ ਪਾਠ ਨਾ ਸੁਖਿਆ ਹੋਵੇ .........ਤੇ ਹੋਰ ਕਿੰਨੇ ਈ (ਰੁਪੈ) ਸਾਧਾਂ ਪੀਰਾਂ ਦੇ ਮੂੰਅ ਰੋੜ੍ਹ ਦਿੱਤੇ ........."

" ਇਹ ਲੜਕਾ ਤੁਹਾਡਾ ਜਿਹੜਾ ਲਾਂਡਰ ਰਹਿੰਦਾ ?" ਮੈਂ ਗੱਲ ਸਮਝਣ ਦੇ ਖ਼ਿਆਲ ਨਾਲ ਪੁੱਛਿਆ।

" .....ਆਹੋ ......ਏਹੀ .........ਪੈਲ੍ਹਾਂ ਏਹਦੇ ਜੰਮਣ ਨੇ ........ਫੇਰ ਆਹ ਕਨੇਡੇ ਭੇਜਣ ਨੇ.......ਮੇਰਾ ਤਾਂ ਬੱਸ .....ਪਾਠਾਂ ਨੇ ਈ ....ਸੱਭ ਕਾਸ , ਛੋਟੀ ਜਿਹੀ ਮੇਰੀ ਜੀਮੀਦਾਰੀ ਸੀ .......ਪਰ ਐਥੇ ਨਾਲੋਂ ਤਾਂ ......ਚੰਗੇ ਸੀ ਆਪਣੇ ਘਰ ਜਿੱਦਾਂ ਦੇ ਭੀ .....।"

ਬੱਸ ਵੈਨਕੂਵਰ ਵਿੱਚੋ ਨਿਕਲਣ ਤੋਂ ਪਹਿਲਾਂ ਆਖ਼ਰੀ ਸਟਾਪ ਤੇ ਰੁਕੀ। ਇਸ ਤੋਂ ਬਾਦ ਬੱਸ ਨੇ ਲੈਂਡਨਰ ਵੱਲ ਜਾਣ ਵਾਲੇ ਹਾਈਵੇ ਉਪਰ ਪੈ ਜਾਣਾ ਸੀ। ਇਸ ਸਟਾਪ ਤੋਂ ਕਈ ਸੁਆਰੀਆਂ ਚੜ੍ਹੀਆਂ। ਬੱਸ ਦੀਆਂ ਤਕਰੀਬਨ ਸੱਭ ਸੀਟਾਂ ਭਰ ਚੁੱਕੀਆਂ ਸਨ। ਸਿਰਫ਼ ਬਜ਼ੁਰਗ ਦੇ ਨਾਲ ਵਾਲੀ ਸੀਟ ਖ਼ਾਲੀ ਪਈ ਸੀ।

ਇੱਕ ਪੱਚੀਆਂ ਕੁ ਵਰ੍ਹਿਆਂ ਦੀ ਅਪ-ਟੂ-ਡੇਟ ਜਿਹੀ ਗੋਰੀ ਨੂੰ ਸੀਟ ਨਾ ਮਿਲੀ, ਉਹ ਬਜ਼ੁਰਗ ਦੇ ਨੇੜੇ ਹੀ ਛੱਤ ਵਾਲਾ ਡੰਡਾ ਫੜ ਕੇ ਖੜ ਗਈ। ਬਜ਼ੁਰਗ ਨੇ ਉਸਨੂੰ ਪੈਰਾਂ ਤੋਂ ਸਿਰ ਤੱਕ ਦੇਖਿਆ ਅਤੇ ਐਨਕਾਂ ਵਿੱਚੋਂ ਅੱਖਾਂ ਸਿਕੋੜਦੇ ਹੋਏ ਨੇ ਉਹਦੇ ਚੇਹਰੇ ਵੱਲ ਨੀਝ ਲਾਉਣ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਜਗਹ ਤੇ ਹੀ ਥੋੜ੍ਹਾ ਹੋਰ ਸੁੰਗੜ ਕੇ ਬੈਠ ਗਿਆ ਜਿਵੇਂ ਕਿ ਆਪਣੇ ਵੱਲੋਂ ਉਸ ਮੁਟਿਆਰ ਨੂੰ ਸ੍ਰਿਸ਼ਟਾਚਾਰ ਵਜੋਂ ਕਹਿ ਰਿਹਾ ਹੋਵੇ ਕਿ ਬੀਬਾ ਖੜੀ ਕਾਹਤੋਂ ਆਂ ਇਸ ਖ਼ਾਲੀ ਸੀਟ ਤੇ ਬੈਠ ਜਾ। ਪਰ ਸ਼ਾਇਦ ਉਸ ਬੀਬਾ ਨੂੰ ਬਜ਼ੁਰਗ ਦਾ ਸ੍ਰਿਸ਼ਟਾਚਾਰ ਚੰਗਾ ਨਹੀਂ ਲੱਗਾ ਜਾਂ ਉਸਨੂੰ ਮੈਲੇ ਜਿਹੇ ਅਤੇ ਪੱਗ ਦਾੜ੍ਹੀ ਵਾਲੇ ਬੁੜੇ ਦੇ ਕੋਲ ਬੈਠਣਾ ਠੀਕ ਨਾ ਲੱਗਾ। ਬੈਠਣ ਦੀ ਬਜਾਏ ਉਹ ਬੱਸ ਦੇ ਪਿੱਛੇ ਵੱਲ ਜਾ ਕੇ ਇੱਕ ਹੋਰ ਡੰਡਾ ਫੜ ਕੇ ਖੜੀ ਹੋ ਗਈ। ਬਜ਼ੁਰਗ ਨੇ ਮੁੜ ਨੀਵੀਂ ਪਾ ਲਈ।

ਮੈਨੂੰ ਉਸ ਨੱਕ ਚੜ੍ਹੀ ਮੁਟਿਆਰ ਦਾ ਵਰਤਾਅ ਅੱਛਾ ਨਾ ਲੱਗਾ ਤੇ ਮੈਨੂੰ ਲੱਗਾ



ਕਿ ਸ਼ਾਇਦ ਬਜ਼ੁਰਗ ਦੇ ਮਨ ਨੂੰ ਭੀ ਠੇਸ ਪਹੁੰਚੀ ਹੈ। ਸ਼ਾਇਦ ਇਸੇ ਕਰਕੇ ਉਹ ਚੁੱਪ ਹੋ ਗਿਆ ਸੀ।

" ਤੁਹਾਡੇ ਘਰੋਂ ਭੀ ਇੱਥੇ ਈ ਆ ?" ਮੈਂ ਪੁੱਛਿਆ।

ਬਜ਼ੁਰਗ ਦੀ ਸੋਚਾਂ ਦੀ ਲੜੀ ਫਿਰ ਟੁੱਟੀ। " ਕਾਹਨੂੰ ....." ਲੱਗ ਪੱਗ ਰੋਣਹਾਕੀ ਆਵਾਜ਼ ਵਿਚ ਬੋਲਿਆ," .......ਉਹ ਤਾ ਬਚਾਰੀ .....ਸਾਲ ਕੁ ਹੋਇਆ ਤਾਂ .....ਗੁਜ਼ਰ ਗਈ......।....ਪੈਲਾਂ ਏਹਦੀਆਂ ਸੁਖਾਂ , ਫੇਅ ਏਦ੍ਹੇ ਗਾਹਾਂ ਮੁੰਡਿਆਂ ਦੀਆਂ .... ਸਾਰੀ ਉਂਬਰ ਉਹ ਤਾਂ ਬੱਸ ਏਹੀ ........ਫਿਕਰਾਂ ਨੇ ਈ ਬਚਾਰੀ ਖਾ ਲਈ......"

ਕੁਝ ਦੇਰ ਚੁਪ ਰਹਿ ਕੇ ਜਿਵੇਂ ਯਾਦ ਕਰਦਾ ਹੋਵੇ, " .......ਬੜਾ ਚਾਅ ਸੀ ਉਹਨੂੰ ਪੋਤਿਆਂ ਦਾ . . ...ਕਨੇਡੇ ਦਾ......। ਇਹ ਸੌਰਾ ਐਸਾ ਕਨੇਡੇ ਆਇਆ ਮੁੜਕੇ ਮਿਲਣ ਈ ਨੀ ਗਿਆ ..........ਚਿੱਠੀ ਚਪੱਠੀ ਭੀ ਲੰਡੇ ਡੰਗ ਪੌਂਦਾ........ਮਾਂ ਏਦ੍ਹੀ ਡੀਕਦੀ ਰੈਂਦੀ ਹਰ ਬਰ੍ਹੇ . . ...ਕਦੇ ਕਹਿਣਾ ਕਿ ਨਿਆਣੇ ਹੱਲੇ ਨਿੱਕੇ ਆ, ਗਾਹਾਂ ਦੇ ਬਰ੍ਹੇ ਆਮਾਂਗੇ.......ਕਦੇ, ਅਸੀਂ ਨਮੀਂ ਕਾਰ ਲੈ ਲਈ........ਕਦੇ ਅਸੀਂ ਨਮਾਂ ਘਰ ਲੈ ਲਿਆ, ਆ ਨੀ ਹੋਣਾ.......। ਉਹ ਜ਼ੈਲਦਾਰਨੀ ਦਾ ਬੱਲ ਕਿ ਠੰਡੇ ਮੁਲਖ਼ੀ ਜਾਕੇ ਲਹੂ ਭੀ ਠੰਡਾ ਹੋ ਰੈਂਦਾ,ਓਦ੍ਹੇ ਪੁੱਤ ਬੀ ਉਹਦੀ ਬਾਤ ਨੀ ਪੁੱਛਦੇ ......" ਕੁਝ ਦੇਰ ਚੁੱਪ ਰਹਿ ਕੇ ਫਿਰ ਬੋਲਿਆ, " ਉਦਾਂ ਤਾਂ ਖਰਾ ਹੋਇਆ ਕਿਸ਼ਨਕੁਰ ਕਨੇਡਾ ਦੇਖੇ ਬਿਨਾਂ ਈ ਚਲੇ ਗਈ ...... ਰੁਲਣੋਂ ਤਾਂ ਬਚ ਗਈ .......ਨਈਂ ਤਾਂ ਮੇਰੇ ਖਾਲੀ ਖੇਹ ਉਨ ਭੀ ਫੱਕਣੀ ਸੀ ......."

ਮੁਹਰਲੀਆਂ ਸੀਟਾਂ ਦੀਆਂ ਸੁਆਰੀਆਂ ਕਦੇ ਬਜ਼ੁਰਗ ਨੂੰ ਤੇ ਕਦੇ ਮੈਨੂੰ ਕੁਝ ਧਿਆਨ ਨਾਲ ਦੇਖ ਰਹੀਆਂ ਸਨ। ਬਜ਼ੁਰਗ ਨੂੰ ਜਿਵੇਂ ਮਸੀਂ ਕੋਈ ਦੁਖ ਫਰੋਲਣ ਵਾਲਾ ਮਿਲਿਆ ਹੋਵੇ। ਕੁਝ ਚਿਰ ਚੁਪ ਰਹਿ ਕੇ ਆਪ ਹੀ ਬੋਲ ਪਿਆ, " ......ਲੈ ਆਹ ਕੋਈ ਬਰੇਸ ਆ ਮੇਰੀ ......ਅੱਸੀਆਂ ਨੂੰ ਢੁਕਿਆ ਆਂ.....ਫ਼ਾਰਮਾਂ ਨੂੰ ਭੇਜ ਤਾ ਮੈਨੂੰ ...ਅਖੇ ਘਰ ਬੇਹਲਾ ਬੈਠਣ ਨਾਲੋਂ ਖਰਾ.......ਨਾਲੇ ਸਾਰਾ ਸਾਲ ਪੈਸੇ ਔਂਦੇ ਰ੍ਹੈਣਗੇ...... ..ਤੀਏ ਦਿਨ ਮੇਤੋਂ ਤਾਂ ਉਠੇ ਈ ਨੀ ਹੋਇਆ ......ਗੋਡੇ ਭੀ ਕੀ ਕਰਨ.......ਬਥੇਰਾ ਕੀਤਾ ਸਾਰੀ ਉਂਬਰ ......ਡੂਢ ਡੂਢ ਖੇਤ ਭੀ ਕੱਢ ਦੇਈਦਾ ਸੀ ਦਿਆੜੀ ਦਾ .....ਪਰ ਫ਼ੈਦਾ ਕੀ ਹੋਇਆ ਜਦ ਏਸ ਬਰੇਸੇ ਕੋਈ ਫ਼ਿਟੇ ਮੂੰਅ ਨੀ ਕ੍ਹੈਂਦਾ......?"

ਬਜ਼ੁਰਗ ਨੇ ਜਿਵੇਂ ਆਪਣੇ ਆਪ ਨੂੰ ਕਿਹਾ।

" ਚਲੋ ਭਾਈਆ ਜੀ ਖਾਣ ਪਹਿਨਣ ਨੂੰ ਮਿਲਦਾ ਰਹੇ , ਇਹੀ ਬੜਾ।" ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਬਜ਼ੁਰਗ ਨੂੰ ਕੀ ਹੌਸਲਾ ਦਿਆਂ।

"....ਸਬੇਰ ਨੂੰ ਕੱਪ ਚਾਹ ਦਾ ਪੀਕੇ ਗੁਰਦੁਆਰੇ ਆ ਜਾਈਦਾ.........ਸ਼ਾਮ ਦਾ ਲੰਗਰ ਛਕ ਕੇ ਈ ਬੱਸੇ ਬੈਠੀਦਾ.....।....ਨੌਂਹ ਮੇਰੀ ਇੱਕ ਦਿਨ ਫ਼ੂਨ ਤੇ ਕਿਸੇ ਨਾਲ ਗੱਲ ਕਰਦੀ ਸੀ......ਅਖੇ ਬੁੜਾ ਕੰਮ ਕਰਨ ਦਾ ਮਾਰਾ ਗੋਡੇ ਫੜ ਕੇ ਬੈਠ ਗਿਆ......ਕੰਮ ਕਰਦਾ ਹੁੰਦਾ ਤਾਂ ਫ਼ਾਰਮਾਂ 'ਚ ਈ ਛੱਡ ਦੇਣਾ ਸੀ, ਘਰ ਏਹਨੂੰ ਬਾਸ਼ਰੂਮ ਬਰਤਣ ਦਾ ਨੀ

ਪਤਾ.....।.......ਓਦਣ ਦਾ ਆਪਾਂ ਤਾਂ ਸੌਣ ਬੋਲੇ ਈ ਘਰ ਜਾਈਦਾ......ਬੇਸਮਿੰਟ ਬਿੱਚ ਇੱਕ ਮੰਜਾ ਦਿੱਤਾ ਆ....। ਘਰ ਭੀ ਕੀ ਕਰਾਂ..... ਉਪਰ ਨਿਆਣੇ ਉੱਚੀ ਉੱਚੀ ਟੀ.ਬੀ. ਲਾ ਰੱਖਦੇ ਆ ...ਉਦ੍ਹੇ ਬਿੱਚ ਆ ਜਾਂਘੀਏ ਜਿਹੇ ਲਾਈ ਟੱਪਦੀਆਂ ਰੈਂਹਦੀਆਂ। ....ਕਦੇ ਮੈਨੂੰ ਕੈਂਹਦੇ ਆ ਤੇਰੀ ਦਾੜੀ 'ਚੋਂ ਮੁਸ਼ਕ ਔਂਦਾ ....... । ਮੁੰਡੇ ਕੋਲ ਟੈਮ ਈ ਨੀ ਹਾਲ ਪੁੱਛਣ ਦਾ.......ਜਾਂ ਕੰਮ ਤੇ ਓਵਰ ਟੈਮ .....ਜਾਂ ਭਾਈਬੰਦਾ ਨਾਲ ਪੀਈ ਜਾਣੀ.. ...ਘਰਾਂ ਦੀਆਂ ਈ ਗੱਲਾਂ ਕਰਦੇ ਰੈਂਦੇ ਆ . ...ਨਮੇਂ ਘਰ......ਬੜੇ ਘਰ ..... ਇਨ੍ਹਾਂ ਨੂੰ ਕੋਈ ਪੁੱਛੇ ਬੁੜ੍ਹੇ ਤਾਂ ਤੁਹਾਡੇ ਸੜਕਾਂ ਤੇ ਰੁਲਦੇ ਫ਼ਿਰਦੇ ਆ.......ਕੀ ਕਰਨਾ ਬੜੇ ਘਰਾਂ ਨੂੰ .......।"

ਬਜ਼ੁਰਗ ਦੀ ਗੱਲ ਨੇ ਮੈਨੂੰ ਲਾਜਵਾਬ ਕਰ ਦਿੱਤਾ। ਫਿਰ ਕੁਝ ਹਿਰਖ ਨਾਲ ਬੋਲਿਆ, " ......ਹਰ ਬੀਕ ਐਂਡ ਖੰਡ ਪਾਠ . ....ਜਾਂ ਪਾਰਟੀ ....ਮੇਰੀ ਕੇਹਨੂੰ ਲੋੜ ਆ ਕੋਈ ......।"

"ਕੋਈ ਨਹੀਂ ਭਾਈਆ ਜੀ, ਇਸ ਤਰ੍ਹਾਂ ਨਾ ਕਹੋ, ਬੰਦੇ ਦੀ ਤਾਂ ਹਰ ਵੇਲੇ ਬੰਦੇ ਨੂੰ ਲੋੜ ਹੁੰਦੀ ਹੈ ਨਾਲੇ ਬਜ਼ੁਰਗਾਂ ਦੀ ਤਾਂ....."

ਉਹ ਮੇਰੀ ਗੱਲ ਵਿੱਚੇ ਹੀ ਕੱਟਦਾ ਬੋਲਿਆ, " ਹਾਅਅ...। ਜੇ ਓਹ ਜੀਂਦੀ ਹੁੰਦੀ ਤਾਂ ਮੈਂ ਕਦੋ ਦਾ ਪਿੰਡ ਮੁੜ ਜਾਣਾ ਸੀ ਪਰ ਉਹ ਤਾਂ .........."

ਬੱਸ ਜਾਰਜ ਮੈਸੀ ਸੁਰੰਗ ਪਾਰ ਕਰ ਰਹੀ ਸੀ ਤੇ ਖੜਾਕੇ ਵਿਚ ਮੈਨੂੰ ਉਸਦੀ ਬਾਕੀ ਗੱਲ ਸਮਝ ਨਾ ਪਈ। ਸੁਰੰਗ ਪਾਰ ਕਰਕੇ ਬੱਸ ਅਗਲੀ ਲਾਈਟ ਤੋਂ ਲੈਡਨਰ ਵੱਲ ਮੁੜ ਗਈ। ਨੌਂ ਕੁ ਵੱਜ ਚੁਕੇ ਸਨ ਪਰ ਅਜੇ ਭੀ ਦਿਨ ਛਿਪਿਆ ਨਹੀਂ ਸੀ।

"ਲੈਡਨਰ ਆ ਗਿਆ ਭਾਈਆ ਜੀ, ਕਿੱਥੇ ਕੁ ਉਤਰਨਾ ਤੁਸੀਂ ?"

ਬਜ਼ੁਰਗ ਜਿਵੇਂ ਖਿਆਲਾਂ ਵਿੱਚੋਂ ਫ਼ਿਰ ਜਾਗਿਆ ਹੋਵੇ, ".....ਹੈਂਅ....ਆ ਗਏ ......।"

ਫਿਰ ਐਨਕ ਦੇ ਸ਼ੀਸ਼ਿਆਂ ਵਿੱਚੋਂ ਅੱਖਾਂ ਸਿਕੋੜਦਾ ਬਾਹਰ ਵਲ ਦੇਖਕੇ ਬੋਲਿਆ, " ......ਅਜੇ ਤਾਂ ਕਈ ਦਿਨ ਪਿਆ .....ਔਹ ਪਾਰਕ ਕੋਲ ਲਾਹਦੇ ਮੈਨੂੰ .......ਗਾਹਾਂ ਮੈਂ ਤੁਰ ਕੇ ਚਲਾ ਜਾਊਂ ...... ਨੇੜੇ ਈ ਆ .......।"

ਮੈਂ ਪਾਰਕ ਦੇ ਕੋਲ ਬੱਸ ਰੋਕੀ, " ਚੰਗਾ ਬਈ ਜੁਆਨਾ ........'" ਕਹਿ ਕੇ ਬਜ਼ੁਰਗ ਹੌਲੀ ਹੌਲੀ ਬੱਸ ਵਿੱਚੋਂ ਉਤਰ ਗਿਆ। ਬਾਹਰ ਆਕੇ ਉਸਨੇ ਇੱਕ ਵਾਰ ਨੀਝ ਜਿਹੀ ਲਾਕੇ ਸੂਰਜ ਵਲ ਦੇਖਿਆ ਜਿਵੇਂ ਅੰਦਾਜ਼ਾ ਲਗਾਉਂਦਾ ਹੋਵੇ ਕਿ ਅਜੇ ਕਦੋਂ ਕੁ ਹਨ੍ਹੇਰਾ ਹੋਵੇਗਾ। ਹੌਲੀ ਹੌਲੀ ਖੂੰਡੀ ਦੇ ਆਸਰੇ ਤੁਰਦਾ ਉਹ ਪਾਰਕ ਵਿਚ ਪਏ ਬੈਂਚ ਉਪਰ ਮਲੱਕ ਦੇਣੀ ਸੂਰਜ ਵਲ ਮੂੰਹ ਕਰਕੇ ਬੈਠ ਗਿਆ। ਇੱਕ ਹੱਥ ਨਾਲ ਗੋਡੇ ਦੱਬਦਾ ਅਤੇ ਦੂਸਰਾ ਹੱਥ ਖੂੰਡੀ ਤੇ ਟਿਕਾ ਕੇ ਉਸ ਉਪਰ ਮੂੰਹ ਧਰਕੇ ਫ਼ਿਰ ਜਿਵੇਂ ਡੂੰਘੇ ਖ਼ਿਆਲਾਂ ਵਿਚ ਗੁਆਚ ਗਿਆ। ਮੈਂ ਅਜੇ ਭੀ ਉਸ ਵੱਲ ਦੇਖ ਰਿਹਾ ਸੀ ਅਤੇ ਮੇਰੇ ਲਈ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੋ ਰਿਹਾ ਸੀ ਕਿ ਉਹ ਦਿਨ ਦਾ ਸੂਰਜ ਡੁੱਬਣ ਦਾ ਇੰਤਜ਼ਾਰ ਕਰ ਰਿਹਾ ਹੈ ਜਾਂ ਕਿ ਆਪਣੇ

....(ਫ਼ਰਵਰੀ 1991)



# ਮਤ੍ਰੇਈ ਮਾਂ ਸਕੇ ਪੁੱਤਰ

" ਵੇਖੋ ਆਹ ਲਾਲ ਕਾਰ ਦੇ ਪਿਛਾਂਹ ਕੀ ਲਿਖਿਆ ਈ! " ਜਿਉਂ ਹੀ ਇਹ ਛੋਟੀ ਜਿਹੀ ਲਾਲ ਸਪੋਰਟਸ ਕਾਰ ਹਾਈਵੇ ਉਪਰ ਜਾਂਦੀ ਵੈਨ ਦੇ ਸਾਹਮਣੇ ਲੇਨ ਬਦਲ ਕੇ ਆਈ ਤਾਂ ਵੈਨ ਦੇ ਡਰਾਈਵਰ ਬਲਵੰਤ ਦੇ ਮੂੰਹੋਂ ਨਿਕਲਿਆ। ਵੈਨ ਵਿਚ ਬੈਠੇ ਸਾਰੇ ਸੱਜਣਾ ਦਾ ਧਿਆਨ ਵੈਨ ਦੇ ਅੱਗੇ ਜਾਂਦੀ ਇਸ ਬਗ਼ੈਰ ਛੱਤ ਵਾਲੀ ਲਾਲ ਕਾਰ ਵਲ ਚਲਾ ਗਿਆ ਜਿਸ ਵਿਚ ਇਕ ਸੁਹਣਾ ਨੌਜੁਆਨ ਗੋਰਾ ਅਤੇ ਉਸੇ ਤਰ੍ਹਾਂ ਦੀ ਗੋਰੀ ਇੱਕ ਦੂਸਰੇ ਨਾਲ ਛੇੜਖ਼ਾਨੀ ਜਿਹੀ ਕਰਦੇ ਜਾ ਰਹੇ ਸਨ।

ਕਾਰ ਦੇ ਪਿਛਲੇ ਬੰਪਰ ਉਪਰ ਇੱਕ ਸਟਿੱਕਰ ਲੱਗਾ ਹੋਇਆ ਸੀ ਜਿਸ ਉਪਰ ਲਿਖਿਆ ਸੀ:

QUESTION - WHAT DO NAGASAKI AND BAGHDAD HAVE IN COMMON ?

ANSWER - NOTHING YET.

"ਗੱਲ ਹੋਈ ਨਾ..........ਚੱਕ ਫ਼ੱਟੇ ਦਿਆਂਗੇ ਕੇ " ਵੈਨ ਦੇ ਡਰਾਈਵਰ ਦੇ ਐਨ ਪਿੱਛੇ ਵਾਲੀ ਸੀਟ ਤੇ ਬਿਰਾਜੇ ਬਰਾੜ ਨੇ ਬਾਂਹ ਉਲਾਰ ਕੇ ਲਲਕਾਰਾ ਜਿਹਾ ਮਾਰਿਆ,

"ਉਹ ਤੁਸੀਂ ਦੇਖਣਾ ਧਰਤੀ ਉਪਰ ਇਰਾਕ ਦਾ ਨਾਮੋ ਨਿਸ਼ਾਨ ਨਹੀਂ ਰਹਿਣ ਦੇਣਾ। "

ਬਰਾੜ ਦੇ ਨਾਲ ਦੀ ਸੀਟ ਤੇ ਬੈਠਾ ਡਾਕਟਰ ਪ੍ਰਮਾਰ ਆਪਣੀਆਂ ਮੋਟੀਆਂ ਮੋਟੀਆਂ ਕਾਲੀਆਂ ਮੁੱਛਾਂ ਅਤੇ ਫ੍ਰੈਂਚ ਕੱਟ ਦਾਹੜੀ ਉਪਰ ਹੱਥ ਫੇਰਦਾ ਅਤੇ ਆਪਣੇ ਭਾਰੇ ਗੋਲ ਚਿਹਰੇ ਉਪਰ ਮੋਟੀਆਂ ਮੋਟੀਆਂ ਅੱਖਾਂ ਨਚਾਉਂਦਾ ਹੋਇਆ ਬੋਲਿਆ।

" ਉਹ ਸਾਡੇ ਮੂਹਰੇ ਕੋਈ ਟਿਕ ਸਕਦੈ .......?" ਬਰਾੜ ਆਪਣੀ ਕੱਟੀ ਹੋਈ ਦਾੜ੍ਹੀ ਜੋ ਕਿ ਗਰਦਨ ਹੇਠੋਂ ਅੱਧੀ ਕੁ ਚਿੱਟੀ ਹੋ ਚੁੱਕੀ ਸੀ , ਵਿਚ ਉਂਗਲਾਂ ਫੇਰਦਾ ਫਿਰ ਗਰਜਿਆ।

ਇਤਨੇ ਨੂੰ ਲਾਲ ਕਾਰ ਨੇ ਆਪਣੀ ਨਾਲ ਦੀ ਲੇਨ ਵਿਚ ਜਾ ਰਹੀ ਗੱਡੀ ਨੂੰ ਪਾਸ ਕਰ ਲਿਆ ਤੇ ਗੋਰੇ ਡਰਾਈਵਰ ਨੇ ਆਪਣੀ ਸਾਥਣ ਦੀ ਪਿੱਠ ਪਲੋਸਦੇ ਨੇ ਕਾਰ ਹੋਰ ਤੇਜ਼ ਕਰਕੇ ਨਾਲ ਦੀ ਲੇਨ ਵਿਚ ਪਾ ਦਿੱਤੀ ਤੇ ਸਕਿੰਟਾਂ ਵਿਚ ਹੀ ਲਾਲ ਕਾਰ ਨਜ਼ਰਾਂ ਤੋਂ ਲਗਪੱਗ ਦੂਰ ਹੋ ਗਈ।

"ਵਾਕਿਆ ਹੀ ਬਰਾੜ ਤੇਰੇ ਅੱਗੇ ਤਾਂ ਕੋਈ ਨੀ ਟਿਕ ਸਕਦਾ, ਆਹ ਲਾਲ ਕਾਰ

ਤੇਂ ਸਕਿੰਟਾਂ ਵਿਚ ਚੱਕ ਦਿੱਤੀ।" ਵੈਨ ਦੀ ਸੱਭ ਤੋਂ ਪਿਛਲੀ ਸੀਟ ਉਪਰ ਬੈਠੇ ਪ੍ਰੋਫ਼ੈਸਰ ਪ੍ਰਮਿੰਦਰ ਨੇ ਮਖ਼ੌਲ ਜਿਹੇ ਨਾਲ ਕਿਹਾ।

"ਉਹ ਤਾਂ ਹੁਣ ਤੱਕ ਸਾਨਫ੍ਰਾਂਸਿਸਕੋ ਪਹੁੰਚ ਗਈ ਹੋਣੀ ਆਂ।" ਪ੍ਰੋਫ਼ੈਸਰ ਦੇ ਨਾਲ ਦੀ ਸੀਟ ਉਪਰ ਬੈਠਾ ਹਰਪ੍ਰੀਤ ਸਿੰਘ ਪੱਗ ਦਾ ਲੜ ਠੀਕ ਕਰਦਾ ਹੋਇਆ ਬੋਲਿਆ।

"ਨਹੀਂ, ਹਜੇ ਫਰੀਮੌਂਟ ਕੋਲ ਈ ਪੁੱਜੀ ਹੋਣੀ ਵਾਂ।" ਦਰਮਿਆਨੇ ਸਰੀਰ ਤੇ ਭਾਰੇ ਜਬਾੜਿਆਂ ਵਾਲੇ ਡਰਾਈਵਰ ਬਲਵੰਤ ਨੇ ਵੈਨ ਦੇ ਸਪੀਡੋਮੀਟਰ ਉਪਰ ਨਜ਼ਰ ਮਾਰਦੇ ਹੋਏ ਨੇ ਕਿਹਾ ਜਿਵੇਂ ਕਿ ਅੰਦਾਜ਼ਾ ਲਗਾ ਰਿਹਾ ਹੋਵੇ ਕਿ ਲਾਲ ਕਾਰ ਕਿਤਨੀ ਕੁ ਸਪੀਡ ਨਾਲ ਜਾ ਰਹੀ ਹੋਵੇਗੀ। "ਇਹ ਔਤਰੇ ਨੀ ਪ੍ਰਵਾਹ ਕਰਦੇ, ਵੇਖ ਲਉ ਵੱਖੀ ਜਿਹੀ 'ਚੋਂ ਈ ਕੱਢ ਕੇ ਲੈ ਗਿਆ ਈ।" ਬਲਵੰਤ ਸਟੀਰਿੰਗ ਉਪਰੋਂ ਹੱਥ ਚੁਕ ਆਪਣੀ ਪਿੱਠ ਆਪ ਹੀ ਪਲੋਸਦਾ ਹੋਇਆ ਬੋਲਿਆ। ਉਸਦਾ ਧਿਆਨ ਅਜੇ ਭੀ ਲਾਲ ਕਾਰ ਵਿਚ ਗਏ ਜੋੜੇ ਦੀਆਂ ਹਰਕਤਾਂ ਵਿਚ ਸੀ। " ਭਾਅ ! ਇਹ ਉਹ ਜਲਸੇ ਵੱਲੀਂ ਗਏ ਹੋਣੇ ਵਾਂ।"

"ਕਿਹੜਾ ਜਲਸਾ ?" ਹਰਪ੍ਰੀਤ ਸਿੰਘ ਆਪਣੀ ਖੁੱਲ੍ਹੀ ਦਾੜ੍ਹੀ ਉਪਰ ਹੱਥ ਫੇਰਦਾ ਬੋਲਿਆ।

"ਆਹੀਂ ਜਿਹੜਾ ਆਵਦੇ ਟਰੁੱਪਸ ਦੀ ਸਪੋਰਟ ਕਰਨ ਲਈ ਹੋ ਰਿਹੈ।" ਬਰਾੜ ਸ਼ਬਦ "ਆਵਦੇ" ਉਪਰ ਕੁਝ ਜ਼ੋਰ ਦੇ ਕੇ ਬੋਲਿਆ।

"ਅਹੀਂ ਭੀ ਭਾਅ ਉੱਥੇ ਹੀ ਚੱਲੀਏ ! ਛੱਡ ਪਰ੍ਹਾਂ ਵਿਆਹ ਵਿਊਹ ਕੀ ਜਾਣਾ ਈ।" ਬਲਵੰਤ ਨੇ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿੱਚੋਂ ਆਪਣੇ ਪਿੱਛੇ ਬੈਠੇ ਬਰਾੜ ਵੱਲ ਮੁਸਕਰਾਉਂਦੀਆਂ ਨਜ਼ਰਾਂ ਨਾਲ ਤੱਕਦੇ ਹੋਏ ਕਿਹਾ। ਸ਼ਾਇਦ ਉਸਦੇ ਦਿਮਾਗ ਵਿਚ ਅਜੇ ਭੀ ਲਾਲ ਕਾਰ ਵਾਲੀ ਘੁੰਮ ਰਹੀ ਸੀ।

" ਚਲੋ ਚਲੋ ਤੁਸੀਂ, ਆਨੰਦ ਕਾਰਜ ਹੋਣ ਤੋਂ ਪਹਿਲਾਂ ਪਹੁੰਚਣਾ ਚਾਹੀਦਾ, ਨਹੀਂ ਤਾਂ ਬੱਬੀ ਨੇ ਨਾਰਾਜ਼ ਹੋ ਜਾਣਾ।"

ਡਾਕਟਰ ਪ੍ਰਮਾਰ ਨੇ ਨਕਟਾਈ ਠੀਕ ਕਰਦਿਆਂ ਕਿਹਾ। ਫਿਰ ਡਰਾਈਵਰ ਦੇ ਬਰਾਬਰ ਮੂਹਰਲੀ ਸੀਟ ਉਪਰ ਬੈਠੇ ਜੀਤ ਵੱਲ ਇਸ਼ਾਰਾ ਕਰਦਾ ਬੋਲਿਆ, " ਆਹ ਭਾਜੀ ਹੁਣੀਂ ਐਡੀ ਦੂਰੋਂ ਵੈਨਕੂਵਰੋਂ ਆਏ ਆ ਵਿਆਹ ਦੇਖਣ, ਲੇਟ ਨਾ ਹੋਈਏ।"

"ਆਹੋ ਨਹੀਂ ਤਾਂ ਬੱਬੀ ਨੇ ਕਹਿਣਾ, " ਅਸੀਂ ਪਹੁੰਚ ਗਏ ਆਂ ਵਕਤ ਸਿਰ, ਡੈਡੀ ਮਾਮਾ ਹੋਰੀਂ ਆ ਗਏ ਨੇ, ਤੁਸੀਂ ਕਿਵੇਂ ਲੇਟ ਹੋ ਗਏ ? ਰਸਤੇ ਵਿਚ ਹਾਕੀ ਖੇਡਣ ਲਗ ਪਏ ਸੀ?" ਬਰਾੜ ਨੇ ਜਿਵੇਂ ਬੱਬੀ ਦੀ ਨਕਲ ਲਾਉਂਦੇ ਹੋਏ ਕਿਹਾ। ਫ਼ਿਰ ਜੀਤ ਨੂੰ ਸੰਬੋਧਨ ਕਰਕੇ ਬੋਲਿਆ, " ਆ ਬਾਈ ਕੇਰਾਂ ਇਕ ਬੀਰ ਫੜਾਮੀਂ।" ਜੀਤ ਕੋਲ ਪਏ ਕੂਲਰ ਵਿੱਚੋਂ ਠੰਡੀਆਂ ਬੀਅਰਾਂ ਕੱਢਣ ਲੱਗ ਪਿਆ।

" ਅੱਛਾ ਤਾਂ ਤੁਸੀਂ ਵੈਨਕੂਵਰ ਤੋਂ ਆਏ ਆਂ।" ਹਰਪ੍ਰੀਤ ਸਿੰਘ ਥੋੜ੍ਹਾ ਅੱਗੇ ਨੂੰ



ਹੋ ਕੇ ਬੀਅਰ ਫੜਦਿਆਂ ਬੋਲਿਆ।

" ਹਾਂ ਜੀ " ਜੀਤ ਨੇ ਜੁਆਬ ਦਿੱਤਾ।

"ਮੇਰੇ। ਸਹੁਰੇ ਭੀ ਉੱਥੇ ਰਹਿੰਦੇ ਆ, ਸਰੀ ਵਿਚ।" ਹਰਪ੍ਰੀਤ ਨੇ ਦੱਸਿਆ।

"ਇੱਥੇ ਥੋੜਾ ਕੀ ਕਾਰੋਬਾਰ ਆ ਜੀ?" ਜੀਤ ਨੇ ਪੁੱਛਿਆ।

"ਵਾਹਿਗੁਰੂ ਦੀ ਕ੍ਰਿਪਾ ਨਾਲ ਮੇਰਾ ਬਿਜ਼ਨਸ ਹੈ ਜੀ ਯੂਬਾ ਸਿਟੀ ਵਿਚ.....ਰੀਅਲ ਅਸਟੇਟ ਦਾ।" ਪੱਗ ਦਾ ਲੜ ਫਿਰ ਭਰਵੱਟੇ ਉਪਰ ਖਿੱਚਦਾ ਹੋਇਆ ਸਿੰਘ ਬੋਲਿਆ।

" ਹੋਖਾਂ ਬਿਜ਼ਨਸ ਮੈਨ, ਚਹੁੰ ਸਾਲਾਂ ਤੋਂ ਸਿੰਘ ਸਜ ਕੇ ਕਮੇਟੀ ਦਾ ਮੈਂਬਰ ਬਣ ਗਿਐ ਤਾਂ ਤੇਰਾ ਕੰਮ ਟੁਰਿਐ, ਅੱਗੇ ਤੈਨੂੰ ਕੋਈ ਪੁੱਛਦਾ ਨਹੀਂ ਸੀ ਵੱਡੇ ਅਯੰਟ ਨੂੰ !" ਬਲਵੰਤ ਨੇ ਮਖੌਲ ਨਾਲ ਕਿਹਾ।

" ਓ ਤੇਰੇ ਨਾਲੋਂ ਜ਼ਿਆਦਾ ਪੈਸੇ ਬਣਾਉਨਾ, ਨਾਲੇ ਆਪਣਾ ਕੰਮ ਆ, ਜਿੱਥੇ ਮਰਜ਼ੀ ਘੁੰਮੋ ਫਿਰੋ। ਤੇਰੇ ਆਂਗ ਕਮਰੇ ਵਿਚ ਵੜਕੇ ਸਵੇਰ ਤੋਂ ਤਕਾਲਾਂ ਤੱਕ ਕੰਮਪਿਊਟਰਾਂ ਦੇ ਬਟਣ ਈ ਨੀ ਦੱਬੀ ਜਾਈਦੇ, ਕੋਈ ਨਜ਼ਾਰਾ ਭੀ ਦੇਖੀਦਾ.......ਵੱਡਾ ਪ੍ਰੋਗਰਾਮਰ।" ਸਿੰਘ ਨੇ ਥੋੜ੍ਹਾ ਹਿਰਖ ਕੇ ਕਿਹਾ।

" ਚਲੋ ਕੋਈ ਨੀ ਬਾਈ .......ਆਪਾਂ ਸਾਰੇ ਇੱਥੇ ਰੱਜਮੀਂ ਰੋਟੀ ਦੀ ਭਾਲ ਵਿਚ ਈ ਆਉਨੇ ਆਂ, ਨਹੀਂ ਤਾਂ ਕੇਹਦਾ ਦਿਲ ਕਰਦੈ ਆਵਦਾ ਮੁਲਕ ਛੱਡਣੇ ਲਈ।" ਜੀਤ ਨੇ ਗੱਲ ਵਧਣੋਂ ਰੋਕਣ ਦੇ ਖ਼ਿਆਲ ਨਾਲ ਕਿਹਾ।

" ਉਸ ਮੁਲਕ ਕੋਲ ਹੈ ਹੀ ਈ ਕਿਆ ਸਾਨੂੰ ਦੇਣ ਲਈ, ਭੁੱਖ ਤੇ ਨੰਗ ? ਸਾਡੀ ਅਸਲੀ ਕਦਰ ਤਾਂ ਆਹ ਮੁਲਕ ਕਰਦਾ, ਸਾਨੂੰ ਸੱਭ ਕੁਝ ਦਿੰਦਾ।" ਡਾਕਟਰ ਨੇ ਆਪਣਾ ਵਿਚਾਰ ਪ੍ਰਗਟ ਕੀਤਾ।

" ਲਾ ਮਐਂ ਜੇ ਉਥੇ ਰਹਿੰਦਾ ਤਾਂ ਵੱਧੋ ਵੱਧ ਜਗਰਾਮੀਂ ਓਵਰਸੀਰ ਲੱਗਿਆ ਵਿਆ ਹੁੰਦਾ, ਬੜੀ ਹੱਦ ਮੇਰੇ ਹੇਠ ਮੋਟਰ ਸੈਕਲ ਹੁੰਦਾ, ਐਥੇ ਮੈਂ ਫਸਟ ਕਲਾਸ ਅੰਜਨੀਰ ਆਂ........ਸੋਲਾਂ ਬੰਦੇ ਕੰਮ ਕਰਦੇ ਨੇ ਜੱਟ ਹੇਠ ......ਦੋ ਹਾਥੀਆਂ ਵਰਗੀਆਂ ਗੱਡੀਆਂ ਘੜਾਈਆਂ ਨੇ ਘਰੇ।" ਬਰਾੜ ਨੇ ਬੀਅਰ ਮੁਕਾਉਂਦੇ ਹੋਏ ਛਾਤੀ ਠੋਕ ਕੇ ਕਿਹਾ।

"ਉਹ ਕਦੀ ਇਹ ਭੀ ਸੋਚ ਲਿਆ ਕਰੋ ਕਿ ਤੁਸੀਂ ਆਪ ਉਸ ਮੁਲਕ ਨੂੰ ਕੀ ਦਿੱਤਾ, ਹਮੇਸ਼ਾ ਇਹੀ ਰਾਗ ਗਾਉਂਦੇ ਰਹਿੰਨੇ ਆ ਕਿ ਉਸ ਮੁਲਕ ਨੇ ਸਾਨੂੰ ਕੀ ਦਿੱਤਾ।" ਪ੍ਰੋਫ਼ੈਸਰ ਨੇ ਜਿਵੇਂ ਉਨ੍ਹਾਂ ਉੱਤੇ ਵਿਅੰਗ ਕੀਤਾ।

" ਕਾਦ੍ਹਾ ਮੁਲਕ ਪ੍ਰੋਫ਼ੈਸਰ, ਹੂੰਅਹ....... ਆਪ ਤਾਂ ਸਾਲੇ ਭੁੱਖੇ ਮਰਦੇ ਈ ਸੀ, ਹੁਣ ਆਹ ਸਾਲੇ ਭਈਆਂ ਨੇ ਸਾਡੇ ਪੰਜਾਬ 'ਚ ਭੀ ਗੰਦ ਖਿਲਾਰ ਦਿੱਤਾ।" ਹਰਪ੍ਰੀਤ ਸਿੰਘ ਨੇ

ਸਾਰੇ ਹਿੰਦੁਸਤਾਨ ਦੇ ਗਰੀਬ ਹੋਣ ਦਾ ਕਾਰਨ ਭਈਆਂ ਸਿਰ ਮੜ੍ਹ ਦਿਤਾ।

"ਚਲੋ ਛੱਡੋ ਤੁਸੀਂ ਉਥੋਂ ਦੇ ਭੁੱਖ ਨੰਗ ਨੂੰ, ਤੁਸੀਂ ਇਸ ਮੁਲਕ ਦੀ ਗੱਲ ਕਰੋ ਜਿਸਨੇ ਸਾਡੀ ਤਕਦੀਰ ਬਦਲੀ ਆ। ਮੈਂ ਉਥੇ ਐਮ. ਡੀ. ਕਰਕੇ ਭੀ ਡਿਸਪੈਂਸਰੀ ਵਿਚ ਪੱਟੀਆਂ ਈ ਕਰਦਾ ਸੀ।" ਡਾਕਟਰ ਆਪਣੀ ਉਂਗਲੀ ਵਿਚ ਹੀਰੇ ਦੇ ਨਗ ਵਾਲੀ ਮੁੰਦਰੀ ਘੁਮਾਉਂਦਾ ਬੋਲਿਆ।

" ਉਥੇ ਸਾਲੀ ਅਕਲ ਈ ਨੀ ਕਿਸੇ ਨੂੰ, ਸੱਭ ਡੰਗਰ ਕੱਠੇ ਹੋਏ ਆ ।" ਸਿੰਘ ਨੇ ਆਪਣੀ ਰਾਇ ਦਿਤੀ।

"ਉਅ ਅਕਲ ਹੋਵੇ ਕਿੱਦਾਂ ? ਤੁਹਾਡੇ ਵਰਗੇ ਹਜ਼ਾਰਾਂ ਈ ਪ੍ਰੋਫ਼ੈਸਨਲ ਨੌਜੁਆਨ ਜੋ ਉਥੋਂ ਦੇ ਰੀਸੋਰਸਜ ਵਰਤਕੇ ਪਲਦੇ ਅਤੇ ਪੜ੍ਹਦੇ ਆ ਤੇ ਜਦੋਂ ਕੁਝ ਪ੍ਰੋਡਕਸ਼ਨ ਦੇਣ ਦੇ ਕਾਬਿਲ ਹੁੰਦੇ ਆ ਤਾਂ ਬਾਹਰਲੇ ਮੁਲਕਾਂ ਨੂੰ ਨੱਠ ਆਉਂਦੇ ਆਂ । ਇਹਨੂੰ ਕਹਿੰਦੇ ਆ ਬਰੇਨ ਡਰੇਨ...... ਹੁਣ ਉਹ ਮੁਲਕ ਦੱਸੋ ਕੀ ਕਰੇ ?" ਪ੍ਰਮਿੰਦਰ ਨੇ ਪ੍ਰੋਫ਼ੈਸਰੀ ਲਹਿਜ਼ੇ ਵਿਚ ਕਿਹਾ।

" ਹਾਂ ਬਾਈ, ਇਹ ਤਾਂ ਜਿਮੇ ਉਸ ਮਿੱਟੀ ਵਾਲੀ ਗੱਲ ਹੈ ਜੋ ਪਹਿਲਾਂ ਤਾਂ ਇੱਕ ਪੌਦੇ ਨੂੰ ਜਨਮ ਦਿੰਦੀ ਆ ਫ਼ਿਰ ਆਵਦਾ ਲਹੂ ਪਿਲਾ ਕੇ ਉਸ ਨੂੰ ਵੱਡਾ ਕਰਦੀ ਆ ਤੇ ਜਦੋਂ ਉਸ ਪੌਦੇ ਦੀ ਫ਼ਲ ਅਤੇ ਛਾਂ ਦੇਣ ਦੀ ਵਾਰੀ ਆਉਂਦੀ ਆ ਤਾਂ ਉਹ ਪੌਦੇ ਪੁਟ ਕੇ ਕਿਸੇ ਹੋਰ ਥਾਵੇਂ ਲਗਾ ਦਿੱਤਾ ਜਾਂਦੈ ।" ਜੀਤ ਨੇ ਪ੍ਰੋਫ਼ੈਸਰ ਦੀ ਹਾਮੀ ਭਰੀ।

"ਸਾਡੀ ਤਾਂ ਜੀ ਇਹੋ ਮਿੱਟੀ ਮਾਂ ਹੈ ਜੇਹੜੀ ਆਪਾਂ ਨੂੰ ਵਧੀਆ ਜੀਣ ਨੂੰ ਦਿੰਦੀ ਆ ਤੇ ਵਧੀਆ ਪੀਣ ਨੂੰ ਦਿੰਦੀ ਹੈ।" ਬਰਾੜ ਨੇ ਕੂਲਰ ਵਿਚੋਂ ਇੱਕ ਹੋਰ ਬੀਅਰ ਕੱਢਦੇ ਨੇ ਕਿਹਾ।

"ਨਹੀ ਬਾਈ, ਇਹ ਤੇਰਾ ਭਰਮ ਆ ..........ਮਤ੍ਰੇਈ ਮਾਂ ਪੀਣ ਲਈ ਦੁੱਧ ਤਾਂ ਦੇ ਸਕਦੀ ਹੈ ਪਰ ਸਕੀ ਮਾਂ ਵਾਲਾ ਨਿੱਘ ਨਹੀਂ ਦੇ ਸਕਦੀ ।"ਜੀਤ ਨੇ ਬਰਾੜ ਨੂੰ ਸਬੋਧਨ ਕਰਕੇ ਆਪਣਾ ਜਿਵੇਂ ਦਰਦ ਪ੍ਰਗਟਾਇਆ।

ਵੈਨ ਵਿਚ ਕੁਝ ਦੇਰ ਲਈ ਚੁੱਪ ਛਾ ਗਈ ਜਿਸਨੂੰ ਡਾਕਟਰ ਨੇ ਤੋੜਿਆ," ਚਲੋ ਛੱਡੋ ਪਰੇ ਦੁੱਧਾਂ ਨੂੰ, ਬਾਰਾਤੀ ਚੱਲੇ ਆਂ .......ਜ਼ਰਾ ਕੈਮ ਤਾਂ ਹੋਵੇ ।" ਕੂਲਰ ਨੇੜੇ ਨੂੰ ਖਿੱਚਦਾ ਹੋਇਆ ਬੋਲਿਆ।

"ਯਾਰ ਪੱਕੀ ਹੈ ਨੀ ਕਿਤੇ ?......... ਆਹ ਤਾਂ ਕੁਸ਼ ਨੀ ਗੱਲ ਬਣਦੀ ।" ਹਰਪ੍ਰੀਤ ਸਿੰਘ ਨੇ ਪੁੱਛਿਆ।

" ਉਏ ਪੱਕੀ ਤੁਸੀਂ ਆਨੰਦ ਕਾਰਜ ਤੋਂ ਬਾਦ ਖੋਲ੍ਹ ਲਿਉ.......ਰੋਟੀ ਵੇਲੇ ।" ਪ੍ਰੋਫ਼ੈਸਰ ਨੇ ਰਾਇ ਦਿੱਤੀ।



" ਆਨੰਦ ਕਾਰਜ ਬੱਬੀ ਦਾ ਆ ਕਿ ਸਾਡਾ......ਅਸੀਂ ਐਮੇਂ ਤਿਹਾਏ ਮਰੀਏ ........ ਤੁਸੀਂ ਖੋਲ੍ਹੋ ਜਿਹੜੀ ਖੋਲ੍ਹਣੀ ਆ .....ਮਸੀਂ ਤਾਂ ਬੁੜੀਆਂ ਤੋਂ ਖਹਿੜਾ ਛਡਾ ਕੇ ਕੱਠੇ ਹੋਏ ਆਂ ........ਆਹ ਗੌਣ ਗੁਣ ਭੀ ਲਾਵੇ ਕੋਈ ।" ਬਰਾੜ ਜ਼ਰਾ ਮਹਿਫ਼ਲ ਨੂੰ ਗਰਮ ਕਰਨ ਦੇ ਅੰਦਾਜ਼ ਵਿਚ ਬੋਲਿਆ।

"ਭਾਅ ਆ ਫੜਾਈਂ ਖਾਂ ਟੇਪਾਂ ਵਾਲਾ ਡੱਬਾ ਪਿੱਛੂੰ ਕੱਢ ਕੇ ।" ਬਲਵੰਤ ਵੈਨ ਦਾ ਸਟੀਰੀਉ ਔਨ ਕਰਦਾ ਹੋਇਆ ਬੋਲਿਆ।

"ਜਾਰ ਜ਼ਰਾ ਭੁੱਖ ਜਿਹੀ ਲੱਗੀ ਆ, ਕਿਸੇ ਬਰਗਰ ਕਿੰਗ ਤੇ ਤਾਂ ਰੋਕੀਂ ਮਾੜੀ ਜਿਹੀ ।" ਟੇਪਾਂ ਵਾਲਾ ਡੱਬਾ ਫੜਾਉਂਦਾ ਹਰਪ੍ਰੀਤ ਸਿੰਘ ਬੋਲਿਆ।

" ਆ ਗਾੜੀ ਫ਼ਰੀਮੌਂਟ ਲਾਗੇ ਖਲੋਵਾਂਗੇ , ਨਾਲੇ ਗੈਸ ਭੀ ਪਵਾ ਲਾਂਗੇ ।" ਗੈਸ ਵਾਲੇ ਮੀਟਰ ਦੀ ਸੂਈ ਵੱਲ ਦੇਖਦਾ ਬਲਵੰਤ ਬੋਲਿਆ ਤੇ ਜਿਉਂ ਹੀ ਡੱਬੀ ਵਿਚੋਂ ਟੇਪ ਕੱਢਕੇ ਸਟੀਰੀਉ ਵਿਚ ਅੜਾਉਣ ਲੱਗਾ ਤਾਂ ਸਟੀਰੀਉ ਵਿਚਲੇ ਰੇਡੀਉ ਵਿਚੋਂ ਖ਼ਬਰਾਂ ਦੇ ਪ੍ਰਸਾਰਨ ਦਾ ਐਲਾਨ ਹੋਇਆ।

" ਸੁਣੀਂ ਸੁਣੀਂ ਦੋ ਮਿੰਟ ਖ਼ਬਰਾਂ ..........ਟੇਪ ਫ਼ੇਰ ਲਾ ਲਵੀਂ ।" ਪ੍ਰੋਫ਼ੈਸਰ ਨੇ ਕਾਹਲੀ ਨਾਲ ਕਿਹਾ।

ਖ਼ਬਰਾਂ ਵਿਚ ਦੱਸਿਆ ਗਿਆ ਕਿ ਅਮ੍ਰੀਕੀ ਜਹਾਜ਼ਾਂ ਨੇ ਲਗਾਤਾਰ ਬਗਦਾਦ ਉਪਰ ਬੰਬਾਰੀ ਕੀਤੀ ਹੈ ।ਸੱਦਾਮ ਹੁਸੈਨ ਅਜੇ ਭੀ ਕੁਵੈਤ ਵਿੱਚੋਂ ਨਿਕਲਣ ਲਈ ਤਿਆਰ ਨਹੀ ਹੈ । ਬਗਦਾਦ ਰੇਡੀਉ ਨੇ ਆਪਣੇ ਸਾਰੇ ਹਮਦਰਦ ਗੁਰੀਲਾ ਸੁਕੁਆਡਾਂ ਨੂੰ ਅਪੀਲ ਕੀਤੀ ਹੈ ਕਿ ਦੁਨੀਆਂ ਭਰ ਵਿਚ ਦਹਿਸ਼ਤਵਾਦੀ ਕਾਰਵਾਈਆਂ ਸ਼ੁਰੂ ਕਰ ਦਿਉ । ਇਸ ਕਰਕੇ ਅਮ੍ਰੀਕੀ ਸਕਿਉਰਟੀ ਫ਼ੋਰਸਜ਼ ਨੇ ਹੋਰ ਭੀ ਚੌਕਸੀ ਵਰਤਣੀ ਸ਼ੁਰੂ ਕਰ ਦਿੱਤੀ ਹੈ।

" ਸੱਚੀਂ ਬਈ ਬੜੀ ਟਾਈਟ ਸਕਿਉਰਟੀ ਆ, ਮੈਂ ਕੱਲ ਰਾਤ ਐਲ.ਏ. (ਲੌਸ ਐਂਜਲਸ ) ਤੋਂ ਫ਼ਲਾਈ ਕਰਕੇ ਆਇਆ। ਮੈਨੂੰ ਕਈ ਵਾਰੀ ਚੈੱਕ ਕੀਤਾ ਤੇ ਕਈ ਤਰ੍ਹਾਂ ਤਰ੍ਹਾਂ ਤੇ ਸੁਆਲ ਪੁੱਛੇ ।" ਡਾਕਟਰ ਨੇ ਅਮ੍ਰੀਕੀ ਸਕਿਉਰਟੀ ਫ਼ੋਰਸਜ਼ ਦੀ ਜਿਵੇ ਤਾਰੀਫ਼ ਕੀਤੀ।

" ਆਹੋ ਮੇਰਾ ਸਾਲਾ ਭੀ ਪਿਛਲੇ ਵੀਕ ਵੈਨਕੂਵਰੋਂ ਆਇਆ ਸੀ ਕਾਰ ਵਿਚ। ਕੈਂਹਦਾ ਕੈਨੇਡਾ ਅਮ੍ਰੀਕਾ ਦੇ ਬਾਰਡਰ ਤੇ ਸਾਡੀ ਕਾਰ ਨੂੰ ਖੜੀ ਕਰਾਕੇ ਘੈਂਟਾ ਭਰ ਚੈੱਕ ਕਰਦੇ ਰਹੇ ।" ਹਰਪ੍ਰੀਤ ਸਿੰਘ ਨੇ ਦੱਸਿਆ।

"ਹਾਂ ਬਾਈ, ਆਪਾਂ ਰੰਗਦਾਰ ਬੰਦਿਆਂ ਨੂੰ ਹੀ ਰੋਕਦੇ ਤੇ ਚੰਗੀ ਤਰ੍ਹਾਂ ਚੈੱਕ ਕਰਦੇ ਆ , ਗੋਰਿਆਂ ਨੂੰ ਨੀ।" ਜੀਤ ਨੇ ਕਿਹਾ।

"ਹਸ਼ਸ਼ ਅਅਅ....... ਓ ਯਾਰ ਤੁਸੀਂ ਪੂਰੀਆਂ ਖ਼ਬਰਾਂ ਤਾਂ ਸੁਣ ਲੈਣ ਦਿਉ ।" ਪ੍ਰੋਫ਼ੈਸਰ ਜੋ ਅਜੇ ਭੀ ਖ਼ਬਰਾਂ ਸੁਣਨ ਦੀ ਕੋਸ਼ਿਸ਼ ਕਰ ਰਿਹਾ ਸੀ , ਨੇ ਸਭ ਨੂੰ ਟੋਕਦਿਆਂ ਕਿਹਾ।

ਖ਼ਬਰਾਂ ਦੇ ਅੰਤ ਵਿਚ ਦੱਸਿਆ ਗਿਆ ਕਿ ਅੱਜ ਫ਼ਰੀਮੌਂਟ ਦੇ ਏਰੀਏ ਵਿਚ ਅਮ੍ਰੀਕੀ ਫ਼ੌਜਾਂ ਦਾ ਹੌਸਲਾ ਵਧਾਉਣ ਲਈ ਇਕ ਬੜੀ ਭਾਰੀ ਰੈਲੀ ਹੋਈ ਹੈ ਜਿਸ ਵਿਚ ਤੀਹ ਹਜ਼ਾਰ ਤੋਂ ਭੀ ਵੱਧ ਅਮ੍ਰੀਕੀ ਨਾਗਰਿਕ ਸ਼ਾਮਿਲ ਹੋਏ।

" ਲੱਗਦੇ ਤੀਹ ਹਜ਼ਾਰ ਦੇ ......... ਜੇ ਐਂਟੀ ਵਾਰ ਡੈਮਨਸਟ੍ਰੇਸ਼ਨ ਹੋਵੇ ਤਾਂ ਪੰਜਾਹ ਹਜ਼ਾਰ ਦੇ ਇੱਕਠ ਨੂੰ ਭੀ ਦਸ ਹਜ਼ਾਰ ਹੀ ਦੱਸਣਗੇ ਤੇ ਜੇ ਹਜ਼ਾਰ ਦੋ ਹਜ਼ਾਰ ਛੋਕਰੇ ਇਕੱਠੇ ਹੋ ਕੇ ਰੌਲਾ ਪਾ ਲੈਣ ਤਾਂ ਉਸਨੂੰ ਤੀਹ ਹਜ਼ਾਰ ਸਪੋਰਟਰ ਦੱਸਦੇ ਆ....... ਝੂਠੇ ਕਿਸੇ ਥਾਂ ਦੇ ।" ਪ੍ਰੋਫ਼ੈਸਰ ਨੇ ਕੁਝ ਗੁੱਸੇ ਨਾਲ ਕਿਹਾ।

"ਆਪਾਂ ਤਾਂ ਬਾਈ ਫ਼ੁੱਲ ਸਪੋਰਟ ਕਰਦੇ ਆਂ ਆਵਦੀਆਂ ਫ਼ੌਜਾਂ ਦੀ.........ਮਐਂ ਪਰਸੋਂ ਈ ਹਜੇ ਦੋ ਬੋਤਲਾਂ ਖ਼ੂਨ ਦੀਆਂ ਦੇ ਕੇ ਆਇਆਂ ।" ਬਰਾੜ ਨੇ ਕਮੀਜ਼ ਦੇ ਹੇਠੋਂ ਆਪਣੀ ਬਾਂਹ ਦਿਖਾਉਂਦੇ ਨੇ ਮਾਣ ਨਾਲ ਦੱਸਿਆ।

" ਇੰਡੀਆ ਭੀ ਕਦੀ ਖ਼ੂਨ ਦਿੱਤਾ ਸੀ ?" ਪ੍ਰੋਫ਼ੈਸਰ ਨੇ ਵਿਅੰਗ ਨਾਲ ਪੁੱਛਿਆ।

"ਉਥੇ ਦਿੱਲੀ ਤਾਂ ਸਾਲੇ ਰਿਕਸ਼ਿਆਂ ਵਾਲੇ ਈ ਬਥੇਰੇ ਤੁਰੇ ਫਿਰਦੇ ਆ ਖ਼ੂਨ ਦੇਣ ਲਈ , ਹਰ ਹਫ਼ਤੇ ਆ ਧਮਕਦੇ ਆ, ਬਥੇਰਾ ਮੋੜੀਦਾ ਪਈ ਤਿੰਨ ਮਹੀਨਿਆਂ ਬਾਦ ਹੀ ਦੁਬਾਰਾ ਖ਼ੂਨ ਦੇ ਸਕਦੇ ਆ ।........ ਇੱਕ ਥਾਂ ਤੋਂ ਹਟਾਓ ਦੂਜੀ ਥਾਂ ਜਾ ਕੇ ਬੋਤਲ ਭਰਾ ਕੇ ਪੈਸੇ ਲੈ ਆਉਂਦੇ ਆ, ਸਾਲੇ ।" ਡਾਕਟਰ ਨੇ ਆਪਣਾ ਤਜ਼ਰੁਬਾ ਬਿਆਨ ਕੀਤਾ।

"ਓਅ ਹੋਰ ਕਿਤੇ ਜੋ ਮਰਜ਼ੀ ਹੁੰਦਾ ਰਵੇ, ਆਪਾਂ ਨੂੰ ਤਾਂ ਪੰਜਾਬ ਨਾਲ ਮਤਲਬ ਇਆ ......ਆਹ, ਬਾਕੀ ਪੈਣ ਢੱਠੇ ਖ਼ੂਹ 'ਚ , ਆਪਾਂ ਠੇਕਾ ਨੀ ਲਿਆ ਹੋਇਆ ।" ਹਰਪ੍ਰੀਤ ਸਿੰਘ ਆਪਣੀ ਲੰਬੀ ਖੁਲ੍ਹੀ ਦਾੜੀ ਉਪਰ ਹੱਥ ਫੇਰਦਾ ਬੋਲਿਆ।

ਡਰਾਈਵਰ ਦੀ ਸੀਟ ਉਪਰ ਬੈਠਾ ਬਲਵੰਤ ਜੋ ਉਸਨੂੰ ਵੈਨ ਦੇ ਅੰਦਰ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿੱਚੋਂ ਦੇਖ ਰਿਹਾ ਸੀ , ਕੁਝ ਦੇਰ ਬੋਲਿਆ, "ਓਅ ਭਾਅ, ਆਂਹਦੇ ਨੇ ਇੱਕ ਦਿਨ ਯੂਬਾ ਸਿਟੀ ਵੱਲੀਂ ਕਿਹੋ ਬਾਰ ਲਾਗੇ ਆਪਣੇ ਬੁੜਿਆਂ ਨੂੰ ਗੋਰੇ ਇਰਾਕੀ ਜਾਣ ਕੇ ਗਾਲ੍ਹਾਂ ਕੱਢ ਗਏ ਸੂ ?"

" ਕੱਢ ਗਏ ਹੋਣੇ ਆਂ , ਬੁੜੇ ਕਿਹੜਾ ਟਿਕ ਕੇ ਘਰੀਂ ਬੈਂਹਦੇ ਆ ।" ਹਰਪ੍ਰੀਤ ਸਿੰਘ ਨੇ ਲਗਪਗ ਅਣਜਾਣ ਬਣਦੇ ਨੇ ਕਿਹਾ।

" ਓ ਤਰ੍ਹਾਂ ਇਹ ਇਰਾਨੀ ਵੀ ਪੱਗਾਂ ਦੇ ਵਲੇਟੇ ਜੇਹੇ ਆਪਣੇ ਆਂਗੂ ਈ ਮਾਰਦੇ ਜੇ ।"

"ਇਹ ਤਾਂ ਐਵੇਂ ਕਿਸੇ ਨੇ ਖ਼ਬਰ ਉਡਾ ਦਿੱਤੀ ਹੋਣੀ ਆ , ਇਹ ਗੋਰੇ ਪੜ੍ਹੇ ਲਿਖੇ ਲੋਕ ਨੇ, ਇਨ੍ਹਾਂ ਨੂੰ ਇਰਾਨੀਆਂ , ਇਰਾਕੀਆਂ ਤੇ ਆਪਣਿਆਂ ਦੇ ਫ਼ਰਕ ਦਾ ਪਤਾ ਆ ।" ਡਾਕਟਰ ਨੇ ਕਿਹਾ।



" ਓਹ ਤੁਸੀਂ ਇਸਨੂੰ ਆਪਣਾ ਮੁਲਕ, ਆਪਣੀਆਂ ਫ਼ੌਜਾਂ ਕਹੀ ਜਾਨੇ ਆਂ , ਇਹ ਅਮ੍ਰੀਕਣ ਭੀ ਕਦੀ ਤੁਹਾਨੂੰ ਆਪਣਾ ਸਮਝਦੇ ਆ? ....... ਫ਼ੈਕਟ ਤਾਂ ਇਹ ਆ ਕਿ ਇਨ੍ਹਾਂ ਲਈ ਹਰ ਰੰਗਦਾਰ ਬੰਦਾ ਵਿਦੇਸ਼ੀ ਹੈ ਤੇ ਖਾਸਕਰ ਅੱਜਕੱਲ ਉਸਨੂੰ ਹਰ ਜਗ੍ਹਾਂ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ , ਭਾਵੇਂ ਕਾਰ ਵਿਚ ਬਾਰਡਰ ਕਰਾਸ ਕਰਨਾ ਹੋਵੇ, ਭਾਵੇਂ ਫਲਾਈਟ ਤੇ ਚੜ੍ਹਨਾ ਹੋਵੇ ਜਾਂ ਭਾਵੇਂ ਸੜਕ ਤੇ ਹੀ ਤੁਰਿਆ ਜਾਂਦਾ ਹੋਵੇ। " ਪ੍ਰੋਫ਼ੈਸਰ ਨੇ ਜ਼ਰਾ ਸਮਝਾਉਣ ਦੇ ਅੰਦਾਜ਼ ਵਿਚ ਕਿਹਾ,

"ਓਅ ਜਾਣਦੇ ਪ੍ਰੋਫ਼ੈਸਰ , ਕੌਣ ਕਹਿੰਦਾ ਫ਼ਰਕ ਕਰਦੇ ਆ, ਆਪਣੇ ਸਾਰੇ ਲੋਕ ਐਥੇ ਐਨੀ ਐਸ਼ ਨਾਲ ਰਹਿੰਦੇ ਆ, ਜਿੰਨਾ ਮਰਜ਼ੀ ਪੈਸਾ ਕਮਾ ਲਉ ...........ਨਾਲੇ ਖਾਸਕਰ ਆਪਣੀ ਕੌਮ ਉਪਰ ਤਾਂ ਹਮੇਸ਼ਾ ਈ ਅੰਗ੍ਰੇਜ਼ ਲੋਕ ਐਨਾ ਵਿਸ਼ਵਾਸ਼ ਕਰਦੇ ਆਏ ਆ ..........ਸਾਨੂੰ ਬਹਾਦਰ ਲੋਕ ਗਿਣਦੇ ਆ ।........ਆਹ ਹੁਣ ਭੀ ਮਾਨ ਗਰੁੱਪ ਨੇ ਬਿਆਨ ਦਿੱਤਾ ਕਿ ਅਸੀਂ ਇਰਾਕ ਦੇ ਬਰੁੱਧ ਮੋਰ੍ਹੇ ਹੋ ਕੇ ਲੜਨ ਨੂੰ ਤਿਆਰ ਆਂ ।" ਹਰਪ੍ਰੀਤ ਸਿੰਘ ਜ਼ਰਾ ਤੈਸ਼ ਵਿਚ ਆ ਗਿਆ ਸੀ

"ਆਹੋ ਜੀ ਭਲੇ ਕੰਮ ਲਈ ਤਾਂ ਹਰ ਕੋਈ ਥੋਡੇ ਨਾਲ ਖੜ੍ਹਨ ਨੂੰ ਤਿਆਰ ਰਹਿੰਦੈ ।" ਬਰਾੜ ਨੇ ਕਿਹਾ।

" ਕੁਵੇਤ ਬੇਹਲਾ ਕਰ ਕੇ ਫ਼ੇਰ ਪੰਜਾਬ ਬੇਹਲਾ ਕਰਾਮਾਗੇ ।" ਸਿੰਘ ਬੋਲਿਆ।

" ਕੇਰਾਂ ਯੂ .ਐਨ.ਓ. ਨੇ ਰੈਜ਼ੋਲੂਸ਼ਨ ਕਰੇ ਈ ਦਿੱਤਾ ਤਾਂ ਬਾਕੀ ਕੀ ਰਹਿ ਗਿਐ। ਉਮੇਂ ਸਾਲਿਆਂ ਨੇ ਜ਼ੁਲਮ ਬੀ ਬੜਾ ਕੀਤਾ ਸੀਗਾ ਕੁਵੈਤ ਵਿਚ,............ਬਹੁਤ ਤੀਮੀਆਂ ਨੂੰ ਰੇਪ ਕੀਤਾ ਇਰਾਕੀਆਂ ਨੇ ......" ਬਰਾੜ ਕਹਿ ਰਿਹਾ ਸੀ। ਉਸਦੀ ਗੱਲ ਵਿੱਚੇ ਕੱਟਦਾ ਪ੍ਰੋਫ਼ੈਸਰ ਬੋਲਿਆ, " ਅਮਰੀਕਣਾਂ ਨੇ ਤਾਂ ਰੱਖੜੀਆਂ ਬਨ੍ਹਾਈਆਂ ਹੋਣੀਆਂ ਵੀਤਨਾਮਣਾ ਤੋਂ .........ਨਾਲੇ ਅਮ੍ਰੀਕਾ ਦੀਆਂ ਫ਼ੌਜਾਂ ਤਾਂ ਯੂ .ਐਨ. ਓ. ਦਾ ਰੈਜ਼ੋਲਜ਼ਸ਼ਨ ਹੋਣ ਤੋਂ ਪਹਿਲਾਂ ਈ ਸਾਊਦੀ ਅਰੇਬੀਆ ਵਿਚ ਜਾ ਬੈਠੀਆਂ ਸਨ। "

" ਤੇ ਹੋਰ ਕਰਦੇ ਵੀ ਕੀ, ਏਹਨਾ ਨੇ ਕੁਵੈਤ ਤੋਂ ਮਗਰੋਂ ਸਾਊਦੀ ਦੱਬ ਲੈਣਾ ਸੀਗਾ।"

"ਤੇਰੇ ਕੋਲ ਕੀ ਸਬੂਤ ਆ ਇਸ ਗੱਲ ਦਾ ?.....ਦੇਖੋ ਕੁਵੈਤ ਵਿਚ ਇਰਾਕ ਅਮ੍ਰੀਕਾ ਦੀ ਮਰਜ਼ੀ ਮੁਤਾਬਕ ਹੀ ਵੜਿਆ। ਇਨ੍ਹਾਂ ਦੀ ਉਹ ਅੰਮਬੈਸਡਰ ਨੇ ਖ਼ੁਦ ਇਰਾਕ ਵਿਚ ਕਿਹਾ ਸੀ ਕਿ ਅਮ੍ਰੀਕਾ ਅਰਬਾਂ ਦੇ ਆਪਸੀ ਝਗੜੇ ਵਿਚ ਨਹੀਂ ਪੈਣਾ ਚਾਹੁੰਦਾ। ....... ਨਾਲੇ ਇਨ੍ਹੀਂ ਆਪ ਤਾਂ ਸਾਰੇ ਹਥਿਆਰ ਸਪਲਾਈ ਕੀਤੇ ਆ ਇਰਾਕ ਨੂੰ ।" ਪ੍ਰੋਫ਼ੈਸਰ ਨੇ ਦਲੀਲ ਦਿੱਤੀ।

"ਹਾ ਬਾਈ ਜੀ, ਏਹਨਾਂ ਨੂੰ ਤਾਂ ਬਹਾਨਾ ਚਾਹੀਦਾ ਸੀ ਉਥੇ ਡੇਰੇ ਜਮਾਉਣ ਦਾ, ਅੱਗੇ ਹੈਦਾ ਈ ਪਨਾਮਾ ਵਿਚ ਜਾ ਵੜੇ ਸਨ। ਹਮੇਸ਼ਾਂ ਜਿੱਥੇ ਏਹਨਾਂ ਨੂੰ ਆਵਦਾ ਮਤਲਬ ਹੁੰਦੈ ਓਥੇ ਕੋਈ ਨਾ ਕੋਈ ਲੜਨ ਦਾ ਬਹਾਨਾ ਘੜ ਕੇ ਜਾ ਵੜਦੇ ਆ ਤੇ ਤਬਾਹੀ ਮਚਾ

ਦਿੰਦੇ ਆ ।" ਜੀਤ ਨੇ ਕਿਹਾ।

" ਕੋਈ ਭੀ ਡਵੈਲਪਿੰਗ ਕੰਟਰੀ ਜੇ ਮਾੜਾ ਮੋਟਾ ਆਪਣੇ ਪੈਰੀਂ ਖੜਾ ਹੋਣ ਲੱਗੇ ਤਾਂ ਇਨਾਂ ਨੂੰ ਸੂਲ ਹੋਣ ਲੱਗ ਪੈਂਦਾ। ਪਹਿਲਾਂ ਦੋਂਹ ਮੁਲਕਾਂ ਵਿਚ ਲੜਾਈ ਦਾ ਬੀਅ ਬੀਜ ਲੈਣਾ ਫਿਰ ਮਹਿੰਗੇ ਭਾਅ ਲੜਾਈ ਦਾ ਸਮਾਨ ਬੇਚ ਕੇ ਹੱਥ ਰੰਗ ਲੈਣੇ, .....ਜੇ ਇਹ ਥੋੜ੍ਹੇ ਸਾਲਾਂ ਬਾਦ ਜੰਗ ਨਾ ਛੇੜਨ ਤਾਂ ਇਨ੍ਹਾਂ ਦੀ ਇਕਾਨਮੀ ਦਾ ਭੱਠਾ ਬਹਿਣ ਲੱਗ ਪੈਂਦਾ।" ਪ੍ਰੋਫ਼ੈਸਰ ਨੇ ਦਲੀਲ ਜਾਰੀ ਰੱਖੀ ।

" ਨਾਲੇ ਜੀ ਜੇ ਕੁਵੈਤ ਵਿਚ ਐਨਾ ਤੇਲ ਨਾ ਹੁੰਦਾ ਤਾਂ ਕਿਸ ਨੂੰ ਉਹਦੀ ਪ੍ਰਵਾਹ ਹੋਣੀ ਸੀ, ਦੁਨੀਆਂ ਦੇ ਹੋਰ ਐਨੇ ਮੁਲਕਾਂ ਵਿਚ ਐਨੀ ਬੇਇਨਸਾਫ਼ੀ ਹੁੰਦੀ ਆ ਓਥੇ ਨੀ........."

"ਪਿਆਰ ਤੇ ਲੜਾਈ ਵਿਚ ਸਭ ਜੈਜ ਹੁੰਦਾ ਜੀ।" ਜੀਤ ਦੀ ਗੱਲ ਵਿੱਚੇ ਕੱਟਦਾ ਸਿੰਘ ਬੋਲਿਆ।

"ਅੱਛਾ ! ਜੇ ਅਮ੍ਰੀਕਾ ਕਿਸੇ ਮੁਲਕ ਵਿਚ ਫ਼ੌਜਾਂ ਜਾ ਬਿਠਾਲੇ ਤਾਂ ਉਹ ਜ਼ਾਇਜ ਹੈ ਪਰ ਜੇ ਕੋਈ ਹੋਰ ਮੁਲਕ ਇਸ ਤਰ੍ਹਾਂ ਕਰੇ ਤਾਂ ਉਹ ਨਜ਼ਾਇਜ਼ ਆ......ਹੈਂਅ ?", ਪ੍ਰੋਫ਼ੈਸਰ ਨੇ ਸਿੰਘ ਨੂੰ ਸਿੱਧਾ ਸੁਆਲ ਕੀਤਾ।

ਸਿੰਘ ਨੂੰ ਇੱਕਦਮ ਕੋਈ ਜਵਾਬ ਨਾ ਅਹੁੜਦਾ ਵੇਖ ਕੇ ਮੋਹਰਲੀ ਸੀਟ ਤੋਂ ਬਰਾੜ ਨੇ ਜ਼ਰਾ ਬੇਤਕੱਲਫ਼ੀ ਨਾਲ ਪ੍ਰੋਫ਼ੈਸਰ ਨੂੰ ਕਿਹਾ, " ਓਅ ਥੋਡੇ ਲਗਦੇ ਓਅ ਅਫ਼ਗਾਨਸਤਾਨ ਵਿਚ ਕੀ ਭੈਣ ਮਰੌਣ ਆਏ ਸੀ ?"

" ਬਾਈ ਐਦਾ ਤਾਂ ਇਸਰਾਈਲ ਐਨੇ ਸਾਲਾਂ ਦਾ ਇਲਾਕੇ ਦੱਬੀ ਬੈਠੈ ਅਰਬਾਂ ਦੇ , ਓਹਦੇ ਲਈ ਐਨਾ ਚਿਰ ਹੋ ਗਿਐ ਰੈਜ਼ੋਲੂਸ਼ਨ ਪਾਸ ਹੋਈ ਨੂੰ ........"ਗੱਲ ਤਾਂ ਵਿੱਚੋਂ ਇਹ ਆ ਜੀ ਕਿ ਟੂਅ ਰੌਂਗਜ਼ ਨੈਵਰ ਮੇਕ ਏ ਰਾਈਟ ।" ਜੀਤ ਨੇ ਤਲਖ਼ੀ ਵਧਦੀ ਦੇਖ ਕੇ ਗੱਲਬਾਤ ਠੱਪ ਕਰਨੀ ਚਾਹੀ ਪਰ ਬਰਾੜ ਕੁਝ ਜ਼ਿਆਦਾ ਗਰਮੀ ਵਿਚ ਆ ਗਿਆ ਸੀ ਤੇ ਜੀਤ ਗੱਲ ਨੂੰ ਅਣਗੌਲਿਆ ਕਰਕੇ ਪ੍ਰੋਫ਼ੈਸਰ ਪਰਮਿੰਦਰ ਵੱਲ ਮੂੰਹ ਕਰਕੇ ਫ਼ਿਰ ਬੋਲਿਆ, " ਓਅ ਸਹੁਰੀ ਦਿਉ ਹੁਣ ਤਾਂ ਸ਼ਰਮ ਕਰ ਲੋ, ਥੋਡਾ ਪਤੰਦਰ ਗੋਰਬਾਚਾਵ ਭੀ ਹੁਣ ਤਾਂ ਮਦਾਨ ਛੱਡ ਗਿਐ, ਬਾਕੀ ਦੇ ਤਾਂ ਪਹਿਲਾਂ ਈ ਖੁੱਡੇ ਲੈਨ ਲੱਗੇ ਵੇ ਆ ।"

"ਦੇਖ ਬਰਾੜ ਮੈਂ ਅੱਗੇ ਵੀ ਤੈਨੂੰ ਦੱਸਿਆ ਸੀ ਕਿ ਡਿਸਕਸ਼ਨ ਨੂੰ ਪਰਸਨਲ ਨਹੀਂ ਬਣਾਈਦਾ, ਨਾਲੇ ਆਪਾਂ ਅੱਗੇ ਵੀ ਕਈ ਬਾਰੀ ਗੱਲ ਕਰ ਹਟੇ ਆਂ ਕਿ ਉਨਾਂ ਮੁਲਕਾਂ ਦੇ ਢਾਂਚਿਆਂ ਵਿਚ ਬੇਸਿਕ ਸ਼ੋਰਟ ਕਮਿੰਗਜ਼ ਸਨ ਤੇ ਦੂਸਰੇ ਪਾਸੇ ਜੇ ਕੈਪੀਟਲਿਜ਼ਮ ਹੀ ਹਰ ਮੁਸ਼ਕਲ ਦਾ ਹੱਲ ਹੁੰਦਾ ਤਾਂ ਅਮ੍ਰੀਕਾ ਵਿਚ ਅੱਜ ਐਨੀਆਂ ਪ੍ਰਾਬਲਮਾਂ ਨਾ ਹੁੰਦੀਆਂ। ਪਿਛਲੇ ਪੰਦਰਾਂ ਸਾਲਾਂ ਵਿਚ ਇੱਥੇ ਦੋ ਤਿੰਨ ਪ੍ਰਸੈਂਟ ਲੋਕ ਤਾਂ ਮਿਲੀਅਨੇਅਰ ਤੋਂ ਬਿਲੀਅਨੇਅਰ ਬਣ ਗਏ ਹਨ ਜਾਂ ਬਣਨ ਵਾਲੇ ਹਨ ਪਰ ਬਾਕੀ ਸਾਰਿਆਂ ਦੀਆਂ ਹੋਲਡਿੰਗਜ਼ ਪਹਿਲਾਂ ਨਾਲੋਂ ਘਟੀਆਂ ਹੀ ਹਨ।......ਨਾਲੇ ਫ਼ੇਰ ਦੇਖੋ ਕਰਾਈਮ ਰੇਟ ਕਿੰਨਾ ਵਧ ਗਿਆ ਪਹਿਲਾਂ ਨਾਲੋਂ ।" ਪ੍ਰੋਫ਼ੈਸਰ ਨੇ ਠਰੰਮੇ ਨਾਲ ਕਿਹਾ।



" ਉਮੇਂ ਬੀ ਬਾਈ ਸਮਾਜਵਾਦੀ ਮੁਲਕਾਂ ਦੇ ਲੋਕ ਖਰੀਆਂ ਸਹੂਲਤਾਂ ਚਹੁੰਦੇ ਹੋਏ ਬੀ ਆਵਦੇ ਰੋਟੀ ਕਮਾਉਣ ਦੇ ਸਾਧਨਾਂ ਨੂੰ ਪੂਰੀ ਤਰ੍ਹਾਂ ਪ੍ਰਾਈਵੇਟਾਈਜ਼ ਕਰਨ ਦੇ ਹੱਕ ਵਿਚ ਨਹੀਂ ਹਨ।" ਜੀਤ ਬੋਲਿਆ।

"ਲੈ ਕੀ ਪ੍ਰਾਬਲਮਾਂ ਸੀ ਇਸ ਸਿਸਟਮ ਵਿਚ........ਕੰਮ ਕਰੋ ਤਾਂ ਤੁਸੀਂ ਕੀ ਨਹੀਂ ਖ਼੍ਰੀਦ ਸਕਦੇ । ਆਪਣੀ ਮਿਹਨਤ ਨਾਲ ਜੋ ਮਰਜ਼ੀ ਬਣ ਜਾਉ ।" ਡਾਕਟਰ ਨੇ ਜੀਤ ਦੀ ਅਣਗੌਲੀ ਕਰਦਿਆਂ ਪ੍ਰੋਫ਼ੈਸਰ ਨੂੰ ਸੁਆਲ ਕੀਤਾ।

" ਹਾ ਹੀ ਤਾਂ ਗੱਲ ਆ ਸਮਝਣ ਵਾਲੀ ਕਿ ਕੀ ਹਰ ਇੱਕ ਨੂੰ ਇੱਕੋ ਜਿਹੇ ਮੌਕੇ ਅਵੇਲੇਬਲ ਹਨ ਮਿਹਨਤ ਕਰਕੇ ਤਰੱਕੀ ਕਰਨ ਦੇ ? ਜੇਕਰ ਤੁਹਾਨੂੰ ਇੱਥੇ ਐਪਲ ਤੀਹ ਸੈਂਟ ਨੂੰ ਪੌਂਡ ਮਿਲਦੇ ਆ ਤਾਂ ਉਨ੍ਹਾਂ ਦੀ ਲਾਲੀ ਵਿਚ ਕਿਸੇ ਡੇਢ ਡਾਲਰ ਘੰਟੇ ਤੇ ਕੰਮ ਕਰ ਰਹੇ ਮੈਕਸੀਕੋ ਜਾਂ ਕਾਲੇ ਦਾ ਲਹੂ ਭਰਿਆ ਹੁੰਦਾ ਆ। ਕੀ ਉਹ ਕਿਸੇ ਨਾਲੋਂ ਘੱਟ ਮਿਹਨਤ ਕਰਦੇ ਆਂ ?" ਪ੍ਰੋਫ਼ੈਸਰ ਨੇ ਡਾਕਟਰ ਨੂੰ ਸਿੱਧਾ ਸੁਆਲ ਕੀਤਾ।

" ਇਹ ਤਾਂ ਉਹਦੀ ਮਿਹਰ ਆ, ਜਿਸ ਉਪਰ ਹੋਵੇ ਉਹੀ ਤਰਦਾ। " ਡਾਕਟਰ ਦੀ ਬਜਾਏ ਹਰਪ੍ਰੀਤ ਸਿੰਘ ਨੇ ਜੁਆਬ ਦਿੱਤਾ ।

"ਫਿਰ ਤਾਂ ਮਿਹਨਤ ਕਰੋ ਜਾਂ ਨਾ ਕਰੋ , ਕੋਈ ਫ਼ਰਕ ਨਹੀਂ ਪੈਣਾ ਚਾਹੀਦਾ ।" ਪ੍ਰੋਫ਼ੈਸਰ ਨੇ ਥੋੜ੍ਹੇ ਵਿਅੰਗ ਨਾਲ ਸਿੰਘ ਨੂੰ ਕਿਹਾ।

" ਨਹੀਂ ਇਹ ਗੱਲ ਤਾਂ ਨਹੀਂ , ਗਾਡ ਹੈਲਪਸ ਦੋਜ਼ ਹੂ ਹੈਲਪ ਦੈਮਸੈਲਵਜ਼ ।" ਸਿੰਘ ਨੇ ਦਲੀਲ ਪੇਸ਼ ਕੀਤੀ ।

"ਅੱਛਾ ਤਾਂ ਗਾਡ ਦੀ ਨਜ਼ਰ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਦੇ ਸ਼ੇਅਰ ਹੋਲਡਰਾਂ ਉਪਰ ਤਾਂ ਪੈਂਦੀ ਆ, ਪਰ ਇੰਡੀਆ ਦੀਆਂ ਫ਼ੈਕਟਰੀਆਂ ਤੇ ਮਾਈਨਾ ਵਿਚ ਲਹੂ ਪਸੀਨਾ ਵਹਾਉਂਦੇ ਮਜ਼ਦੂਰਾਂ ਤੇ ਨਹੀਂ ਪੈਂਦੀ।" ਪ੍ਰੋਫ਼ੈਸਰ ਨੇ ਇੱਕ ਹੋਰ ਵਿਅੰਗ ਕੱਸਿਆ।

"ਓਅ ਪ੍ਰੋਫ਼ੈਸਰਾ, ਜੇ ਤੂੰ ਹੈਨਾ ਈ ਔਖਾ ਤਾਂ ਇੰਡੀਆ ਜਾ ਕੇ ਕਾਹਤੋਂ ਨੀ ਕੁਸ਼ ਕਰਦਾ, ਐਮੇਂ ਇੱਥੇ ਸਾਡੇ ਉਪਰ ਝਾੜਦਾ ਰਹਿਨੈ ? ਹੋਰ ਨੀ ਤਾਂ ਕਿਊਬਾ ਈ ਚਲਾ ਜਾਹ, ਓਹੀ ਇੱਕ ਰਹਿ ਗਿਐ ਥੋਡੇ ਅਰਗਿਆਂ ਲਈ । ਹੂੰਹ.....ਜਿਸ ਥਾਲੀ ਵਿਚ ਖਾਣਾ ਓਸੇ ਵਿਚ ਥੁੱਕਣਾ।" ਬਰਾੜ ਨੇ ਫ਼ਿਰ ਤਲਖ਼ ਹੁੰਦੇ ਨੇ ਕਿਹਾ।

"ਨਹੀਂ ਬਾਈ ਜੀ ਇਹ ਨੀ ਗੱਲ, ਇਨਸਾਨ ਜੇਸ ਸਮਾਜ ਵਿਚ ਭੀ ਵਿਚਰਦਾ ਹੋਵੇ ਓਸੇ ਨੂੰ ਹੀ ਸਭ ਦੇ ਵਾਸਤੇ ਜਿਉਣਯੋਗ ਬਣਾਉਣ ਲਈ ਜੱਦੋਜਹਿਦ ਕਰਨੀ ਚਾਹੀਦੀ ਆ।" ਪ੍ਰੋਫ਼ੈਸਰ ਦੀ ਬਜਾਏ ਜੀਤ ਬੋਲਿਆ।

" ਐਹੋ ਜਿਹੀਆਂ ਬਥੇਰੀਆਂ ਆਉਨੀਆਂ ਥੋਨੂੰ , ਕਰਨਾ ਕਰੌਣਾ ਡੱਕਾ ਨੀ ਤੁਸੀਂ , ਇੱਥੇ ਬੈਠਿਆਂ ਨੇ ਛੱਡੀ ਜਾਣੀਐਂ ।" ਬਰਾੜ ਬੋਲਿਆ।

" ਪਰ ਤੈਨੂੰ ਕੀ ਪਤਾ , ਮੈਂ ਸ਼ਾਇਦ ਵਾਪਸ ਮੁੜਨਾ ਹੀ ਹੋਵੇ ।" ਪ੍ਰੋਫ਼ੈਸਰ ਬੋਲਿਆ।

" ਓਅ ਚਲੋ ਸ਼ੱਡੋ ਖਾਂ ਪਰ੍ਹਾਂ ........ਲੜਾਈ ਲੜਾਈ ਮਾਫ਼ ਕਰੋ ...... ਆਹ ਗੈਸ ਸਟੇਸ਼ਨ ਆ ਗਿਆ ਈ, ਪਰ੍ਹਾਂ ਬਰਗਰ ਕਿੰਗ ਭੀ ਹੈ ਸੂ ।" ਬਲਵੰਤ ਨੇ ਵੈਨ ਗੈਸ ਪੰਪ ਦੇ ਸਾਹਮਣੇ ਪਾਰਕ ਕਰਦਿਆਂ ਕਿਹਾ।

" ਮੈਂ ਜ਼ਰਾ ਬਲੈਡਰ ਖਾਲੀ ਕਰ ਲਵਾਂ ।" ਕਹਿਕੇ ਡਾਕਟਰ ਪ੍ਰਮਾਰ ਆਪਣਾ ਜ਼ਰਾ ਕੁ ਭਾਰਾ ਸਰੀਰ ਲੈਕੇ ਵੈਨ ਵਿੱਚੋਂ ਨਿਕਲ ਗਿਆ।

"ਮੈਅ ਭੀ ਜ਼ਰਾ ਹਲਕਾ ਹੋ ਲਮਾਂ ।" ਢਿੱਡ ਉਪਰ ਹੱਥ ਫੇਰਦਾ ਬਰਾੜ ਭੀ ਬਾਹਰ ਆ ਗਿਆ।

" ਤੁਸੀਂ ਜਾ ਆਉ , ਮੈਂ ਤਾਂ ਬਰਗਰ ਕਿੰਗ ਤੇ ਹੀ ਜਾਵਾਂਗਾ।" ਕਹਿੰਦਾ ਹੋਇਆ ਹਰਪ੍ਰੀਤ ਸਿੰਘ ਪ੍ਰੋਫ਼ੈਸਰ ਤੇ ਜੀਤ ਸਮੇਤ ਵੈਨ ਵਿਚ ਹੀ ਬੈਠਾ ਰਿਹਾ।

ਵੈਨ ਦੇ ਬਾਹਰ ਬਲਵੰਤ ਅਜੇ ਗੈਸ ਦੀ ਟੈਂਕੀ ਖੋਲ੍ਹਣ ਲਈ ਛੱਲੇ ਵਿੱਚੋਂ ਚਾਬੀ ਹੀ ਲੱਭ ਰਿਹਾ ਸੀ ਤੇ ਬਰਾੜ ਅਤੇ ਡਾਕਟਰ ਮਾੜੀ ਜਿਹੀ ਅੰਗੜਾਈ ਲੈ ਕੇ ਕਮੀਜ਼ਾਂ ਦੇ ਵੱਟ ਜਿਹੇ ਠੀਕ ਕਰ ਰਹੇ ਸਨ ਕਿ ਘੁਰਰਰ ਘੁਰਰਰ ਕਰਦੀ , ਬੜੇ ਬੜੇ ਪਹੀਆਂ ਵਾਲੀ ਇਕ ਉੱਚੀ ਜਿਹੀ ਜੀਪ ਉਨ੍ਹਾਂ ਦੇ ਪਰਲੇ ਪਾਸੇ ਆ ਖੜੀ ਹੋਈ। ਉਸ ਵਿੱਚੋਂ ਪੰਜ ਛੇ ਹੱਟੇ ਕੱਟੇ ਤੇ ਛੋਟੇ ਛੋਟੇ ਕੱਟੇ ਹੋਏ ਵਾਲਾਂ ਵਾਲੇ ਗੋਰੇ ਛੋਕਰੇ ਛਾਲਾਂ ਮਾਰਕੇ ਨਿਕਲੇ। ਛੋਟੀ ਬਾਹਾਂ ਵਾਲੀਆਂ ਟੀ ਸ਼ਰਟਾਂ ਵਿੱਚੋਂ ਉਨ੍ਹਾਂ ਦੇ ਮੋਟੇ ਮੋਟੇ ਡੋਲੇ ਝਾਕ ਰਹੇ ਸਨ। ਕੁੱਝ ਇੱਕ ਨੇ ਹੱਥਾਂ ਵਿਚ ਛੋਟੇ ਛੋਟੇ ਅਮ੍ਰੀਕਾ ਦੇ ਝੰਡੇ ਫੜੇ ਹੋਏ ਸਨ ਤੇ ਦੋਂਹ ਕੁ ਨੇ ਹੱਥਾਂ ਵਿਚ ਬੀਅਰ ਦੇ ਬੱਤੇ ਫੜੇ ਹੋਏ ਸਨ। ਇਨ੍ਹਾਂ ਤਿੰਨਾਂ ਉਪਰ ਨਜ਼ਰ ਪੈਂਦਿਆਂ ਹੀ ਉਹ ਗੋਰੇ ਆਪਸ ਵਿਚ ਅੱਖਾਂ ਰਲਾ ਕੇ ਮਾੜਾ ਜਿਹਾ ਮੁਸਕਰਾਏ ਤੇ ਫਿਰ ਉੱਚੀ ਦੇਣੀ " ਯੂ ਫ਼ੱਕਿਨ ਇਰਾਕੀਜ ...." ਦਹਾੜਦੇ ਹੋਏ ਇਨ੍ਹਾਂ ਵਲ ਨੂੰ ਨੱਠੇ। ਬੌਖਲਾਏ ਹੋਏ ਡਾਕਟਰ ਤੇ ਬਰਾੜ ਦਵਾ ਦਵਾ ਵੈਨ ਵਿਚ ਵੜ ਗਏ ਤੇ ਬਲਵੰਤ ਨੇ ਦੂਸਰੇ ਪਾਸਿਉਂ ਡਰਾਈਵਰ ਸੀਟ ਤੇ ਬਹਿੰਦਿਆਂ ਹੀ ਵੈਨ ਸਟਾਰਟ ਕਰਕੇ ਫ਼ੁਰਤੀ ਨਾਲ ਭਜਾ ਲਈ।

ਗੋਰੇ ਛੋਕਰੇ ਕੁਝ ਕਦਮ ਵੈਨ ਦੇ ਮਗਰ ਨੱਠੇ ਫਿਰ ਉਨ੍ਹਾਂ ਵਿਚੋਂ ਇੱਕ ਨੇ ਹੱਥ ਵਿਚ ਫੜਿਆ ਬੀਅਰ ਦਾ ਬੱਤਾ ਚਲਾ ਕੇ ਵੈਨ ਦੇ ਵਿਚ ਮਾਰਿਆ।

ਸੜਕ ਤੇ ਚੜ੍ਹਦਿਆਂ ਹੀ ਵੈਨ ਨੇ ਸ਼ੂਟ ਵੱਟ ਲਈ। ਵੈਨ ਦੇ ਅੰਦਰ ਸਨਾਟਾ ਛਾਇਆ ਹੋਇਆ ਸੀ ਜਿਸਨੂੰ ਬਲਵੰਤ ਨੇ ਤੋੜਿਆ, ਵੈਨ ਵਿਚਲੇ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿਚ ਸ਼ਰਾਰਤੀ ਜਿਹੀ ਨਜ਼ਰ ਨਾਲ ਦੇਖਦਾ ਬੋਲਿਆ, " ਆਹ ਕਰੋ ਖਾਂ ਆਪਣੀ ਮਤ੍ਰੇਈ ਮਾਂ ਦੇ ਸਕੇ ਪੁੱਤਰਾਂ ਨਾਲ ਗੱਲ, ਹੁਣ ਚੁੱਪ ਕਿਉਂ ਬੈਠੇ ਜੇ ?"

ਵੈਨ ਵਿਚ ਫਿਰ ਸਨਾਟਾ ਛਾ ਗਿਆ। ਕੇਵਲ ਜੀਤ ਅਤੇ ਪ੍ਰੋਫ਼ੈਸਰ ਇੱਕ ਦੂਸਰੇ ਵੱਲ ਦੇਖਕੇ ਨਿੰਮ੍ਹਾ ਨਿੰਮ੍ਹਾ ਮੁਸਕਰਾ ਰਹੇ ਸਨ। (ਮਾਰਚ 1991 )



# ਹਿਪੋਕ੍ਰਿਟ

" ਕੀ ਇਹ ਬੱਸ 4600 ਬਲਾਕ ਕਿੰਗਜ਼ਵੇ ਤੱਕ ਜਾਵੇਗੀ ?"

"ਜੀ ਹਾਂ, ਕਾਫ਼ੀ ਨਜ਼ਦੀਕ ।"

"ਸ਼ੁਕਰੀਆ ! " ਕਹਿਕੇ ਇਸ ਲੰਬੇ ਤੇ ਪਤਲੇ ਜਿਹੇ ਗੋਰੇ ਬਜ਼ੁਰਗ ਨੇ ਬੱਸ ਵਿਚ ਚੜ੍ਹਕੇ ਜੇਬ ਵਿੱਚੋਂ ਅਪਣਾ ਪੱਕਾ ਬੱਸ ਪਾਸ ਕੱਢ ਕੇ ਦਿਖਾਇਆ ਤੇ ਡਰਾਈਵਰ ਦੇ ਬਿਲਕੁਲ ਸਾਹਮਣੇ ਵਾਲੀ ਸੀਟ ਉਪਰ ਬੈਠ ਗਿਆ ਤੇ ਬੱਸ ਤੁਰ ਪਈ।

"ਅੱਗੇ ਬੜਾ ਸੁਹਣਾ ਇੱਥੇ ਡਾਊਨ ਟਾਊਨ ਵਿਚ ਹੀ ਹੁੰਦਾ ਸੀ, ਪਤਾ ਨਹੀਂ ਕਿਉਂ ਹੁਣ ਚੁਕ ਕੇ ਬਨਰਬੀ ਵਿਚ ਮੂਵ ਕਰ ਦਿੱਤਾ?" ਮੋਟੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਲਾਹ ਕੇ ਸਾਫ਼ ਕਰਦਾ ਹੋਇਆ ਬਜ਼ੁਰਗ ਬੋਲਿਆ।

"ਕਿਆ ਚੀਜ਼ ?" ਡਰਾਈਵਰ ਨੇ ਉਸ ਵੱਲ ਦੇਖੇ ਬਗੈਰ ਕਿਹਾ।

"ਆਹ ਮੈਡੀਕਲ ਸਰਵਿਸਜ਼ ਵਾਲਿਆਂ ਦਾ ਦਫ਼ਤਰ। ਅੱਗੇ ਹਰ ਸਾਲ ਮੈਂ ਬੜੇ ਆਰਾਮ ਨਾਲ ਤੁਰ ਕੇ ਹੀ ਜਾ ਆਉਂਦਾ ਸੀ।"

"ਹਰੇਕ ਸਾਲ ਕਿਉਂ ?" ਸਾਹਮਣੇ ਵੱਲ ਧਿਆਨ ਟਿਕਾਈ ਡਰਾਈਵਰ ਬੋਲਿਆ।

"ਮੈਨੂੰ ਹਰ ਸਾਲ ਬਾਦ ਪ੍ਰੀਮੀਅਮ ਅਸਿਸਟੈਂਸ ਦੀ ਅਰਜ਼ੀ ਭਰਨੀ ਪੈਂਦੀ ਹੈ ਕਿਉਂਕਿ ਮੇਰੀ ਆਮਦਨ ਬਹੁਤ ਘੱਟ ਹੈ ਨਾ ।" ਬਜ਼ੁਰਗ ਐਨਕਾਂ ਪਹਿਨਦਾ ਹੋਇਆ ਬੋਲਿਆ। ਮੋਟੇ 2 ਸ਼ੀਸ਼ਿਆਂ ਪਿੱਛੇ ਉਸਦੀਆਂ ਅੱਖਾਂ ਆਪਣੇ ਆਕਾਰ ਤੋਂ ਜ਼ਰਾ ਵੱਡੀਆਂ ਤੇ ਫੁਲੀਆਂ ਹੋਈਆਂ ਪ੍ਰਤੀਤ ਹੁੰਦੀਆਂ ਸਨ।

"ਹਾਂ! ਮਹਿੰਗਾਈ ਤਾਂ ਆਸਮਾਨ ਨੂੰ ਛੂਹ ਰਹੀ ਹੈ। " ਡਰਾਈਵਰ ਉਸ ਵੱਲ ਇਕ ਨਜ਼ਰ ਸਿੱਟਦਾ ਹੋਇਆ ਬੋਲਿਆ।

" ਬਸ ਕੁਝ ਕੁ ਹੋਰ ਸਾਲਾਂ ਦੀ ਗਲ ਹੈ, ਫਿਰ ਮੈਨੂੰ ਇਹ ਅਰਜ਼ੀ ਨਹੀਂ ਭਰਨੀ ਪਿਆ ਕਰੇਗੀ ", ਬਜ਼ੁਰਗ ਬੋਲਿਆ ।

"ਉਹ ਕਿਵੇਂ ?" ਕੁਝ ਦੇਰ ਸੋਚ ਕੇ ਡਰਾਈਵਰ ਨੇ ਪੁੱਛਿਆ।

"ਮੈਂ ਪੈਹਠਾਂ ਸਾਲਾਂ ਦਾ ਹੋ ਜਾਵਾਂਗਾ ਤੇ ਮੈਨੂੰ ਬੁਢਾਪੇ ਦੀ ਪੈਨਸ਼ਨ ਭੀ ਲਗ ਜਾਵੇ ਗੀ। " ਬਜ਼ੁਰਗ ਨੇ ਉਸੇ ਮੁਸਕਰਾਹਟ ਨਾਲ ਕਿਹਾ।

ਡਰਾਈਵਰ ਨੇ ਇਕ ਨਜ਼ਰ ਉਸ ਵਲ ਧਿਆਨ ਨਾਲ ਦੇਖਿਆ ਪਰ ਬੋਲਿਆ ਕੁਝ ਨਹੀਂ । ਉਸਦੀ ਤੱਕਣੀ ਤੋਂ ਉਸਦੇ ਦਿਮਾਗ ਵਿਚ ਪੈਦਾ ਹੋਣ ਵਾਲੇ ਸਵਾਲ ਦਾ ਅੰਦਾਜ਼ਾ ਲਗਾਉਂਦਾ ਹੋਇਆ ਬਜ਼ੁਰਗ ਬੋਲਿਆ।"ਤੂੰ ਠੀਕ ਸੋਚਦਾ ਏਂ , ਮੈਂ ਆਪਣੀ ਉਮਰ ਨਾਲੋਂ ਕਈ ਵਰ੍ਹੇ ਵੱਡਾ ਦਿਸਦਾ ਹਾਂ। ਦਰਅਸਲ, ਪਿਛਲੇ ਕੁਝ ਸਾਲਾਂ ਤੋਂ ਮੇਰੀ ਸਿਹਤ ਲਗਾਤਾਰ ਡਿੱਗਦੀ ਜਾ ਰਹੀ ਹੈ । ..... ਇਸੇ ਕਰਕੇ ਮੈਨੂੰ ਤਿੰਨ ਸਾਲ ਪਹਿਲਾਂ ਆਪਣੀ ਨੌਕਰੀ ਭੀ ਛੱਡਣੀ ਪਈ ...." ਫਿਰ ਜਿਵੇਂ ਯਾਦਾਂ ਦੇ ਵਹਾਅ ਵਿਚ ਵਹਿੰਦਾ ਹੋਇਆ ਬੋਲਿਆ, "ਕਿੰਨੇ ਮਤਲਬੀ ਹਨ ......"

"ਕੌਣ ?" ਡਰਾਈਵਰ ਨੇ ਜਿਵੇਂ ਉਸਦੇ ਖਿਆਲਾਂ ਦੀ ਲੜੀ ਨੂੰ ਤੋੜਿਆ ।

"ਸ਼ਾਇਦ ਅਸੀਂ ਸਾਰੇ ......" ਕਹਿਕੇ ਉਹ ਫਿਰ ਜਿਵੇਂ ਯਾਦਾਂ ਵਿਚ ਗੁਆਚ ਗਿਆ।

ਸਵੇਰ ਦੇ ਸਾਢੇ ਕੁ ਅੱਠ ਵੱਜੇ ਸਨ। ਡਾਊਨ ਟਾਊਨ ਤੋਂ ਬਾਹਰ ਵਲ ਜਾਣ ਵਾਲੀਆਂ ਬਾਕੀ ਬੱਸਾਂ ਵਾਂਗ ਇਹ ਬੱਸ ਭੀ ਤਕਰੀਬਨ ਖਾਲੀ ਹੀ ਸੀ। ਸਿਰਫ਼ ਇਕ ਅੱਧਖੜ ਉਮਰ ਦੀ ਗੋਰੀ ਔਰਤ ਇਸ ਬਜ਼ੁਰਗ ਤੋਂ ਤਿੰਨ ਕੁ ਸੀਟਾਂ ਪਿੱਛੇ ਬੈਠੀ ਸੀ ਤੇ ਕਿਸੇ ਸਟੋਰ ਵਿਚ ਸੇਲ ਦੇ ਇਸ਼ਤਿਹਾਰ ਫਰੋਲਣ ਵਿਚ ਮਗਨ ਸੀ। ਬਜ਼ੁਰਗ ਅਚਾਨਕ ਸੋਚਾਂ ਵਿਚੋਂ ਪਰਤਿਆ, ਜਦੋਂ ਇਕ ਹਲਕੇ ਜਿਹੇ ਝਟਕੇ ਨਾਲ ਬੱਸ ਇਕ ਬੱਸ ਸਟਾਪ ਉਪਰ ਰੁਕੀ ਤੇ ਇਕ ਨੇਟਿਵ ਇੰਡੀਅਨ ਝੂੰਮਦਾ ਜਿਹਾ ਬੱਸ ਦੀਆਂ ਪੌੜੀਆਂ ਚੜ੍ਹਕੇ ਅੰਦਰ ਆਇਆ। ਸ਼ਾਇਦ ਉਹ ਡਿਗ ਹੀ ਪੈਂਦਾ ਜਦੋਂ ਉਸਨੇ ਡੰਡਾ ਛੱਡਕੇ ਇਕ ਹੱਥ ਆਪਣੀ ਜੇਬ ਵਿੱਚੋਂ ਬੱਸ-ਪਾਸ ਕੱਢਣ ਲਈ ਪਾਇਆ ਪਰ ਇਸ ਬਜ਼ੁਰਗ ਨੇ ਉਠਕੇ ਉਸਨੂੰ ਸੰਭਾਲ ਲਿਆ ਤੇ ਉਸਨੂੰ ਫੜਕੇ ਥੋੜੀ ਮੁਸ਼ਕਿਲ ਨਾਲ ਸੀਟ ਉਪਰ ਬਿਠਾ ਦਿੱਤਾ।

"ਤੁਹਾਡਾ ਬਹੁਤ ਧੰਨਵਾਦ "ਬੱਸ ਡਰਾਈਵਰ ਨੇ ਜ਼ਰਾ ਆਦਰ ਨਾਲ ਬਜ਼ੁਰਗ ਨੂੰ ਕਿਹਾ।

"ਉਹ ਨੋਅ ਪ੍ਰਾਬਲਮ ....." ਬਜ਼ੁਰਗ ਨੇ ਜ਼ਰਾ ਮੁਸਕਰਾਹਟ ਨਾਲ ਕਿਹਾ , "..ਮੈਂ ਸਾਰੀ ਉਮਰ ਇਹੋ ਹੀ ਕੰਮ ਕੀਤਾ ਹੈ।"

"ਕਿਹੋ ਜਿਹਾ ਕੰਮ ?" ਡਰਾਈਵਰ ਨੇ ਜ਼ਰਾ ਦਿਲਚਸਪੀ ਨਾਲ ਪੁਛਿਆ।

"ਆਹੀ ਬੀਮਾਰਾਂ ਠਮਾਰਾਂ ਨੂੰ ਸਹਾਰਾ ਦੇਣ ਦਾ , ਸਾਂਭਣ ਦਾ ....ਕਾਫ਼ੀ ਛੋਟੀ ਉਮਰ ਤੋਂ ਹੀ ਮੈਂ ਸ਼ੁਰੂ ਹੋ ਗਿਆ ਸੀ ....ਪਰ ਹੁਣ ਤਾਂ ਲਗਦਾ ਹੈ ਕਿ ਕੁਝ ਸਮੇਂ ਤੱਕ ਮੈਨੂੰ ਖੁਦ ਨੂੰ ਹੀ ਸਹਾਰੇ ਦੀ ਲੋੜ ਪਵੇਗੀ। "

"ਜ਼ਰੂਰੀ ਨਹੀਂ .....ਜੇਕਰ ਤੁਹਾਡੀ ਵਿੱਲ ਪਾਵਰ ਸਟਰੌਂਗ ਹੋਵੇ ਤਾਂ ਤੁਸੀਂ ਬਗੈਰ ਸਹਾਰੇ ਤੋਂ ਭੀ ਗੁਜ਼ਾਰਾ ਕਰ ਸਕਦੇ ਹੋਂ " ਡਰਾਈਵਰ ਜ਼ਰਾ ਦਾਰਸ਼ਨਿਕ ਹੋ ਰਿਹਾ ਸੀ।

"ਮੈਨੂੰ ਨਹੀਂ ਸਮਝ ਆਉਂਦੀ ਕਿ ਕੋਈ ਆਪਣੇ ਆਲੇ ਦੁਆਲੇ ਵਾਪਰਨ



ਵਾਲੀਆਂ ਗੱਲਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਕਿਵੇਂ ਰਹਿ ਸਕਦਾ ਹੈ ..... ਭਾਵਨਾਵਾਂ ਤੋਂ ਰਹਿਤ ਜ਼ਿੰਦਗੀ ਭੀ ਕੋਈ ਜ਼ਿੰਦਗੀ ਹੈ? ......ਵੈਸੇ ਮੈਂ ਸਰੀਰਕ ਸਹਾਰੇ ਦੀ ਗੱਲ ਕਰ ਰਿਹਾ ਸੀ ....." ਬਜ਼ੁਰਗ ਵੀ ਸੰਜੀਦਾ ਹੋ ਗਿਆ।

"ਤੁਸੀਂ ਜ਼ਰੂਰ ਕਿਧਰੇ ਪੜ੍ਹਾਉਣ ਦਾ ਭੀ ਕੰਮ ਕਰਦੇ ਹੋਵੋਗੇ ।" ਡਰਾਈਵਰ ਨੇ ਉਸਤੋਂ ਜ਼ਰਾ ਪ੍ਰਭਾਵਿਤ ਹੋ ਕੇ ਕਿਹਾ।

"ਨਹੀ ਮੈਂ ਤਾਂ ਸਾਰੀ ਉਮਰ ਸ਼ਾਇਦ ਇਨਸਾਨਾਂ ਨੂੰ ਪੜ੍ਹਨ ਤੇ ਸਮਝਣ ਦੀ ਹੀ ਕੋਸ਼ਿਸ਼ ਕੀਤੀ ਹੈ ।"

"ਉਹ ਕਿਵੇਂ ?" ਡਰਾਈਵਰ ਦੀ ਦਿਲਚਸਪੀ ਕਾਫ਼ੀ ਵੱਧ ਚੁਕੀ ਸੀ।

"ਇਹ ਲੰਬੀ ਤੇ ਜ਼ਰਾ ਦੁਖ ਭਰੀ ਕਹਾਣੀ ਹੈ .. ਮੇਰਾ ਖ਼ਿਆਲ ਮੇਰੇ ਲਈ ਇਹ ਠੀਕ ਨਹੀਂ ਹੋਵੇਗਾ ਕਿ ਕਿਸੇ ਕੋਲ ਐਂਵੇ ਹੀ ਆਪਣੇ ਜੀਵਨ ਦਾ ਚਿੱਠਾ ਖੋਲ੍ਹ ਬੈਠਾਂ । "

"ਨਹੀਂ ਕੋਈ ਐਸੀ ਗੱਲ ਨਹੀਂ , ਇਨਸਾਨ ਹੀ ਇਨਸਾਨ ਦੀ ਗੱਲ ਸੁਣਦਾ ਹੈ ... ਮੈਨੂੰ ਕੋਈ ਮਾਈਂਡ ਨਹੀਂ " ਡਰਾਈਵਰ ਹਲੀਮੀ ਨਾਲ ਬੋਲਿਆ।

ਬੱਸ ਵਿਚ ਕੁਝ ਕੁ ਸਕੂਲ ਜਾਣ ਵਾਲੇ ਬੱਚੇ ਚੜ੍ਹੇ ਤੇ ਪਿਛਲੀਆਂ ਸੀਟਾਂ ਉਪਰ ਜਾ ਬੈਠੇ । ਕੁਝ ਦੇਰ ਸੋਚਣ ਦੇ ਬਾਦ ਬਜ਼ੁਰਗ ਨੇ ਕਹਿਣਾ ਸ਼ੁਰੂ ਕੀਤਾ।

"ਮੈਂ ਤੇ ਮੇਰੇ ਮਾਂ ਬਾਪ ਦੂਸਰੀ ਜੰਗ ਤੋਂ ਛੇਤੀ ਬਾਦ ਹੀ ਇੰਗਲੈਂਡ ਤੋਂ ਆ ਕੇ ਇੱਥੇ ਵਸੇ ਸਾਂ । ਮਕਬਰਾਈਡ ਨਾਮ ਦਾ ਇਕ ਛੋਟਾ ਜਿਹਾ ਪਿੰਡ ਹੈ ਪ੍ਰਿੰਸ ਜਾਰਜ ਤੋਂ ਜੈਸਪਰ ਵਾਲੀ ਸੜਕ ਉਪਰ । ਮੇਰਾ ਬਾਪ ਬ੍ਰਿਟਿਸ਼ ਆਰਮੀ ਵਿਚ ਹੁੰਦਾ ਸੀ ......ਜੰਗ ਵਿਚ ਉਸਨੇ ਇਨਸਾਨਾਂ ਦਾ ਜੋ ਘਾਣ ਹੁੰਦਾ ਦੇਖਿਆ ਉਸਦਾ ਉਸਦੇ ਮਨ ਉਪਰ ਬਹੁਤ ਅਸਰ ਹੋਇਆ ਸੀ। ਤਦੇ ਜੰਗ ਤੋਂ ਬਾਦ ਮੈਨੂੰ ਤੇ ਮਾਂ ਨੂੰ ਲੈ ਕੇ ਇੱਥੇ ਆ ਟਿਕਿਆ । ਪਹਿਲਾਂ ਪਹਿਲ ਬੜਾ ਅਜੀਬ ਲੱਗਾ ਛੋਟੇ ਜਿਹੇ ਪਿੰਡ ਵਿਚ.... ਜਦ ਸਾਲ ਕੁ ਬਾਦ ਕੁਝ ਸੈੱਟ ਜਿਹੇ ਹੋਏ ਤਾਂ ਮੇ ਰੀ ਮਾਂ ਨੂੰ ਵੱਡੀ ਆਂਤ ਦਾ ਕੈਂਸਰ ਹੋ ਗਿਆ। ਓਦੋਂ ਬਹੁਤੇ ਕਿਸਮ ਦੇ ਇਲਾਜ ਨਹੀਂ ਸਨ ਬਣੇ। ਸਰਜਰੀ ਵਾਸਤੇ ਮਾਂ ਨੂੰ ਲੈ ਕੇ ਅਸੀਂ ਵੈਨਕੂਵਰ ਆ ਗਏ ....ਤਿੰਨ ਮਹੀਨੇ ਹਸਪਤਾਲ ਵਿਚ ਰਹੀ । ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਕਿਵੇਂ ਮੈਂ ਤੇ ਡੈਡੀ ਬਾਰੋ ਬਾਰੀ ਦਿਨ ਰਾਤ ਚਮਚਾ ਚਮਚਾ ਕਰਕੇ ਦੁੱਧ ਜਾਂ ਪਾਣੀ ਉਸਦੇ ਮੂੰਹ ਵਿਚ ਪਾਉਂਦੇ ....ਅਸੀਂ ਬੜੀ ਵਾਹ ਲਾਈ ਪਰ ਮਾਂ ਦਿਨ-ਬ-ਦਿਨ ਕਮਜ਼ੋਰ ਹੁੰਦੀ ਗਈ ਤੇ ਅੰਤ ਨੂੰ ਇਕ ਦਿਨ ਅੱਖਾਂ ਮੀਟ ਗਈ ..... ਉਦੋਂ ਮੈਂ ਸੋਲਾਂ ਕੁ ਸਾਲਾਂ ਦਾ ਸੀ। ਬੜਾ ਔਖਾ ਵਕਤ ਸੀ ਡੈਡ ਅਤੇ ਮੇਰੇ ਲਈ। ਸਾਡਾ ਕੋਈ ਵਾਕਿਫ਼ ਜਾਂ ਰਿਸ਼ਤੇਦਾਰ ਭੀ ਨਹੀਂ ਸੀ ਇੱਥੇ । ....ਖ਼ੈਰ , ਔਖੇ ਸੌਖੇ ਹੋ ਕੇ ਮੈਂ ਹਾਈ ਸਕੂਲ ਕੀਤਾ। ਡੈਡ ਨੇ ਸਾਅ ਮਿੱਲ ਵਿਚ ਨੌਕਰੀ ਕਰ ਲਈ....ਤਕੜਾ ਹੁੰਦਾ ਸੀ ਛੇ ਫੁੱਟ ਤਿੰਨ ਇੰਚ, ਸੌਕਰ ਦਾ ਬੜਾ ਖਿਡਾਰੀ ਸੀ ਪਰ ਮਾਂ ਦੇ ਗੁਜ਼ਰਨ ਤੋਂ ਬਾਦ ਸ਼ਰਾਬ ਬਹੁਤ ਪੀਣ ਲਗ ਪਿਆ ਸੀ। ਸਕੂਲ ਖ਼ਤਮ ਕਰਨ ਤੋਂ ਬਾਦ ਮੈਨੂੰ ਪੋਸਟ ਆਫ਼ਿਸ ਵਿਚ ਕੰਮ ਮਿਲ ਗਿਆ ਸੀ। ਤਦ ਮੈਂ 25-26 ਸਾਲ ਦਾ ਹੋਵਾਂਗਾ, ਜਦੋਂ ਮੇਰੇ ਬਾਪ ਨੂੰ ਜ਼ਬਰਦਸਤ ਸਟਰੋਕ ਹੋਈ ......ਬਚ ਤਾਂ

ਗਿਆ ਪਰ ਤਿੰਨ ਸਾਲ ਦੇ ਇਲਾਜ ਦੇ ਬਾਵਜੂਦ ਉਸਦਾ ਖੱਬਾ ਪਾਸਾ ਤੇ ਜ਼ੁਬਾਨ ਬਿਲਕੁਲ ਨਾਕਾਰਾ ਹੋ ਗਏ ।

"ਓਅ ਮਾਈ ਗਾਡ !" ਡਰਾਈਵਰ ਦੇ ਮੂੰਹੋਂ ਨਿਕਲਿਆ।

"ਹੁਣ ਉਸਨੂੰ ਹੈਂਡੀਕੈਪ ਲੋਕਾਂ ਦੇ ਰੈਸਟ ਹਾਊਸ ਵਿਚ ਭਰਤੀ ਕਰਵਾਉਣਾ ਪੈਣਾ ਸੀ, ਪਰ ਮੈਂ ਉਸਨੂੰ ਉੱਥੇ ਇਕੱਲਾ ਛੱਡ ਕੇ ਹੋਰ ਦੁਖੀ ਨਹੀ ਸੀ ਕਰਨਾ ਚਾਹੁੰਦਾ। ਮੈਂ ਫ਼ੈਸਲਾ ਕਰਕੇ ਆਪਣੀ ਪੋਸਟ ਆਫ਼ਿਸ ਦੀ ਨੌਕਰੀ ਛੱਡ ਦਿੱਤੀ ਤੇ ਸਾਰਾ ਦਿਨ ਉਸਦੇ ਕੋਲ ਘਰ ਹੀ ਗੁਜ਼ਾਰਨ ਲਗ ਪਿਆ। ਉਸਦੇ ਨੇੜੇ ਬੈਠਾ ਮੈਂ ਕੁਝ ਨਾ ਕੁਝ ਪੜ੍ਹਦਾ ਰਹਿੰਦਾ। ਉਸਦੀ ਥੋੜ੍ਹੀ ਬਹੁਤੀ ਪਿਨਸ਼ਨ ਨਾਲ ਸਾਡਾ ਮਾੜਾ ਮੋਟਾ ਗੁਜ਼ਾਰਾ ਹੁੰਦਾ ਗਿਆ। ਅੰਤ ਤਕਰੀਬਨ ਚੌਦਾਂ ਸਾਲ ਬਾਦ ਉਹ ਭੀ ਮੈਨੂੰ ਸਦਾ ਲਈ ਛੱਡ ਗਿਆ। ਉਸ ਵੇਲੇ ਮੈਂ ਤਕਰੀਬਨ 44 ਸਾਲ ਦਾ ਸੀ। ਮੈਂ ਪੋਸਟ ਆਫ਼ਿਸ ਵਿਚ ਦੁਬਾਰਾ ਨੌਕਰੀ ਵਾਸਤੇ ਗਿਆ ਪਰ ਉਨ੍ਹਾਂ ਨੂੰ ਮੇ ਰੀ ਲੋੜ ਨਹੀਂ ਸੀ। ਇਤਨੀ ਉਮਰ ਵਿਚ ਥੋੜ੍ਹੇ ਕੀਤੇ ਕਿਧਰੇ ਭੀ ਕੰਮ ਨਹੀਂ ਮਿਲਦਾ ਖਾਸਕਰ ਜੇਕਰ ਤੁਹਾਨੂੰ ਕੋਈ ਟਰੇਡ ਨਾ ਆਉਂਦਾ ਹੋਵੇ । ਮੈਨੂੰ ਤਾਂ ਕੇਵਲ ਬੀਮਾਰਾਂ ਦੀ ਦੇਖਭਾਲ ਕਰਨ ਦਾ ਹੀ ਤਜਰੁਬਾ ਸੀ । ਕੁਝ ਦੇਰ ਟਕਰਾਂ ਮਾਰ ਕੇ ਮੈਨੂੰ ਇਕ ਪ੍ਰਾਈਵੇਟ ਸੀਨੀਅਰ ਸਿਟੀਜ਼ਨ ਹੋਮ ਵਿਚ ਨੌਕਰੀ ਮਿਲ ਗਈ। ਪੈਸੇ ਤਾਂ ਭਾਵੇਂ ਘੱਟ ਹੀ ਸਨ ਪਰ ਮੇਰੇ ਇਕੱਲੇ ਵਾਸਤੇ ਕਾਫ਼ੀ ਸਨ : ਵਿਚੇ ਹੀ ਮੈਨੂੰ ਰਿਹਾਇਸ਼ ਮਿਲੀ ਹੋਈ ਸੀ। ਕੰਮ ਭੀ ਮੇਰੇ ਮਨਪਸੰਦ ਦਾ ਸੀ ......ਬੜਾ ਕੁਝ ਸਿੱਖਿਆ ਬੁੜਿਆਂ ਦੀਆਂ ਗੱਲਾਂ ਤੋਂ .......ਜ਼ਿੰਦਗੀ ਦੀ ਅਸਲੀਅਤ ਕਿਤਨੀ ਅਜੀਬ ਹੈ ......"

"ਤੁਸੀਂ ਫਿਰ ਵਿਆਹ ਕਦੋਂ ਕਰਵਾਇਆ ?" ਡਰਾਈਵਰ ਨੇ ਵਿਚੋਂ ਟੋਕਿਆ।

"ਕਦੇ ਭੀ ਨਹੀਂ ...ਇੱਟ ਜਸਟ ਡਿਡੰਟ ਹੈਪਨ ਟੂ ਮੀ ......." ਜਿਤਨੀ ਦੇਰ ਮੈਂ ਡੈਡ ਦੀ ਸੇਵਾ ਕਰਦਾ ਰਿਹਾ ਕਿਸੇ ਔਰਤ ਨੇ ਮੇਰੇ ਵਿੱਚ ਖ਼ਾਸ ਦਿਲਚਸਪੀ ਨਹੀਂ ਲਈ......ਬਾਦ ਵਿੱਚ ਮੇਰੀ ਦਿਲਚਸਪੀ ਨਹੀਂ ਰਹੀ।"

"ਸ਼ਾਇਦ ਉਹ ਇਹ ਸੋਚਦੀਆ ਹੋਣ ਕਿ ਇਹ ਬੰਦਾ ਆਪਣੇ ਡੈਡ ਦਾ ਇਤਨਾ ਧਿਆਨ ਰੱਖਦਾ ਹੈ, ਇਸ ਕੋਲ ਸਾਨੂੰ ਦੇਣ ਲਈ ਵਕਤ ਨਹੀਂ ਹੋਣਾ।" ਡਰਾਈਵਰ ਨੇ ਹਮਦਰਦੀ ਨਾਲ ਕਿਹਾ।

"ਸ਼ਾਇਦ ਇਉਂ ਹੀ ਹੋਵੇ.....ਪਰ ਮੇਰੀ ਧਾਰਣਾ ਹੈ ਕਿ ਜੋ ਵਿਅਕਤੀ ਆਪਣਿਆਂ ਦੀ ਪ੍ਰਵਾਹ ਨਹੀਂ ਕਰਦਾ ਉਹ ਕਿਸੇ ਹੋਰ ਦੀ ਕਿਵੇਂ ਕਰ ਸਕਦਾ ਹੈ ?....ਬੱਸ ਮੈਂ ਤਾਂ ਆਪਣੇ ਆਪ ਨੂੰ ਬੁੜਿਆਂ ਦੀ ਸੇਵਾ ਵਿਚ ਹੀ ਡੁਬੋ ਲਿਆ.....। ਪੰਦਰਾਂ ਸਾਲ ਦੀ ਲਗਾਤਾਰ ਜਾਨ ਤੋੜ ਸਰਵਿਸ ਤੋਂ ਬਾਦ ਜਦੋਂ ਮੈਂ ਆਪਣੀ ਉਮਰ ਕਰਕੇ ਕੁਝ ਸਲੋਅ ਹੋ ਗਿਆ ਤਾਂ ਕੰਮ ਵਾਲਿਆਂ ਨੇ ਮੈਨੂੰ ਬੜੇ ਤਰੀਕੇ ਨਾਲ ਕੰਮ ਤੋਂ ਜੁਆਬ ਦੇ ਦਿੱਤਾ , ਕਹਿੰਦੇ ਕਿ ਤੈਨੂੰ ਭੀ ਹੁਣ ਆਰਾਮ ਦੀ ਲੋੜ ਹੈ।" " ਫਿਰ ਤਾਂ ਤੁਹਾਨੂੰ ਰਿਹਾਇਸ਼ ਭੀ ਖਾਲੀ ਕਰਨੀ ਪਈ ਹੋਵੇਗੀ ?"

"ਹਾਂ .....ਕਾਫ਼ੀ ਔਖਾ ਮਹਿਸੂਸ ਹੋਇਆ। ਇੱਕੋ ਜਗਹ ਲਗਾਤਾਰ 15 ਸਾਲ



ਰਹਿਣ ਨਾਲ ਉਸ ਜਗਹ ਨਾਲ ਮੋਹ ਤਾਂ ਹੋ ਹੀ ਜਾਂਦਾ ਹੈ ...ਬਾਹਰ ਘਰਾਂ ਦੇ ਕਿਰਾਏ ਭੀ ਬਹੁਤ ਜ਼ਿਆਦਾ ਸਨ।"

"ਫਿਰ ਹੁਣ ਤਾਂ ਵਿਹਲੇ ਹੀ ਹੋਵੋਗੇ ਕੰਮ ਕਾਰ ਤੋਂ ?"

"ਨਹੀਂ ਵਿਹਲਾ ਤਾਂ ਮੇਰੇ ਕੋਲੋਂ ਰਹਿ ਨਹੀਂ ਹੋਇਆ ......ਜਲਦੀ ਹੀ ਮੈਂ ਨੇਟਿਵ ਇੰਡੀਅਨ ਦੇ ਇਕ ਕਮਿਊਨਟੀ ਸੈਂਟਰ ਲਈ ਵਲੰਟੀਅਰ ਦੇ ਤੌਰ ਤੇ ਕੰਮ ਸ਼ੁਰੂ ਕਰ ਦਿੱਤਾ। .....ਉੱਥੇ ਭੀ ਜ਼ਿੰਦਗੀ ਦੀ ਬੜੀ ਕਰੂਰ ਅਸਲੀਅਤ ਸਾਹਮਣੇ ਆਈ ......ਇਕ ਪਾਸੇ ਤਾਂ ਅਸੀਂ ਸਾਊਥ ਅਫ਼ਰੀਕਾ ਵਿਚ ਅਪਾਰਟਾਈਡ ਦੇ ਖ਼ਿਲਾਫ਼ ਆਵਾਜ਼ ਉਠਾਉਣ ਵਿਚ ਮੋਹਰੀ ਹਾਂ ਪਰ ਸਾਡੇ ਆਪਣੇ ਘਰ ਵਿਚ ਕੀ ਵਾਪਰ ਰਿਹਾ ਹੈ , ਇਸ ਤੋਂ ਅਸੀਂ ਅੱਖਾਂ ਮੀਟੀ ਬੈਠੇ ਹਾਂ ।"

ਗੱਲਬਾਤ ਦੇ ਦੌਰਾਨ ਇੱਕਾ ਦੁਕਾ ਸਵਾਰੀਆਂ ਚੜ੍ਹਦੀਆਂ ਉਤਰਦੀਆਂ ਗਈਆਂ। ਇਤਨੇ ਨੂੰ ਆਪਣੀ ਸੀਟ ਤੇ ਬੈਠਾ ਨੇਟਿਵ ਇੰਡੀਅਨ ਉਠਿਆ ਤੇ ਲੜਖੜਾਉਂਦਾ ਜਿਹਾ ਡਰਾਈਵਰ ਦੇ ਕੋਲ ਆਕੇ ਬੋਲਿਆ, "ਮੈਨੂੰ ਇੱਥੇ ਹੀ ਲਾਹ ਦੇ ਯਾਰ ।" ਤੇ ਜਿਉਂ ਹੀ ਉਸਨੇ ਬੱਸ ਦਾ ਡੰਡਾ ਫੜਨ ਲਈ ਜੇਬ ਵਿੱਚੋਂ ਹੱਥ ਬਾਹਰ ਕੱਢਿਆ ਤਾਂ ਉਸਦੀ ਢਿਲਕਦੀ ਜਿਹੀ ਪੈਂਟ ਲੱਕ ਤੋਂ ਹੋਰ ਥੱਲੇ ਨੂੰ ਖਿਸਕ ਗਈ ਤੇ ਉਸਦਾ ਬੱਸ ਪਾਸ ਉਸਦੀ ਜੇਬ ਵਿਚੋਂ ਨਿਕਲ ਕੇ ਡਿੱਗ ਪਿਆ। ਬਜ਼ੁਰਗ ਨੇ ਉਸਦਾ ਬੱਸ ਪਾਸ ਉਠਾ ਕੇ ਉਸਦੀ ਜੇ ਬ ਵਿਚ ਪਾਇਆ ਤੇ ਉਸਦੀ ਬਾਂਹ ਨੂੰ ਸਹਾਰਾ ਦਿੰਦਾ ਹੋਇਆ ਉਸਨੂੰ ਬੱਸ ਤੋਂ ਬਾਹਰ ਉਤਾਰ ਕੇ ਮੁੜ ਆਪਣੀ ਸੀਟ ਉਪਰ ਆ ਬੈਠਾ।

"ਤੁਸੀਂ ਐਹੋ ਜਿਹੇ ਸ਼ਰਾਬੀ ਲੋਕਾਂ ਨੂੰ ਬੱਸ ਵਿਚ ਕਿਉਂ ਚੜ੍ਹਾ ਲੈਂਦੇ ਹੋ ?" ਅੱਧਖੜ ਉਮਰ ਦੀ ਗੋਰੀ ਡਰਾਈਵਰ ਨੂੰ ਸੰਬੋਧਨ ਕਰਕੇ ਬੋਲੀ। ਪਰ ਡਰਾਈਵਰ ਦੇ ਬਦਲੇ ਝੱਟ ਬਜ਼ੁਰਗ ਨੇ ਜੁਆਬ ਦਿੱਤਾ, "ਸ਼ਾਇਦ ਉਹ ਸ਼ਰਾਬੀ ਨਾ ਹੀ ਹੋਵੇ , ਸਿਰਫ਼ ਬੀਮਾਰ ਜਾਂ ਕਮਜ਼ੋਰ ਹੋਣ ਕਰਕੇ ਹੀ ਲੜਖੜਾਉਂਦਾ ਹੋਵੇ। "

"ਪਰ ਜੋ ਵਿਅਕਤੀ ਆਪਣੇ ਆਪ ਨੂੰ ਸੰਭਾਲ ਨਾ ਸਕਦਾ ਹੋਵੇ ਉਸਨੂੰ ਨਹੀਂ ਬੱਸ ਵਿਚ ਚੜ੍ਹਨ ਦੇਣਾ ਚਾਹੀਦਾ ......ਵੈਸੇ ਭੀ ਇਹ ਲੋਕ ਕਿਤਨੇ ਗੰਦੇ ਹਨ। " ਗੋਰੀ ਬੁੜੀ ਜ਼ਰਾ ਨੱਕ ਚੜ੍ਹਾ ਕੇ ਬੋਲੀ।

"ਬੱਸ ਤਾਂ ਸਾਰੀ ਜੰਤਾ ਦੀ ਮਲਕੀਅਤ ਹੈ ਤੇ ਹਰੇਕ ਨੂੰ ਵਰਤਣ ਦਾ ਹੱਕ ਹੈ ....... ਨਾਲੇ ਮੈਡਮ ਇਸ ਧਰਤੀ ਦੇ ਅਸਲੀ ਮਾਲਿਕ ਤਾਂ ਇਹ ਲੋਕ ਹੀ ਹਨ । " ਬਜ਼ੁਰਗ ਜ਼ਰਾ ਕੁ ਭੇਦਭਰੀ ਆਵਾਜ਼ ਵਿਚ ਬੋਲਿਆ ਤੇ ਫਿਰ ਬੱਸ ਡਰਾਈਵਰ ਵਲ ਮੂੰਹ ਕਰਕੇ ਕਹਿਣ ਲਗਾ, " ਬਾਹਰਲੇ ਲੋਕਾਂ ਨੇ ਆਕੇ ਇਨਾਂ ਦਾ ਸਭ ਕੁਝ ਖੋਹ ਲਿਆ, ਇਨ੍ਹਾਂ ਦਾ ਕਲਚਰ ਭੀ ....ਹੁਣ ਤਾਂ ਐਮੇਂ ਨਾਮ ਦੇ ਤੌਰ ਤੇ ਨੇਟਿਵ ਅਫ਼ੇਅਰਜ ਦਾ ਸਰਕਾਰੀ ਮਹਿਕਮਾ ਹੈ ਪਰ ਉਸਨੂੰ ਭੀ ਸਰਕਾਰ ਵੱਲੋਂ ਫੰਡਿਗ ਦੀ ਬੜੀ ਘਾਟ ਹੈ .....ਬੱਸ ਬਿਊਰੋਕ੍ਰੈਟ ਆਪਣੀਆਂ 2 ਬੱਸ ਜੇਬਾਂ ਸਾਂਭੀ ਬੈਠੇ ਹਨ, ਦਿਲੋਂ ਕਿਸੇ ਨੂੰ ਭੀ ਨੇਟਿਵਜ਼ ਨਾਲ ਕੋਈ ਮਤਲਬ ਜਾਂ ਹਮਦਰਦੀ ਨਹੀਂ ਹੈ ।"

"ਹੋਰ ਇਨ੍ਹਾਂ ਨੂੰ ਕੀ ਚਾਹੀਦਾ ਹੈ ? ਮੁਫ਼ਤ ਦੇ ਵੈਲਫ਼ੇਅਰ ਭੱਤੇ ਲੱਗੇ ਹੋਏ ਹਨ ਜੋ ਇਹ ਲੋਕ ਸ਼ਰਾਬ ਵਿਚ ਉਡਾ ਦਿੰਦੇ ਹਨ, ਫਿਰ ਆਪਣੇ ਆਪਣੇ ਰੀਜ਼ਰਵ ਥਾਵਾਂ ਸਾਂਭੀ ਬੈਠੇ ਤੇ ਉੱਥੋਂ ਅੰਨੇ ਵਾਹ ਮੱਛੀਆਂ ਫੜ ਫੜ ਵੇਚੀ ਜਾਂਦੇ ਹਨ।" ਆਪਣੀ ਭਾਵਨਾ ਪ੍ਰਗਟਾਉਂਦੀ ਗੋਰੀ ਬੁੜੀ ਭੀ ਅਚਾਨਕ ਇਨ੍ਹਾਂ ਦੀ ਗੱਲਬਾਤ ਵਿਚ ਮੱਲੋਮੱਲੀ ਸ਼ਾਮਿਲ ਹੋ ਗਈ ।

"ਆਪਣੀ ਜ਼ਰੂਰਤ ਤੋਂ ਵੱਧ ਚੀਜ਼ ਬਾਕੀਆਂ ਵਿਚ ਵੰਡ ਦੇਣਾ ਤਾਂ ਇਨ੍ਹਾਂ ਦੇ ਅਮੀਰ ਵਿਰਸੇ ਦਾ ਇੱਕ ਅੰਗ ਹੈ । ਬਾਕੀ ਮੱਛੀਆਂ ਵੇਚਣੀਆਂ ਤਾਂ ਅਸੀਂ ਬਾਹਰਲੇ ਲੋਕਾਂ ਨੇ ਹੀ ਇੱਥੇ ਆਕੇ ਇਨ੍ਹਾਂ ਨੂੰ ਸਿਖਾਈਆਂ ਹਨ, ਭਲਾ ਜੇਕਰ ਖ਼੍ਰੀਦਣ ਵਾਲੇ ਹੀ ਨਾ ਹੁੰਦੇ ਤਾਂ ਇਹ ਕਿਸ ਤਰਾਂ ਵੇਚਦੇ ?"

"ਬਾਹਰਲੇ ਲੋਕਾਂ ਤੋਂ ਤੇਰਾ ਕੀ ਮਤਲਬ ? ਇਹ ਰੱਬ ਦੀ ਬਣਾਈ ਧਰਤੀ ਹੈ, ਐਨੇ ਸਾਲਾਂ ਤੋਂ ਵਿਹਲੀ ਹੀ ਪਈ ਸੀ, ਸਾਡੇ ਪਿਉ ਦਾਦਿਆਂ ਨੇ ਆਕੇ ਆਬਾਦ ਕੀਤੀ ਹੈ, ਹਰ ਇਕ ਨੂੰ ਹੱਕ ਹੈ ਕਿ ਜਿੱਥੇ ਚਾਹਵੇ ਰੱਬ ਦੀ ਬਣਾਈ ਧਰਤੀ ਉਪਰ ਵਸ ਸਕੇ ...." ਬੁੜੀ ਜ਼ਰਾ ਤਲਖ਼ ਹੋ ਰਹੀ ਸੀ।

" ਮੈਂ ਤਾਂ ਇਸਨੂੰ ਆਬਾਦ ਦੀ ਬਜਾਏ ਬਰਬਾਦ ਹੀ ਕਹਾਂਗਾ", ਬਜ਼ੁਰਗ ਠਰੰਮੇ ਨਾਲ ਕਹਿ ਰਿਹਾ ਸੀ, " ਬਾਕੀ ਤੇਰੀ ਗੱਲ ਕਿ ਇਹ ਰੱਬ ਦੀ ਬਣਾਈ ਧਰਤੀ ਹੈ ਤੇ ਹਰ ਕਿਸੇ ਨੂੰ ਹਰ ਜਗਹ ਵਸਣ ਦਾ ਹੱਕ ਹੈ ਤਾਂ ਫਿਰ ਅਸੀਂ ਹੁਣ ਕਿਉਂ ਆਪਣੇ ਦਰਵਾਜ਼ੇ ਬਾਕੀ ਲੋਕਾਂ ਲਈ ਬੰਦ ਕਰ ਲਏ ਹਨ ....ਖ਼ਾਸਕਰ ਰੰਗਦਾਰ ਲੋਕਾਂ ਲਈ ..... ਅਸੀਂ ਪੂਰੀ ਧਰਤੀ ਦਾ 7% ਤੋਂ ਵੱਧ ਏਰੀਆ ਮੱਲੀ ਬੈਠੇ ਹਾਂ ਤੇ ਸਾਡੀ ਆਬਾਦੀ ਸਾਰੀ 25 ਮਿਲੀਅਨ ਹੈ ....ਇਹ ਕਿਉਂ ? ਤੇ ਦੂਜੇ ਪਾਸੇ ਅਸੀਂ ਵਰਲਡ ਪੀਸ , ਕਾਲ ਪੀੜਤ ਲੋਕਾਂ ਲਈ ਚੈਰਿਟੀ ਤੇ ਹੋਰ ਕਈ ਕਿਸਮ ਦੇ ਖੁਲ੍ਹ ਦਿਲੇ ਹੋਣ ਦੇ ਝੰਡੇ ਚੁਕੀ ਫਿਰਦੇ ਹਾਂ, ਕੀ ਇਹ ਹਿਪੋਕ੍ਰੇਸੀ ਨਹੀਂ ?"

ਬਜ਼ੁਰਗ ਦੀ ਸੰਜੀਦਗੀ ਤੇ ਠਰੰਮਾ ਦੇਖ ਕੇ। ਬੁੜੀ ਨੂੰ ਲੱਗਾ ਕਿ ਉਸਨੂੰ ਜਿੱਤਣਾ ਉਸਦੇ ਵੱਸ ਦਾ ਰੋਗ ਨਹੀਂ ਪਰ ਛੇਤੀ ਕੀਤੇ ਹਾਰ ਮੰਨਣ ਵਾਲੀ ਉਹ ਭੀ ਨਹੀਂ ਸੀ ਲਗਦੀ। ਇਕ ਦਮ ਪੈਂਤਰਾ ਬਦਲ ਕੇ ਬੋਲੀ, "ਜਿਨ੍ਹਾਂ ਦੀ ਤੂੰ ਵਕਾਲਤ ਕਰਦਾ ਏਂ , ਉਨਾਂ ਨੇਟਿਵਜ਼ ਨੇ ਹੀ ਐਨੇ ਸਮੇਂ ਤੋਂ ਸ਼ਿਕਾਰ ਕਰ ਕਰ ਕੇ ਜੀਵਾਂ ਨੂੰ ਬੇਰਹਿਮੀ ਨਾਲ ਖ਼ਾਤਮੇ ਦੇ ਲਾਗੇ ਪਹੁੰਚਾ ਦਿੱਤਾ ਹੈ ...ਵਹਿਸ਼ੀ ਲੋਕ। "

"ਜੀਵਾਂ ਦਾ ਖ਼ਾਤਮਾ ਤਾਂ ਉਦੋਂ ਹੋਣ ਲੱਗਾ ਹੈ ਜਦੋਂ ਤੋਂ ਗੱਨ ਪਾਊਡਰ ਇਸ ਧਰਤੀ ਤੇ ਆਇਆ ਹੈ ...ਇਨਾਂ ਨੇ ਭੀ ਤੀਰਾਂ ਭਾਲਿਆਂ ਨਾਲ ਮਾਰੇ ਹੋਣਗੇ ਪਰ ਆਪਣੀ ਜ਼ਰੂਰਤ ਜੋਗੇ, ਇਸ ਤੋਂ ਵੱਧ ਨਹੀਂ ......" ਬਜ਼ੁਰਗ ਉਸੇ ਲੈਅ ਵਿਚ ਕਹਿ ਰਿਹਾ ਸੀ।

"ਪਰ ਜੋ ਭੀ ਹੋਵੇ ਜੀਵ ਹੱਤਿਆ ਹੈ ਤਾਂ ਪਾਪ ਹੀ " ਉਸਦੀ ਗੱਲ ਵਿੱਚੋਂ ਕੱਟਦੀ ਹੋਈ ਬੁੜੀ ਬੋਲੀ। ਸ਼ਾਇਦ ਉਨ੍ਹਾਂ ਦੋਨਾਂ ਦੇ ਉਤਰਨ ਦਾ ਸਥਾਨ ਆ ਗਿਆ ਸੀ ਤੇ ਦੋਵੇਂ ਉਤਰਨ ਲਈ ਉਠ ਕੇ ਖੜੇ ਹੋ ਗਏ। ਬੱਸ 4600 ਬਲਾਕ ਕਿੰਗਜ਼ਵੇ ਦੇ ਨੇੜੇ ਰੁਕੀ ਪਰ ਉਨਾਂ ਦੋਨਾਂ ਦੇ ਉਤਰਨ ਤੋਂ ਪਹਿਲਾਂ ਇਕ ਹੋਰ ਉਸੇ ਤਰ੍ਹਾਂ ਦੀ ਅਧਖੜ ਜਿਹੀ ਬੁੜੀ ਬੱਸ



ਵਿਚ ਚੜ੍ਹਨ ਲੱਗੀ ਪਰ ਇਨ੍ਹਾਂ ਨੂੰ ਉਤਰਦਿਆਂ ਦੇਖ ਕੇ ਰੁਕ ਗਈ ਤੇ ਜ਼ਰਾ ਕੁ ਪਾਸੇ ਹੋ ਕੇ ਖੜ ਗਈ। " ਓ ਹਾਏ ਮੇਰੀ, ਕਿੱਧਰ ਨੂੰ ਸਵੇਰੇ ਸਵੇਰੇ ?" ਉਹ ਇਸ ਬੱਸ ਵਿਚਲੀ ਗੋਰੀ ਨੂੰ ਸੰਬੋਧਨ ਕਰ ਕੇ ਬੋਲੀ।

" ਹੈਲੋ ਮਾਰਗਰੈਟ ....ਮੈਂ ਤਾਂ ਹੈਥੇ ਸੁਪਰ ਸਟੋਰ ਜਾ ਰਹੀ ਹਾਂ .......ਚਿਕਨ ਦੀਆਂ ਲੱਤਾਂ ਦੀ ਬੜੀ ਸਸਤੀ ਸੇਲ ਲਾਈ ਹੈ ਉਨ੍ਹਾਂ ਨੇ" ਪੌੜੀਆਂ ਉਤਰ ਰਹੀ ਮੇਰੀ ਬੋਲੀ।

ਉਸਦੇ ਪਿੱਛੇ 2 ਪੌੜੀਆਂ ਉਤਰਦਾ ਬਜ਼ੁਰਗ ਉਸਨੂੰ ਸੁਣਾ ਕੇ ਤੇ ਜ਼ਰਾ ਮੁਸਕਰਾਹਟ ਨਾਲ ਡਰਾਈਵਰ ਵਲ ਮੂੰਹ ਕਰਕੇ ਬੋਲਿਆ, " ਵੈਸੇ ਸੁਪਰ ਸਟੋਰ ਵਿਚ ਪਹੁੰਚਣ ਤੋਂ ਪਹਿਲਾਂ ਚਿਕਨ ਭੀ ਜਿਉਂਦਾ ਜਾਗਦਾ ਜੀਵ ਹੁੰਦਾ ਹੈ ।" ਫਿਰ ਹੱਸਦਾ ਹੋਇਆ ਪੌੜੀਆਂ ਉਤਰ ਗਿਆ। ਬਾਹਰ ਖੜੀ ਬੱਸ ਚੜ੍ਹਨ ਵਾਲੀ ਮਾਰਗਰੈਟ ਨੂੰ ਜਿਵੇਂ ਸਮਝ ਨਾ ਪਈ ਹੋਵੇ ਤੇ ਉਨ੍ਹਾਂ ਦੋਨਾਂ ਵੱਲ ਵਾਰੀ ਵਾਰੀ ਤੇ ਫਿਰ ਡਰਾਈਵਰ ਵਲ ਸੁਆਲੀਆ ਨਜ਼ਰਾਂ ਨਾਲ ਦੇਖਦੀ ਬੱਸ ਚੜ੍ਹ ਗਈ । ਬੱਸ ਤੋਂ ਬਾਹਰ ਆਕੇ ਮੇਰੀ ਬਜ਼ੁਰਗ ਵੱਲ ਕੌੜਾ ਜਿਹਾ ਝਾਕਦੀ ਸੁਪਰ ਸਟੋਰ ਵੱਲ ਨੂੰ ਤੁਰਨ ਲੱਗ ਪਈ। ਗੁੱਸੇ ਨਾਲ ਜ਼ਰਾ ਕੁ ਫੁਲਿਆ ਮੂੰਹ ਘੁਮਾਂਦੀ ਤੁਰੀ ਜਾਂਦੀ ਮੇਰੀ ਬੱਸ ਸਟਾਪ ਤੇ ਪਏ ਬੈਂਚ ਵਿਚ ਵੱਜ ਕੇ ਗੋਡੇ ਭਨਾ ਬਹਿੰਦੀ ਜੇ ਕਰ ਬਜ਼ੁਰਗ ਉਸਨੂੰ "ਵਾਚ ਇੱਟ " ਨਾ ਕਹਿੰਦਾ। ਤੇ ਇਤਨਾ ਕਹਿਕੇ ਬਜ਼ੁਰਗ ਬੱਸ ਡਰਾਈਵਰ ਵੱਲ ਬੜੀ ਮਧੁਰ ਜਿਹੀ ਮੁਸਕਾਨ ਸਿੱਟਦਾ ਹੋਇਆ ਵਿਪਰੀਤ ਦਿਸ਼ਾ ਵੱਲ ਨੂੰ ਤੁਰ ਪਿਆ।

(ਅਕਤੂਬਰ 1991)

# ਮਕਸਦ

"ਡੈਡੀ! ਔਹ ਭਾਈ ਪਤਾ ਨੀ ਸਾਡੇ ਘਰ ਨੂੰ ਔਣਾ ਮੰਗਦਾ। " ਲਿਵਿੰਗ ਰੂਮ ਦੀ ਤਾਕੀ ਰਾਹੀਂ ਬਾਹਰ ਦੇਖ ਰਹੇ ਬੱਚੇ ਨੇ ਪਰ੍ਹੇ ਸੋਫ਼ੇ ਉਪਰ ਬੈਠੇ ਅਖ਼ਬਾਰ ਫ਼ਰੋਲਦੇ ਆਪਣੇ ਬਾਪ ਨੂੰ ਸੰਬੋਧਨ ਕਰਕੇ ਕਿਹਾ। ਕੁਝ ਦੇਰ ਜੁਆਬ ਨਾ ਆਇਆ ਤਾਂ ਬਾਲਕ ਨੇ ਫ਼ਿਰ ਆਵਾਜ਼ ਮਾਰੀ,

"ਡੈਅਅਡੀ......"

"ਹਾਂਅਅ ਕੌਅਅਣ ? " ਕੁਝ ਬੇਧਿਆਨੀ ਜਿਹੀ ਨਾਲ ਰਵਿੰਦਰ ਨੇ ਜੁਆਬ ਦਿੱਤਾ ਸ਼ਾਇਦ ਕੋਈ ਖ਼ਾਸ ਖ਼ਬਰ ਲੱਭ ਰਿਹਾ ਸੀ ਅਖ਼ਬਾਰ ਵਿਚੋਂ ।

"ਔਹ ਗੋਰਾ ਡੈਡੀ ....ਕਈ ਦੇਰ ਦਾ ਆਪਣੀ ਫ਼ੈਂਸ ਦੇ ਗੇਟ ਕੋਲ ਖੜਾ ਆ। "

"ਅੱਛਾਅ ....." ਕਹਿ ਕੇ ਰਵਿੰਦਰ ਉੱਠਿਆ ਅਤੇ ਸ਼ੀਸ਼ਿਆਂ ਵਾਲੀ ਤਾਕੀ ਰਾਹੀ ਬਾਹਰ ਦੇਖਣ ਲਗ ਪਿਆ। ਉਨ੍ਹਾਂ ਦੇ ਘਰ ਦੀ ਜਾਲੀਦਾਰ ਫ਼ੈਂਸ ਦੇ ਬਾਹਰ ਇਕ ਸਿਆਣੀ ਉਮਰ ਦਾ ਦਰਮਿਆਨੇ ਕੱਦ ਦਾ ਗੋਰਾ ਆਦਮੀ ਲਾਲ ਜਿਹੀ ਟੀ ਸ਼ਰਟ ਅਤੇ ਹਲਕੇ ਬਿਸਕੁਟੀ ਰੰਗ ਦੀ ਜ਼ਰਾ ਕੁ ਖੁਲ੍ਹੇ ਪਹੁੰਚਿਆਂ ਵਾਲੀ ਪੈਂਟ ਪਾਈ ਖੜ੍ਹਾ ਸੀ। ਉਸਦੇ ਇਕ ਮੋਢੇ ਉਪਰ ਘਸਮੈਲੇ ਚਿੱਟੇ ਜਿਹੇ ਰੰਗ ਦਾ ਬਸਤਾ ਜਿਹਾ ਟੰਗਿਆ ਹੋਇਆ ਸੀ ਤੇ ਦੂਸਰੇ ਹੱਥ ਵਿਚ ਇਕ ਪਲਾਈਵੁੱਡ ਦਾ ਬੋਰਡ ਚੁੱਕਿਆ ਹੋਇਆ ਸੀ ਜਿਸ ਵਿਚ ਚੂੰਢੀ ਨਾਲ ਕੁੱਝ ਕਾਗਜ਼ ਟੰਗੇ ਹੋਏ ਸਨ। ਉਹ ਕਦੀ ਕਾਗਜ਼ਾਂ ਵੱਲ ਨਜ਼ਰ ਮਾਰਦਾ ਅਤੇ ਕਦੀ ਰਵਿੰਦਰ ਦੇ ਘਰ ਦੇ ਬਾਹਰਲੇ ਦਰਵਾਜ਼ੇ ਵੱਲ। ਸ਼ਾਮ ਦੇ ਸਾਢੇ ਕੁ ਛੇ ਵੱਜੇ ਸਨ ਤੇ ਸੂਰਜ ਛਿਪ ਰਿਹਾ ਸੀ। ਲੋਕ ਤਕਰੀਬਨ ਸ਼ਾਮ ਦਾ ਖਾਣਾ ਖਾ ਚੁੱਕੇ ਸਨ ਜਾਂ ਖਾ ਰਹੇ ਸਨ।

"ਇਹ ਕੋਈ ਸੇਲਜ਼ ਮੈਨ ਤਾਂ ਨਹੀਂ ਹੋ ਸਕਦਾ ਐਸ ਵੇਲੇ .....ਕਿਤੇ ਸਾਲਾ ਕੋਈ ਯਹੋਵਾ ਵਿੱਟਨੈਸ ਵਾਲਾ ਨਾ ਹੋਵੇ। " ਰਵਿੰਦਰ ਨੇ ਜਿਵੇਂ ਆਪਣੇ ਆਪ ਨੂੰ ਕਿਹਾ।

"ਕੌਣ ਡੈਡੀ ... ਉਹ ਕੀ ਹੁੰਦੇ ਆ ?" ਬਾਲਕ ਨੇ ਜਿਵੇਂ 'ਯਹੋਵਾ ਵਿੱਟਨੈਸ' ਪਹਿਲੀ ਵਾਰੀ ਸੁਣਿਆ ਹੋਵੇ।

"ਕੁਸ਼ ਨੀ ਪੁੱਤ, ਉਹ ਵੀ ਹੁੰਦੇ ਆ, ਜੇ ਕਿਤੇ ਇਕ ਵਾਰੀ ਤੁਹਾਡੇ ਘਰ ਵਿਚ ਆ ਵੜਨ ਤਾਂ ਛੇਤੀ ਕੀਤੇ ਜਾਣ ਦਾ ਨਾਂ ਨਹੀਂ ਲੈਂਦੇ, ਪਰ ਆਪਾਂ ਇਹਨੂੰ ਬਾਰ੍ਹੋਂ ਹੀ ਮੋੜ ਦੇਣਾਂ ।" ਕਹਿਕੇ ਰਵਿੰਦਰ ਨੇ ਤਾਕੀ ਦਾ ਸ਼ੀਸ਼ਾ ਇੱਕ ਪਾਸੇ ਨੂੰ ਸਰਕਾ ਦਿੱਤਾ। ਇਤਨੇ ਵਿਚ ਬਾਲਕ ਦਾ ਛੋਟਾ ਭਾਈ ਵੀ ਰਵਿੰਦਰ ਦੀਆਂ ਲੱਤਾਂ ਨਾਲ ਆ ਚਿੰਬੜਿਆ ਅਤੇ ਤਾਕੀ ਰਾਹੀਂ ਬਾਹਰ ਨੂੰ ਝਾਕਣ ਲਗ ਪਿਆ। ਤਦ ਤੱਕ ਫ਼ੈਂਸ ਦਾ ਗੇਟ ਖੋਲ੍ਹ ਕੇ ਗੋਰਾ ਵੀ ਝਿਜਕਦਾ ਜਿਹਾ ਘਰ ਦੇ ਦਰਵਾਜ਼ੇ ਵੱਲ ਨੂੰ ਵੱਧ ਗਿਆ ਪਰ ਦਰਵਾਜ਼ੇ ਕੋਲ ਪਹੁੰਚਣ ਤੋਂ ਪਹਿਲਾਂ ਉਸਨੇ ਤਾਕੀ ਵਿਚ ਖੜ੍ਹੇ ਰਵਿੰਦਰ ਅਤੇ ਬੱਚਿਆਂ ਵੱਲ ਦੇਖਿਆ ਤੇ ਕਾਲ ਬੈੱਲ ਦੱਬਣ ਦੀ ਬਜਾਏ ਝਕਦਾ



ਜਿਹਾ ਤਾਕੀ ਹੇਠ ਆ ਖੜਾ ਹੋਇਆ। ਇਸ ਤੋਂ ਪਹਿਲਾਂ ਕਿ ਰਵਿੰਦਰ ਕੁਝ ਬੋਲਦਾ, ਉਸਨੇ ਆਪਣੇ ਮੋਢੇ ਨਾਲ ਟੰਗੇ ਬਸਤੇ ਵਿੱਚੋਂ ਹੱਥ ਪਾਕੇ ਕੁਝ ਕੱਢਿਆ ਤੇ ਰਵਿੰਦਰ ਨੂੰ ਦਿਖਾਉਂਦਾ ਹੋਇਆ ਬੋਲਿਆ, "ਗੁੱਡ ਈਵਨਿੰਗ ਸਰ, ਮੇਰੇ ਕੋਲ ਬਹੁਤ ਸੋਹਣੇ ਸੋਹਣੇ ਕ੍ਰਿਸਮਿਸ ਕਾਰਡਜ਼ ਹਨ । ਇਹ ਕਾਰਡ ਛੋਟੇ ਛੋਟੇ ਬੱਚਿਆਂ ਨੇ ਆਪਣੇ ਹੱਥਾਂ ਨਾਲ ਬਣਾਏ ਹਨ। " ਇਤਨਾ ਕਹਿਕੇ ਉਹ ਕੁਝ ਦੇਰ ਲਈ ਰੁਕਿਆ ਤੇ ਫ਼ਿਰ ਰਵਿੰਦਰ ਦੇ ਬੱਚਿਆਂ ਵੱਲ ਦੇਖਦਾ ਹੋਇਆ ਬੋਲਿਆ, " ਓਅ ਯੂ ਹੈਵ ਲਵਲੀ ਚਿਲਡਰਨ ।" ਫ਼ਿਰ ਆਪਣੇ ਪਲਾਈਵੁੱਡ ਬੋਰਡ ਦੀ ਚੂੰਢੀ ਹੇਠੋਂ ਇਕ ਤਹਿ ਕੀਤਾ ਹੋਇਆ ਇਸ਼ਤਿਹਾਰ ਜਿਹਾ ਕੱਢ ਕੇ ਉਸਨੇ ਰਵਿੰਦਰ ਵੱਲ ਨੂੰ ਵਧਾਇਆ ਤੇ ਬੋਲਿਆ, "ਪਰ ਸਰ, ਸਾਰਿਆਂ ਬੱਚਿਆਂ ਨੂੰ ਮਾਂ ਬਾਪ ਦਾ ਪਿਆਰ ਨਹੀਂ ਮਿਲਦਾ। " ਤੇ ਇਹ ਕਹਿੰਦੇ ਹੋਏ ਦੀ ਆਵਾਜ਼ ਕੁੱਝ ਮੱਠੀ ਪੈ ਗਈ। ਰਵਿੰਦਰ ਨੇ ਬਾਂਹ ਵਧਾ ਕੇ ਉਹ ਤਹਿ ਕੀਤਾ ਹੋਇਆ ਇਸ਼ਤਿਹਾਰ ਫੜ ਲਿਆ ਅਤੇ ਨਾਲ ਹੀ ਉਸਦੀ ਨਜ਼ਰ ਉਸਦੇ ਦੂਸਰੇ ਹੱਥ ਵਿਚ ਫੜੇ ਹੋਏ ਕ੍ਰਿਸਮਿਸ ਕਾਰਡਾਂ ਉਪਰ ਪਈ । ਪਹਿਲੇ ਹੀ ਕਾਰਡ ਉਪਰ ਲੰਬੀ ਚਿੱਟੀ ਦਾੜ੍ਹੀ ਵਾਲੇ ਸੈਂਟਾਕਲਾਜ਼ ਦੀ ਲਾਲ ਕੱਪੜਿਆਂ ਵਿਚ ਉਘੜ ਦੁਘੜੀ ਆਕ੍ਰਿਤੀ ਤੇ ਨਾਲ ਹੀ ਇਕ ਜਗਦੀ ਹੋਈ ਮੋਮਬੱਤੀ ਵੱਲ ਦੇਖ ਕੇ ਉਦਾਸ ਜਿਹੇ ਬੱਚੇ ਦੀ ਫ਼ੋਟੋ ਸੀ।

"ਹੂੰਹ, ਸੌਰ੍ਹੇ ਬੱਚਿਆਂ ਦਾ ਬਹਾਨਾ ਲਾ ਕੇ ਕ੍ਰਿਸਚਿਐਨਿਟੀ ਦਾ ਪ੍ਰਚਾਰ ਕਰਦੇ ਆ " ਇਹ ਸੋਚਕੇ ਰਵਿੰਦਰ ਦੇ ਬੁੱਲ੍ਹਾਂ ਉਪਰ ਹਲਕੀ ਜਿਹੀ ਮੁਸਕਾਨ ਆ ਗਈ ਜਿਸਨੂੰ ਦੇਖਕੇ ਗੋਰਾ ਕੁਝ ਹੌਸਲੇ ਨਾਲ ਰਵਿੰਦਰ ਵੱਲ ਕਾਰਡਾਂ ਦਾ ਦੱਥਾ ਵਧਾਉਂਦਾ ਹੋਇਆ ਬੋਲਿਆ, "ਤਾਂ ਸਰ, ਤੁਸੀਂ ਇਨ੍ਹਾਂ ਬੱਚਿਆਂ ਦੀ ਸਹਾਇਤਾ ਕਰਨੀ ਚਾਹੋਗੇ ? "

"ਹੁਣੇਂ ਤਾ ਨਹੀਂ ..... ਪਰ ਮੈਂ ਇਹ ਬਰੌਸ਼ਰ ਪੜ੍ਹ ਕੇ ਸੋਚਾਂਗਾ ।" ਕਹਿਕੇ ਰਵਿੰਦਰ ਤਾਕੀ ਤੋਂ ਜ਼ਰਾ ਕੁ ਪਰ੍ਹੇ ਹਟਣ ਲਗਾ ਤਾਂ ਗੋਰੇ ਦਾ ਚਿਹਰਾ ਕੁਝ ਮੁਰਝਾ ਗਿਆ ਤੇ ਉਹ ਅਣਮੰਨੇ ਜਿਹੇ ਮਨ ਨਾਲ ਕ੍ਰਿਸਮਿਸ ਕਾਰਡਾਂ ਦਾ ਦੱਥਾ ਮੁੜ ਬਸਤੇ ਵਿਚ ਪਾਉਣ ਲੱਗ ਪਿਆ।

"ਤੁਹਾਡਾ ਮੇਲਿੰਗ ਐਡਰੈਸ ਤਾਂ ਇਸ ਬਰੌਸ਼ਰ ਉਪਰ ਹੋਵੇਗਾ ਹੀ? " ਹੱਥ ਵਿਚ ਫੜੇ ਤਹਿ ਕੀਤੇ ਇਸ਼ਤਿਹਾਰ ਵੱਲ ਇਸ਼ਾਰਾ ਕਰਕੇ ਰਵਿੰਦਰ ਨੇ ਗੋਰੇ ਨੂੰ ਮੁੜਨ ਤੋਂ ਪਹਿਲਾਂ ਪੁੱਛਿਆ।

"ਜੀ ਹਾਂ, ਸਰ, ਤੇ ਤੁਸੀਂ ਚੈੱਕ ਜਾਂ ਮਨੀਆਰਡਰ 'ਚਾਈਲਡ ਫ਼ਾਈਂਡ' ਦੇ ਨਾਮ ਬਣਾ ਕੇ ਭੇਜ ਸਕਦੇ ਹੋ ।" ਮੁਸਕਰਾਉਣ ਦਾ ਯਤਨ ਕਰਦਾ ਹੋਇਆ ਗੋਰਾ ਬੋਲਿਆ ਤੇ ਕੁਝ ਦੇਰ ਉਡੀਕ ਕੇ ਹੌਲੀ ਹੌਲੀ ਤੁਰਦਾ ਜਾਲੀਦਾਰ ਫੈਂਸ ਦਾ ਗੇਟ ਲੰਘ ਗਿਆ। ਬਾਹਰ ਆ ਕੇ ਉਸਨੇ ਇਕ ਦੋ ਵਾਰੀ ਇੱਧਰ ਉਧਰ ਦੇਖਿਆ ਤੇ ਫ਼ਿਰ ਜ਼ਰਾ ਨੀਵੀਂ ਪਾ ਕੇ ਮੱਠੀ ਜਿਹੀ ਤੋਰੇ ਰਵਿੰਦਰ ਦੇ ਗਵਾਂਢੀ ਦੇ ਘਰ ਵੱਲ ਵਧ ਗਿਆ।

ਰਵਿੰਦਰ ਨੇ ਬਰੋਸ਼ਰ ਪੜ੍ਹ ਕੇ ਬੇਧਿਆਨੀ ਜਿਹੀ ਨਾਲ ਡਾਇਨਿੰਗ ਮੇਜ਼ ਉਪਰ ਪਏ ਸੇਲਾਂ ਦੇ ਇਸ਼ਤਿਹਾਰਾਂ ਦੇ ਢੇਰ ਵੱਲ ਸਿਟ ਦਿੱਤਾ ਅਤੇ ਕੰਧ ਤੇ ਲੱਗੀ ਘੜੀ ਵੱਲ ਦੇਖਦਾ ਦਵਾ ਦਵ ਟੀ. ਵੀ. ਦਾ ਬਟਨ ਔਨ ਕਰਕੇ ਬੈਠ ਗਿਆ। ਭਾਰਤੀ ਪ੍ਰੋਗਰਾਮ ਦੇ ਸ਼ੁਰੂ

ਹੋਣ ਦਾ ਟਾਇਮ ਹੋ ਚੁਕਾ ਸੀ।

"ਕੌਣ ਸੀ ?" ਕਿਚਨ ਵਿੱਚੋਂ ਭਾਂਡੇ ਟੀਂਡੇ ਸਾਂਭਦੀ ਰਵਿੰਦਰ ਦੀ ਪਤਨੀ ਨੇ ਪੁੱਛਿਆ।

"ਉਹ ਕੋਈ ਨੀ ਐਮੀਂ ਸੀ ਕ੍ਰਿਸਮਿਸ ਦੇ ਕਾਰਡ ਜਿਹੇ ਬੇਚਦਾ ਫਿਰਦਾ, ਮੈਂ ਛੇਤੀ ਛਿਸ਼ਕੇਰ ਦਿੱਤਾ।" ਰਵਿੰਦਰ ਨੇ ਟੀ.ਵੀ. ਦਾ ਚੈਨਲ ਲੱਭਦੇ ਨੇ ਕਿਹਾ।

"ਹੋਰ ਕੀ ਕਹਿੰਦਾ ਸੀ ?" ਪਤਨੀ ਫਿਰ ਬੋਲੀ।

"ਕਹਿੰਦਾ ਸੀ ਬੱਚਿਆਂ ਦੀ ਹੈਲਪ ਕਰੋ। ਚਾਈਲਡ ਫਾਈਂਡ ਦੇ ਨਾਮ ਤੇ ਪੈਸੇ ਮੰਗਦਾ ਸੀ।"

ਫਿਰ ਇਕ ਦਮ ਜਿਵੇਂ ਕੁਝ ਯਾਦ ਆ ਗਿਆ ਹੋਵੇ , ਟੀ.ਵੀ. ਵਿਚੋਂ ਧਿਆਨ ਹਟਾ ਕੇ ਮਨ ਵਿਚ 'ਚਾਈਲਡ ਫਾਈਂਡ ' ਦੁਹਰਾਇਆ ਅਤੇ ਜਿਵੇਂ ਆਪਣੇ ਆਪ ਨੂੰ ਹੀ ਕਹਿਣ ਲੱਗਾ, "ਅੱਗੇ ਕਦੀ ਸੁਣਿਆ ਤਾਂ ਹੈ ਨੀ ਚਾਈਲਡ ਫਾਈਂਡ ।" ਉਸਨੇ ਇੱਧਰ ਉੱਧਰ ਧਿਆਨ ਮਾਰਿਆ ਪਰ ਉਸਨੂੰ ਉਹ ਬਰੌਸ਼ਰ ਕਿਤੇ ਨਜ਼ਰ ਨਾ ਆਇਆ। "ਚਲ ਫੇਰ ਸਹੀ ।" ਸੋਚ ਕੇ ਉਹ ਟੀ.ਵੀ. ਵਿਚ ਮਗਨ ਹੋ ਗਿਆ।

ਇਤਨੀ ਦੇਰ ਨੂੰ ਪਤਨੀ ਭਾਂਡੇ ਟੀਂਡੇ ਸਾਂਭ ਕੇ ਡਾਇਨਿੰਗ ਟੇਬਲ ਸਾਫ਼ ਕਰਨ ਲੱਗੀ ਤਾਂ ਉਸਦੀ ਨਜ਼ਰ ਉਸ ਇਸ਼ਤਿਹਾਰ ਉੱਪਰ ਪਈ। ਉਸਦੀ ਤਹਿ ਦੇ ਬਾਹਰਲੇ ਪਾਸੇ ਕੁਝ ਕੁ ਮੋਟੇ ਅੱਖਰਾਂ ਨਾਲ ਲਿਖੇ ਸ਼ਬਦਾਂ 'ਚਾਈਲਡ ਫਾਈਂਡ ' ਨੇ ਉਸਦਾ ਧਿਆਨ ਖਿੱਚਿਆ। ਹੇਠਲੀ ਲਾਈਨ ਵਿਚ ਲਿਖਿਆ ਸੀ "ਚਿਲਡਰਨ ਹੈਲਪਿੰਗ ਚਿਲਡਰਨ" ਉਹ ਧਿਆਨ ਨਾਲ ਇਸ਼ਤਿਹਾਰ ਪੜ੍ਹਨ ਬੈਠ ਗਈ।

ਜਦੋਂ ਵੀ ਉਹ ਕਿਤੇ ਕਿਸੇ ਦਾ ਬੱਚਾ ਗੁਆਚਣ ਦੀ ਖ਼ਬਰ ਟੀ.ਵੀ. ਉਪਰ ਦੇਖਦੀ ਤਾਂ ਉਸਦਾ ਦਿਲ ਦਹਿਲ ਜਾਂਦਾ । ਟੀ.ਵੀ. ਸਾਹਮਣੇ ਬੈਠੀ ਆਪਣੇ ਆਲੇ ਦੁਆਲੇ ਪਏ ਦੋਹਾਂ ਬੱਚਿਆਂ ਨੂੰ ਘੁੱਟ ਕੇ ਆਪਣੇ ਨਾਲ ਲਾ ਲੈਂਦੀ।

"ਪਤਾ ਨਹੀਂ ਕਿਵੇਂ ਮਾਂ ਬਾਪ ਆਪਣੇ ਬੱਚਿਆਂ ਨੂੰ ਲਾਪ੍ਰਵਾਹੀ ਨਾਲ ਗਵਾ ਲੈਂਦੇ ਹਨ ?" ਉਹ ਸੋਚਦੀ। ਨਾਲ ਹੀ ਮਨ ਵਿਚ ਬੱਚੇ ਚੋਰੀ ਕਰਨ ਵਾਲਿਆਂ ਨੂੰ ਗਾਲ੍ਹਾਂ ਕੱਢਦੀ। ਅਗਲੇ ਦਿਨ ਜਦੋਂ ਆਪਣੇ ਬੱਚੇ ਨੂੰ ਸਕੂਲ ਛੱਡਣ ਜਾਂਦੀ ਤਾਂ ਹਰ ਲੰਬੇ ਵਾਲਾਂ ਵਾਲੇ ਛੋਕਰੇ ਜਾਂ ਸਕੂਲ ਦੀ ਗਰਾਊਂਡ ਕੋਲ ਖੜੀ ਕਿਸੇ ਭੀ ਵੈਨ ਨੂੰ ਡਰ ਤੇ ਸ਼ੱਕ ਦੀ ਨਜ਼ਰ ਨਾਲ ਦੇਖਦੀ।

"ਮੈਨੂੰ ਤਾਂ ਆਹ ਵਧੀਆ ਚੀਜ਼ ਲਗਦੀ ਆ ।" ਬਰੋਸ਼ਰ ਪੜ੍ਹਨ ਤੋਂ ਬਾਦ ਪਤਨੀ ਬੋਲੀ। ਇਸ਼ਤਿਹਾਰ 'ਚਾਈਲਡ ਫਾਈਂਡ' ਨਾਮ ਦੀ ਮੁਨਾਫ਼ਾ ਰਹਿਤ ਤੇ ਅਤੇ ਦਾਨ ਦੇ ਸਿਰ ਚੱਲਣ ਵਾਲੀ (ਚੈਰੀਟੇਬਲ) ਸੰਸਥਾ ਵੱਲੋਂ ਸੀ: ਜਿਸਦੀਆਂ ਸ਼ਾਖਾਵਾਂ ਕੈਨੇਡਾ ਦੇ ਕਈ ਸ਼ਹਿਰਾਂ ਵਿਚ ਖੁੱਲ੍ਹ ਚੁੱਕੀਆਂ ਸਨ। ਸੰਸਥਾ ਦਾ ਉਦੇਸ਼ ਮਾਂ ਬਾਪ ਨੂੰ ਵੱਖ ਵੱਖ ਤਰੀਕਿਆਂ



ਨਾਲ ਇਹ ਜਾਣਕਾਰੀ ਦੇਣਾ ਸੀ ਕਿ ਬੱਚਿਆਂ ਨੂੰ ਗੁਆਚਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਛੋਟੀ ਉਮਰ ਦੇ ਘਰੋਂ ਨੱਠੇ ਬੱਚਿਆਂ ਨੂੰ ਘਰ ਵਾਪਿਸ ਪਰਤਣ ਵਿਚ ਮੱਦਦ ਕਰਨਾ ਵੀ ਸੀ। ਇਸ ਤਰ੍ਹਾਂ ਦੇ ਬੱਚਿਆਂ ਹੱਥੀਂ ਬਣਾਏ ਹੋਏ ਕ੍ਰਿਸਮਿਸ ਕਾਰਡ ਤੇ ਹੋਰ ਚੀਜ਼ਾਂ ਘਰੋ ਘਰ ਵੇਚ ਕੇ ਵਲੰਟੀਅਰ ਲੋਕ ਇਸ ਸੰਸਥਾ ਦੀ ਮਾਇਕ ਲੋੜ ਪੂਰਾ ਕਰਨ ਦਾ ਯਤਨ ਕਰਦੇ ਸਨ।

"ਕੀ ਵਧੀਆ ਲਗਦੀ ਆ ? " ਰਵਿੰਦਰ ਨੇ ਟੀ.ਵੀ. ਵਿਚ ਧਿਆਨ ਲਗਾਈ ਪੁੱਛਿਆ ।

"ਇਹ ਬੱਚਿਆਂ ਨੂੰ ਗੁਆਚਣ ਤੋਂ ਬਚਾਉਣ ਲਈ ਤਰੀਕੇ ਦੱਸਦੇ ਹਨ ਮਾਂ ਬਾਪ ਨੂੰ ਪਈ ਆਹ ਆਹ ਲਾਪ੍ਰਵਾਹੀ ਨਹੀਂ ਕਰਨੀ ਚਾਹੀਦੀ ਤੇ ਬੱਚੇ ਨੂੰ ਆਹ ਆਹ ਕੁਝ ਸਿਖਾਉਣਾ ਚਾਹੀਦਾ ।"

"ਉਹ ਇਸ ਸਿਸਟਮ ਵਿਚ ਸਾਰੇ ਮਾਂ ਬਾਪ ਪੈਸਾ ਕਮਾਉਣ ਦੀ ਰੈਟ ਰੇਸ ਵਿਚ ਫਸਿਓ ਆ। ਬੱਚਿਆਂ ਦੀ ਪ੍ਰਵਾਹ ਕਰਨ ਦਾ ਕਿਹਦੇ ਕੋਲ ਵਿਹਲ ਆ ? ਨਾਲੇ ਇਹ ਜਿੰਮੇਵਾਰੀ ਤਾਂ ਸਰਕਾਰ ਦੀ ਆ, ਅਸੀਂ ਟੈਕਸ ਕਾਹਦੇ ਲਈ ਦਿੰਨੇ ਆਂ ?" ਰਵਿੰਦਰ ਬੋਲਿਆ।

"ਹਰੇਕ ਗੱਲ 'ਚ ਸਿਸਟਮ ਈ ਲੈ ਵੜਿਆ ਕਰੋ, ਬਥੇਰੇ ਮਾਂ ਬਾਪ ਆ ਜਿਹੜੇ ਬੱਚਿਆਂ ਦੀ ਪ੍ਰਵਾਹ ਕਰਦੇ ਆ। ਆਪਣੇ ਤੌਰ ਤੇ ਜਿੰਨਾ ਹੋ ਸਕੇ ਬਚਾਅ ਕਰਨਾ ਚਾਹੀਦਾ। ਮੈਨੂੰ ਤਾਂ ਆਹ ਪੜ੍ਹਕੇ ਕਈ ਨਵੀਆਂ ਗੱਲਾਂ ਪਤਾ ਲੱਗੀਆਂ।" ਪਤਨੀ ਜ਼ਰਾ ਕੁ ਜੋਸ਼ ਨਾਲ ਬੋਲੀ।

"ਦਖਾਲ ਤਾਂ ਕੀ ਆ ?"ਰਵਿੰਦਰ ਨੇ ਟੀ.ਵੀ. ਵਿਚ ਧਿਆਨ ਗੱਡੀ ਬਰੋਸ਼ਰ ਫੜਨ ਲਈ ਹੱਥ ਵਧਾਇਆ।

"ਮੈਂ ਤਾਂ ਬਚਾਰੇ ਨੂੰ ਕੁਸ਼ ਹੋਰ ਈ ਸਮਝਦਾ ਰਿਹਾ, ਉਹ ਵੀ ਢਿੱਲਾ ਜਿਹਾ ਹੀ ਤੁਰਦਾ ਸੀ ਜਿਵੇਂ ਪਹਿਲਾਂ ਈ ਮੇਰੀ ਸ਼ਕਲ ਦੇਖਕੇ ਸੋਚਦਾ ਹੋਵੇ ਕਿ ਇਹਨੇ ਕਿੱਥੇ ਖਰੀਦਣੇ ਹਨ।" ਇਸ਼ਤਿਹਾਰ ਧਿਆਨ ਨਾਲ ਪੜ੍ਹਨ ਤੋਂ ਬਾਦ ਗੋਦੀ ਵਿਚ ਬੈਠੇ ਬੱਚਿਆਂ ਦਾ ਸਿਰ ਪਲੋਸਦਾ ਰਵਿੰਦਰ ਬੋਲਿਆ।

"ਕੀ ਪਤਾ ਬਚਾਰਾ ਨਵਾਂ ਹੀ ਹੋਵੇ ਇਸ ਕੰਮ ਵਿਚ । ਕਈ ਵਾਰੇ ਨਵੇਂ ਬੰਦੇ ਕੋਲੋਂ ਅਗਲੇ ਨੂੰ ਚੰਗੀ ਤਰਾਂ ਨਹੀ ਅਕਸਪਲੇਨ ਕਰ ਹੁੰਦਾ।" ਪਤਨੀ ਨੇ ਕਿਹਾ।

ਉਸਦੀ ਗੱਲ ਸੁਣ ਕੇ ਰਵਿੰਦਰ ਕੁਝ ਦੇਰ ਲਈ ਸੋਚੀਂ ਪੈ ਗਿਆ। ਉਸਨੂੰ ਯਾਦ ਆਇਆ ਕਿ ਜਦੋਂ ਉਸਨੇ ਪਹਿਲੀ ਵਾਰੀ ਆਪਣੀ ਪੁਲੀਟੀਕਲ ਪਾਰਟੀ ਦੀ ਮਦਦ ਕਰਨ ਲਈ ਕਿਸੇ ਕੋਲੋਂ ਫੰਡ ਮੰਗਿਆ ਸੀ ਤਾਂ ਕਿਵੇਂ ਉਸਦੀ ਜ਼ੁਬਾਨ ਥਥਲਾਉਣ ਲੱਗ ਪਈ ਸੀ ਤੇ ਜਦੋਂ ਪਹਿਲੇ ਹੀ ਬੰਦੇ ਨੇ ਹੱਥ ਤੰਗ ਹੋਣ ਦੇ ਬਹਾਨੇ ਮਾਇਕ ਮਦਦ ਦੇਣ ਤੋਂ ਨਾਂਹ ਕਰ ਦਿੱਤੀ ਸੀ ਤਾਂ ਅਗਲੇ ਬੰਦੇ ਦੇ ਘਰ ਵੜਨ ਤੋਂ ਪਹਿਲਾਂ ਉਸਨੂੰ ਸਰਦੀਆਂ ਦੇ ਮੌਸਮ ਵਿਚ

ਵੀ ਪਸੀਨਾ ਆ ਗਿਆ ਸੀ ਤੇ ਉਸਦੇ ਕਦਮ ਮਣ ਮਣ ਪੱਕੇ ਭਾਰੇ ਹੋ ਗਏ ਸਨ।

ਅਚਾਨਕ ਉਸਨੇ ਆਪਣੇ ਮੂੰਹ ਵੱਲ ਬਿਟ ਬਿਟ ਤੱਕਦੇ ਬੱਚਿਆਂ ਨੂੰ ਗੋਦ ਵਿਚੋਂ ਕੱਢ ਕੇ ਪਰ੍ਹੇ ਬਿਠਾਇਆ ਤੇ ਬਿਨਾਂ ਕੁਝ ਬੋਲੇ ਆਪਣੇ ਕਮਰੇ ਵਿਚ ਗਿਆ ਤੇ ਦੌਹ ਕੁ ਮਿੰਟੀ ਜੈਕਟ ਪਾਉਂਦਾ ਬਾਹਰ ਨੂੰ ਆ ਗਿਆ।

" ਹਾਲੇ ਬੁੜਾ ਬਾਹਲੀ ਦੂਰ ਨੀ ਗਿਆ ਹੋਣਾ " ਪਤਨੀ ਦੀਆਂ ਸਵਾਲੀਆਂ ਨਜ਼ਰਾਂ ਦਾ ਜੁਆਬ ਦੇਕੇ ਰਵਿੰਦਰ ਜੈਕਟ ਦੀ ਜੇਬ ਵਿਚ ਬਟੂਆ ਟਟੋਲਦਾ ਬਾਹਰ ਨੂੰ ਨਿਕਲ ਗਿਆ।

ਸੜਕ ਉਪਰ ਆ ਕੇ ਉਹ ਉਸੇ ਪਾਸੇ ਤਰ ਪਿਆ ਜਿੱਧਰ ਨੂੰ ਉਹ ਗੋਰਾ ਗਿਆ ਸੀ ਤੇ ਆਪਣੇ ਘਰ ਤੋਂ ਪੰਜਵੇਂ ਘਰ ਦੀ ਕਾਲ ਬੈੱਲ ਦੱਬਦਾ ਉਸਦੇ ਨਜ਼ਰੀਂ ਪੈ ਗਿਆ। ਰਵਿੰਦਰ ਨੇ ਬਟੂਏ ਵਿੱਚੋਂ ਇਕ ਨੋਟ ਕੱਢ ਕੇ ਹੱਥ ਵਿਚ ਘੁੱਟ ਲਿਆ ਅਤੇ ਦੋਨੋਂ ਹੱਥ ਪੈਂਟ ਦੀਆਂ ਜੇਬਾਂ ਵਿਚ ਪਾਈ ਉਸ ਘਰ ਦੇ ਸਾਹਮਣੇ ਸੜਕ ਉਪਰ ਉਸਦੇ ਆਉਣ ਦਾ ਇੰਤਜ਼ਾਰ ਕਰਨ ਲੱਗ ਪਿਆ। ਗੋਰੇ ਨੇ ਕਾਲ ਬੈੱਲ ਤਿੰਨ ਵਾਰੀ ਦੱਬੀ ਤੇ ਅੱਗੋਂ ਕੋਈ ਜੁਆਬ ਨਾ ਆਉਣ ਤੇ ਢਿੱਲੇ ਜਿਹੇ ਕਦਮਾਂ ਨਾਲ ਪੌੜੀਆਂ ਉਤਰ ਆਇਆ। ਰਵਿੰਦਰ ਨੇ ਉਸਨੂੰ ਥੱਲੇ ਆਉਂਦੇ ਨੂੰ ਕਿਹਾ

"ਗੁਡ ਈਵਨਿੰਗ ਸਰ!" ਗੋਰੇ ਨੇ ਰਵਿੰਦਰ ਨੂੰ ਪਛਾਣੇ ਬਗੈਰ ਕੁਝ ਘਬਰਾਏ ਜਿਹੇ ਲਹਿਜ਼ੇ ਵਿਚ ਕਿਹਾ।

"ਨੌਟ ਮੱਚ ਲੱਕ ਹੈਮ ? ਗੁੱਡ ਈਵਨਿੰਗ " ਰਵਿੰਦਰ ਨੇ ਮੁਸਕਰਾ ਕੇ ਕਿਹਾ, "ਤੁਸੀਂ ਹੁਣੇ ਦੱਸ ਪੰਦਰਾਂ ਮਿੰਟ ਪਹਿਲਾਂ ਹੀ ਸਾਡੇ ਘਰ ਆਏ ਸੀ। "

"ਉਹ ! ਯੈੱਸ ਯੈੱਸ ! " ਗੋਰਾ ਮੁਸਕਰਾਉਣ ਦਾ ਯਤਨ ਕਰਦਾ ਬੋਲਿਆ।

"ਬਹੁਤੇ ਲੋਕ ਐਸ ਵੇਲੇ ਖਾਣੇ ਤੋਂ ਬਾਦ ਘੁੰਮਣ ਫਿਰਨ ਨਿਕਲ ਜਾਂਦੇ ਹਨ, ਘਰ ਨਹੀਂ ਮਿਲਦੇ ।" ਰਵਿੰਦਰ ਉਸਦੀ ਮਾਨਸਿਕ ਸਥਿਤੀ ਸਮਝਣ ਦਾ ਯਤਨ ਕਰਦਾ ਹੋਇਆ ਬੋਲਿਆ।

"ਹਾਂ , ਮੈਨੂੰ ਸ਼ਾਇਦ ਘੰਟਾ ਕੁ ਪਹਿਲਾਂ ਸ਼ੁਰੂ ਕਰਨਾ ਚਾਹੀਦਾ ਸੀ, ਖ਼ੈਰ ! ਅੱਜ ਮੇਰਾ ਪਹਿਲਾ ਹੀ ਦਿਨ ਹੈ। "

"ਉਹ ਅੱਛਾ!" ਰਵਿੰਦਰ ਕੁਝ ਉਤਸਕ ਹੋ ਕੇ ਬੋਲਿਆ, "ਤੁਹਾਡੇ ਜਾਣ ਤੋਂ ਬਾਦ ਮੈਂ ਤੁਹਾਡਾ ਉਹ ਬਰੋਸ਼ਰ ਪੜ੍ਹਿਆ ਹੈ, ਬੜਾ ਚੰਗਾ ਕੰਮ ਕਰ ਰਹੇ ਹੋ ਤੁਸੀਂ ।"

"ਉਹ ਸ਼ੁਕਰੀਆ", ਗੋਰੇ ਨੇ ਕੁੱਝ ਉਤਸ਼ਾਹ ਨਾਲ ਕਿਹਾ, "ਵਿਹਲੇ ਬੈਠਣ ਨਾਲੋਂ ਤਾਂ ਸ਼ਾਇਦ ਚੰਗਾ ਹੀ ਹੈ।"



"ਹਾਂ ,ਜ਼ਰੂਰ ਜ਼ਰੂਰ।" ਰਵਿੰਦਰ ਨੇ ਸਿਰ ਹਿਲਾਉਂਦੇ ਹੋਏ ਕਿਹਾ, " ਪਹਿਲਾਂ ਤੁਸੀਂ ਕੋਈ ਹੋਰ ਕੰਮ ਕਰਦੇ ਹੋਵੋਗੇ?"

ਉਸਦੀ ਗੱਲ ਦਾ ਜੁਆਬ ਦੇਣ ਤੋਂ ਪਹਿਲਾ ਉਹ ਜਿਵੇਂ ਕੁਝ ਸੋਚੀਂ ਪੈ ਗਿਆ ਤੇ ਮਿੰਟ ਕੁ ਬਾਦ ਉਦਾਸ ਜਿਹੇ ਸੁਰ ਵਿਚ ਕਹਿਣ ਲੱਗਾ। " ਕੰਮ ਛੱਡੇ ਨੂੰ ਤਾਂ ਮੈਨੂੰ 18 ਸਾਲ ਹੋ ਚਲੇ ਹਨ ਜਦੋਂ ਕੁ ਮੇਰੀ ਪਤਨੀ ਗੁਜ਼ਰ ਗਈ ਸੀ। "

"ਓਹ ! ਆਈ ਐਮ ਸੋਰੀ " ਰਵਿੰਦਰ ਦੇ ਮੂੰਹੋਂ ਅਚਾਨਕ ਨਿਕਲਿਆ ਪਰ ਉਹ ਉਸ ਵੱਲ ਧਿਆਨ ਕੀਤੇ ਬਿਨਾਂ ਕਹਿੰਦਾ ਰਿਹਾ, " ਮਰਨ ਤੋਂ ਪਹਿਲਾਂ ਤਿੰਨ ਸਾਲ ਬੜੀ ਔਖੀ ਨੇ ਕੱਟੇ, ਮੈਂ ਬੜੀ ਕੋਸ਼ਿਸ਼ ਕੀਤੀ ਉਸਨੂੰ ਮਰਨ ਤੋਂ ਬਚਾਉਣ ਦੀ। ਮੇਰਾ ਹੋਰ ਕੋਈ ਵੀ ਨਹੀਂ ਸੀ ਉਸ ਤੋਂ ਬਿਨਾਂ।" ਕਹਿਕੇ ਉਹ ਕੁਝ ਦੇਰ ਲਈ ਰੁਕਿਆ। ਉਸ ਦੀਆਂ ਮੋਟੀਆਂ ਢਿਲਕੀਆਂ ਜਿਹੀਆਂ ਗੱਲ੍ਹਾਂ ਉਪਰ ਅੱਖਾਂ ਦੇ ਹੇਠਲੇ ਪਾਸੇ ਲਾਲ ਰੰਗ ਦੀਆਂ ਬਰੀਕ ਨਾੜਾਂ ਚਮਕਣ ਲੱਗ ਪਈਆਂ।

ਫਿਰ ਕਹਿਣ ਲੱਗਾ," ਅਸੀਂ ਦੋਵੇਂ ਚਾਲੀਆਂ ਦੇ ਦਵਾਲੇ ਸਾਂ ਜਦੋਂ ਅਸੀਂ ਵਿਆਹ ਕਰਵਾਇਆ ਸੀ, ਭਾਵੇਂ ਅਸੀਂ ਇਕ ਦੂਜੇ ਨੂੰ ਅੱਠ ਨੌਂ ਸਾਲ ਪਹਿਲਾਂ ਦੇ ਜਾਣਦੇ ਸੀ ....... ਐਲਾਨੋਰ ਉਦੋਂ ਕਪੜਿਆਂ ਦੇ ਸਟੋਰ ਵਿਚ ਕੰਮ ਕਰਦੀ ਹੁੰਦੀ ਸੀ, ਮੈਂ ਵੀ ਉਦੋਂ ਬਾਰਨੈੱਟ ਸਾਅ ਮਿੱਲ ਵਿਚ ਚੰਗੀ ਨੌਕਰੀ ਉਪਰ ਲੱਗਾ ਹੋਇਆ ਸੀ।

"ਫਿਰ ਭੀ ਵਿਆਹ ਕਰਵਾਉਣ ਤੋਂ ਝਿਜਕਦੇ ਰਹੇ ?" ਰਵਿੰਦਰ ਕੁਝ ਦਿਲਚਸਪੀ ਨਾਲ ਬੋਲਿਆ।

"ਦਰਅਸਲ , ਮੈਂ ਵੀਹਾਂ ਕੁ ਸਾਲਾਂ ਦਾ ਉੱਥੇ ਕੰਮ ਕਰਨ ਲੱਗ ਪਿਆ ਸੀ । ਵੱਡੀ ਜੰਗ ਤੋਂ ਬਾਦ ਲੇਬਰ ਦੀ ਕਾਫ਼ੀ ਸ਼ੌਰਟੇਜ ਆ ਗਈ ਸੀ .......ਉਦੋਂ ਹੀ ਆਹ ਮਿੱਲ ਵਰਕਰਾਂ ਦੀ ਯੂਨੀਅਨ ਆਈ. ਡਬਲਿਯੂ. ਏ. ਬਣਾਉਣ ਦੀ ਲਹਿਰ ਚਲੀ ਸੀ ।

ਮੈਂ ਵੀ ਉਸ ਵਿਚ ਕੁਝ ਪੈਰ ਰੱਖਦਾ ਸੀ।" ਫਿਰ ਰਵਿੰਦਰ ਦੇ ਚਿਹਰੇ ਵੱਲ ਧਿਆਨ ਨਾਲ ਦੇਖਦਾ ਹੋਇਆ ਬੋਲਿਆ, " ਇਕ ਈਸਟ ਇੰਡੀਅਨ ਯੰਗਮੈਨ ਵੀ ਲਹਿਰ ਦੇ ਆਗੂਆਂ ਵਿਚ ਹੁੰਦਾ ਸੀ। ਉਹ ਸ਼ਾਇਦ ਏਧਰ ਆਈਲੈਂਡ ਤੇ ਕਿਤੇ ਰਹਿੰਦਾ ਸੀ। ਮੇਰਾ ਇਕ ਦੋਸਤ ਡੇਵ ਵੀ ਯੂਨੀਅਨ ਬਣਾਉਣ ਲਈ ਬੜਾ ਸਰਗਰਮ ਸੀ ਤੇ ਉਹ ਉਸਦਾ ਸਾਥੀ ਹੁੰਦਾ ਸੀ। ਬੜੀ ਸਖ਼ਤ ਜੱਦੋ-ਜਹਿਦ ਚੱਲੀ ਪਰ ਅਖ਼ੀਰ ਯੂਨੀਅਨ ਕਾਇਮ ਹੋ ਕੇ ਰਹੀ। ਬਾਦ ਵਿਚ ਉਹ ਤਾਂ ਸ਼ਾਇਦ ਇੰਡੀਆ ਨੂੰ ਮੁੜ ਗਿਆ ਸੀ।"

"ਤੁਸੀ ਤਾਂ ਬਾਦ ਵਿਚ ਵੀ ਯੂਨੀਅਨ ਵਿਚ ਇਨਵਾਲਵ ਰਹੇ ਹੋਣੇ ਆ ?" ਰਵਿੰਦਰ ਨੇੜੇ ਹੀ ਬਿਜਲੀ ਦੇ ਖੰਭੇ ਨਾਲ ਪਿੱਠ ਲਾ ਕੇ ਖੜ ਗਿਆ। ਉਸਨੂੰ ਇਸ ਬਜ਼ੁਰਗ ਬਾਰੇ ਹੋਰ ਜਾਨਣ ਦੀ ਇੱਛਾ ਪੈਦਾ ਹੋ ਰਹੀ ਸੀ ਜੋ ਕਿ ਘਰ ਆ ਕੇ ਟੀ. ਵੀ. ਉਪਰ ਚਲ ਰਹੀ ਢੀਸ਼ੂੰਮ ਢੀਸ਼ੂਮ ਮਾਰਕਾ ਫ਼ਿਲਮ ਨਾਲੋਂ ਕਾਫ਼ੀ ਵਧੀਆ ਪ੍ਰਤੀਤ ਹੋ ਰਹੀ ਸੀ।

"ਹਾਂ ਜਿਤਨਾ ਕੁ ਚਿਰ ਕਰ ਸਕਿਆ ਬਥੇਰਾ ਕੀਤਾ। ਸ਼ਾਇਦ ਇਸੇ ਕਰਕੇ ਸਾਡਾ ਵਿਆਹ ਲੇਟ ਹੁੰਦਾ ਰਿਹਾ, ਕਿਉਂਕਿ ਐਲਾਨੋਰ ਵਿਆਹ ਉਦੋਂ ਕਰਵਾਉਣਾ ਚਾਹੁੰਦੀ ਸੀ ਜਦੋਂ ਮੈਂ ਘਰ ਵੱਲ ਧਿਆਨ ਦੇਣ ਲਈ ਵਕਤ ਕੱਢ ਸਕਦਾ ਹੁੰਦਾ ..... "ਬੜੀ ਚੰਗੀ ਸੀ ਉਹ " ਕਹਿੰਦੇ ਹੋਏ ਦੀ ਆਵਾਜ਼ ਜ਼ਰਾ ਮੱਠੀ ਪੈ ਗਈ।

"ਤਾਂ ਫਿਰ ਮਿੱਲ ਦੀ ਨੌਕਰੀ ਛੱਡ ਕੇ ਬਿਜ਼ਨਸ ਕੀਤਾ ਹੋਣਾ ਕੋਈ ?"

"ਨਾਂ ਨਾ ਬਿਜ਼ਨਸ ਦੀ ਕੀ ਲੋੜ ਸੀ " ਕਹਿੰਦਾ ਹੋਇਆ ਬਜ਼ੁਰਗ ਵੀ ਉੱਥੇ ਘਾਹ ਉਪਰ ਬਹਿ ਗਿਆ।"ਅਸੀਂ ਦੋਨੋਂ ਆਪਣੇ ਜੋਗਾ ਬਥੇਰਾ ਕਮਾ ਲੈਂਦੇ ਸੀ। ਫਿਰ ਅਸੀਂ ਆਪਣੇ ਲਈ ਇਕ ਛੋਟਾ ਜਿਹਾ ਘਰ ਵੀ ਖਰੀਦ ਲਿਆ .........ਤੇ ਕੁਝ ਦੇਰ ਬਾਦ ਐਲਾਨੌਰ ਨੇ ਇਕ ਸੁੰਦਰ ਤੇ ਸਿਹਤਮੰਦ ਪੁੱਤਰ ਨੂੰ ਜਨਮ ਦਿੱਤਾ। ਅਸੀਂ ਉਸਦਾ ਨਾਮ ਐਂਡਰਿਊ ਰੱਖਿਆ ....ਉਸਦੀ ਚੰਗੀ ਪਰਵਰਿਸ਼ ਕਰਨ ਖ਼ਾਤਰ ਐਲਾਨੋਰ ਨੇ ਉਤਨੀ ਦੇਰ ਕੰਮ ਵੀ ਛੱਡੀ ਰੱਖਿਆ ਜਿਤਨੀ ਦੇਰ ਉਹ ਸਕੂਲ ਨਹੀਂ ਜਾਣ ਲੱਗ ਪਿਆ।" ਕਹਿਕੇ ਬਜ਼ੁਰਗ ਚੁੱਪ ਹੋ ਗਿਆ।

"ਹੁਣ ਤਾਂ ਉਹ ਕਾਫ਼ੀ ਜੁਆਨ ਹੋ ਗਿਆ ਹੋਵੇਗਾ ?" ਉਤਸੁਕਤਾ ਵਸ ਰਵਿੰਦਰ ਬੋਲਿਆ।

"ਪਤਾ ਨਹੀਂ ਹੋਵੇਗਾ ਵੀ ਕਿ ਨਹੀਂ ?" ਡੂੰਘੀ ਉਦਾਸ ਆਵਾਜ਼ ਵਿਚ ਬਜ਼ੁਰਗ ਬੋਲਿਆ।

"ਮਤਲਬ ?"

"ਐਂਡਰਿਊ ਸੱਤ ਕੁ ਸਾਲ ਦਾ ਸੀ ਜਦੋਂ ਉਹ ਅੱਧੀ ਛੁੱਟੀ ਵੇਲੇ ਸਕੂਲ ਦੀ ਗਰਾਊਂਡ ਵਿਚੋਂ ਖੇਡਦਾ ਗਾਇਬ ਹੋ ਗਿਆ ...ਮੁੜ ਕੇ ਨਹੀਂ ਲੱਭਾ, ਨਾ ਹੀ ਉਸਦੀ ਲਾਸ਼ ਮਿਲੀ ਹੈ ਅੱਜ ਤੱਕ ........ਬਹੁਤ ਤਲਾਸ਼ ਕੀਤਾ ਅਸੀਂ ਉਸਨੂੰ ...." ਸਿੰਮ ਰਹੀਆਂ ਅੱਖਾਂ ਨੂੰ ਤਿੰਨ ਚਾਰ ਵਾਰ ਝਪਕ ਕੇ ਰੋਕਣ ਦਾ ਯਤਨ ਕਰਦਾ ਹੋਇਆ ਉਹ ਬੋਲਿਆ, "ਐਲਾਨੋਰ ਨੂੰ ਬਹੁਤ ਸਦਮਾ ਲੱਗਾ ਐਂਡਰਿਊ ਦਾ ......ਉਸਦੀ ਮਾਨਸਿਕ ਸਥਿਤੀ ਵਿਗੜਨ ਕਰਕੇ ਜਾਂ ਸ਼ਾਇਦ ਸਿਆਣੀ ਉਮਰ ਕਰਕੇ ਉਹ ਦੁਬਾਰਾ ਮਾਂ ਨਾ ਬਣ ਸਕੀ ....... ਮੈਂ ਉਸਦੀ ਮਾਨਸਿਕ ਹਾਲਤ ਠੀਕ ਕਰਨ ਲਈ ਬੜੇ ਯਤਨ ਕੀਤੇ ...ਆਪਣਾ ਘਰ ਵੇਚ ਕੇ ਉਸਨੂੰ ਮੈਂ ਯੂਰਪ ਦੀ ਲੰਬੀ ਸੈਰ ਕਰਨ ਵੀ ਲੈ ਗਿਆ। .....ਪਰ ਅਖੀਰ ਤਕਰੀਬਨ ਤਿੰਨ ਸਾਲ ਬਾਦ ਉਸਨੇ ਮੰਜਾ ਮੱਲ ਲਿਆ .......ਤੇ ਸਾਲ ਕੁ ਹਸਪਤਾਲ ਵਿਚ ਰਹਿਣ ਦੇ ਬਾਦ ਮੈਨੂੰ ਹਮੇਸ਼ਾ ਲਈ ਇਕੱਲਾ ਛੱਡ ਗਈ ।"

"ਬਹੁਤ ਬੁਰਾ ਹੋਇਆ ਇਹ ਤਾਂ ....." ਰਵਿੰਦਰ ਦੇ ਮੂੰਹੋਂ ਨਿਕਲਿਆ।"ਇਸ ਸੱਭ ਕੁਝ ਵਾਪਰਨ ਦੇ ਬਾਦ ਜਿਊਣਾ ਤਾਂ ਮੈਂ ਵੀ ਨਹੀਂ ਸੀ ਚਾਹੁੰਦਾ ..." ਆਪਣੇ ਆਪ ਨੂੰ ਜ਼ਰਾ ਸੰਭਾਲਦਾ ਹੋਇਆ ਬਜ਼ੁਰਗ ਬੋਲਿਆ, "ਪਰ ਬੱਸ ...... ਕਿਸੇ ਤਰਾਂ ਜਿਊਂਦਾ ਹੀ ਰਿਹਾ, ਬਿਨਾ ਮਕਸਦ .....ਕੰਮ ਵੀ ਛੱਡ ਦਿੱਤਾ ......ਕੁਝ ਐਲਾਨੋਰ ਦੇ ਬੀਮੇ ਦੇ ਪੈਸੇ ਸਨ ਤੇ ਕੁਝ ਥੋੜ੍ਹੀ



ਬਹੁਤ ਪਿਨਸ਼ਨ ਆਉਂਦੀ ਰਹੀ ਤੇ ਮੈਂ ਐਮੇਂ ਬੇਮਤਲਬ ਹੀ ਦਿਨ ਲੰਘਾਉਣ ਲੱਗ ਪਿਆ। ...... ਐਲਾਨੋਰ ਦੀ ਬੀਮਾਰੀ ਕਰਕੇ ਸਾਡੇ ਜੋ ਥੋੜ੍ਹੇ ਬਹੁਤ ਦੋਸਤ ਸਨ ਉਹ ਵੀ ਸਾਡੇ ਕੋਲੋਂ ਹੌਲੀ ਹੌਲੀ ਦੂਰ ਹੋ ਗਏ ਸਨ ......ਕਈ ਵਾਰੀ ਮਨ ਦੀ ਸ਼ਾਤੀ ਲਈ ਮੈਂ ਚਰਚ ਵੀ ਗਿਆ .......ਪਰ ਉਥੋਂ ਵੀ ਕੁਝ ਖ਼ਾਸ ਪੱਲੇ ਨਾ ਪਿਆ ....ਤੇ ਹੌਲੀ ਹੌਲੀ ਮੈਂ ਸਿਰਫ਼ ਬਾਰ ਵਿਚ ਬੈਠਣ ਜੋਗਾ ਹੀ ਰਹਿ ਗਿਆ।" ਕੁਝ ਪਲ ਬਾਦ ਆਪਣੇ ਆਪ ਨੂੰ ਯਾਦਾਂ ਦੇ ਸਮੁੰਦਰ ਵਿਚੋਂ ਬਾਹਰ ਕੱਢਦਾ ਹੋਇਆ ਕੋਲ ਹੀ ਘਾਹ ਉਪਰ ਬੈਠ ਚੁੱਕੇ ਰਵਿੰਦਰ ਵਲ ਮੂੰਹ ਕਰਕੇ ਬੋਲਿਆ, " ਸੌਰੀ ਯੰਗ ਮੈਨ, ਮੈਂ ਤਾਂ ਐਵੇ ਤੈਨੂੰ ਵੀ ਰੋਕ ਕੇ ਬਹਿ ਗਿਐਂ , ਤੂੰ ਵੀ ਸ਼ਾਇਦ ਘਰੋਂ ਸੈਰ ਲਈ ਨਿਕਲਿਆ ਹੋਵੇਂਗਾ ?"

"ਨਹੀਂ ਨਹੀਂ , ਐਸੀ ਕੋਈ ਗੱਲ ਨਹੀਂ ...ਦਰਅਸਲ, ਮੈਂ ਤਾਂ ਤੁਹਾਨੂੰ ਹੀ ਦੇਖ ਰਿਹਾ ਸੀ, ਤੁਸੀਂ ਬੜਾ ਨੇਕ ਕੰਮ ਕਰ ਰਹੇ ਹੋ, ਮੈਂ ਤਾਂ ਸਗੋਂ ..." ਉਸਦੀ ਗੱਲ ਵਿੱਚੇ ਕੱਟਦਾ ਗੋਰਾ ਬਜ਼ੁਰਗ ਬੋਲਿਆ, "ਸ਼ਾਇਦ ਹੁਣ ਵੀ ਬਾਰ ਵਿਚ ਹੀ ਬੈਠਿਆ ਹੁੰਦਾ ਜੇ ਅਚਾਨਕ ਕੁਝ ਦਿਨ ਪਹਿਲਾਂ ਮੁੱਦਤਾਂ ਬਾਦ ਡੇਵ ਨਾ ਮਿਲ ਪੈਂਦਾ। "

"ਉਹ ਕਿਵੇਂ ?" ਰਵਿੰਦਰ ਦਾ ਨੋਟ ਵਾਲਾ ਹੱਥ ਪੈਂਟ ਦੀ ਜੇਬ ਵਿੱਚੋਂ ਨਿਕਲਦਾ ਨਿਕਲਦਾ ਜ਼ਰਾ ਰੁਕ ਗਿਆ।

"ਸਾਡੀ ਯੂਨੀਅਨ ਵੱਲੋਂ ਹਰ ਸਾਲ ਰਿਟਾਇਰ ਹੋਣ ਵਾਲਿਆਂ ਨੂੰ ਇਕ ਪਾਰਟੀ ਦਿੱਤੀ ਜਾਂਦੀ ਹੈ। ਇਸ ਸਾਲ ਕਿਸੇ ਤਰ੍ਹਾਂ ਮੈਨੂੰ ਵੀ ਸ਼ਾਮਿਲ ਹੋਣ ਲਈ ਸੱਦਾ ਪੱਤਰ ਆ ਗਿਆ। ਤੇ ਉਸ ਪਾਰਟੀ ਵਿਚ ਬਹੁਤ ਸਾਲਾਂ ਬਾਦ ਮੈਨੂੰ ਡੇਵ ਮਿਲਿਆ..... ਰਿਟਾਇਰ ਹੋਣ ਤੋਂ ਬਾਦ ਵੀ ਉਸੇ ਤਰਾਂ ਜ਼ਿੰਦਾ ਦਿਲੀ ਦੀਆਂ ਗੱਲਾਂ ਕਰਦਾ ਹੈ। ਮੇਰੀ ਵਿਥਿਆ ਸੁਣਕੇ ਕਹਿਣ ਲੱਗਾ।

'ਜੈਕ ! ਮੈਨੂੰ ਤੇਰੇ ਦੁਖ ਦਾ ਅਹਿਸਾਸ ਹੈ ਪਰ ਪਿਆਰੇ ! ਇਹ ਜ਼ਿੰਦਗੀ ਸਿਰਫ਼ ਬਾਰ ਵਿਚ ਬੈਠ ਕੇ ਗੁਜ਼ਾਰ ਦੇਣ ਵਾਲੀ ਚੀਜ਼ ਨਹੀਂ । ਜ਼ਰਾ ਸੋਚ ਕਿ ਇਨਸਾਨ ਕਿਉਂ ਜਿਉਂਦਾ ਹੈ ਜਦਕਿ ਉਸਨੂੰ ਪੱਕੀ ਤਰਾਂ ਪਤਾ ਹੈ ਕਿ ਇਕ ਨਾ ਇਕ ਦਿਨ ਉਸਨੇ ਜ਼ਰੂਰ ਮਰਨਾ ਹੈ ? ਕੀ ਮਕਸਦ ਹੈ ਸਾਡੇ ਜਿਉਂਦੇ ਰਹਿਣ ਦਾ? ਇਸ ਸਵਾਲ ਦਾ ਜੁਆਬ ਲੱਭਣ ਦੀ ਕੋਸ਼ਿਸ਼ ਕਰਨਾ ਇਕ ਨਿਰੰਤਰ ਲੜਾਈ ਹੈ ਤੇ ਇਹ ਲੜਾਈ ਲੜਨ ਤੋਂ ਹੱਟ ਜਾਣ ਵਾਲਾ ਇਨਸਾਨ ਤਾਂ ਸਿਰਫ਼ ਜਾਨਵਰਾਂ ਵਾਂਗ ਖਾਂਦਾ ਪੀਂਦਾ ਤੇ ਦਿਨ ਪੂਰੇ ਕਰਦਾ ਹੈ। ਦੇਖ ! ਜ਼ਿੰਦਗੀ ਵਿਚ ਬਹੁਤ ਪਰ੍ਹੇ ਤੋਂ ਪਰ੍ਹੇ ਹਾਦਸੇ ਹੁੰਦੇ ਹਨ।'

'ਯੂ ਨੋਅ, ਗਰੀਬ ਮੁਲਕਾਂ ਵਿਚ ਮਾਪੇ ਆਪਣੇ ਹੱਥੀ ਆਪਣੇ ਬੱਚੇ ਵੇਚਣ ਤੱਕ ਮਜਬੂਰ ਹੋ ਜਾਂਦੇ ਹਨ।' ਫਿਰ ਉਸਨੇ ਦੱਸਿਆ ਕਿ ਉਸਦਾ ਉਹ ਈਸਟ ਇੰਡੀਅਨ ਯੂਨੀਅਨ ਆਰਗੇਨਾਈਜ਼ਰ ਦੋਸਤ ਕੁਝ ਸਾਲ ਪਹਿਲਾਂ ਇੰਡੀਆ ਵਿਚ ਲੋਕਾਂ ਦੇ ਹਿੱਤਾਂ ਦੀ ਖ਼ਾਤਿਰ ਲੜਦਾ ਆਪਣੀ ਜਾਨ ਵਾਰ ਗਿਆ।"

"ਹਾਂ, ਮੈਨੂੰ ਪਤਾ ਹੈ ਉਸਦੇ ਬਾਰੇ ।" ਰਵਿੰਦਰ ਕਾਹਲੀ ਨਾਲ ਬੋਲਿਆ।

"ਯੂ ਨੋਅ, ਡੇਵ ਦੱਸਦਾ ਸੀ ਕਿ ਉਨ੍ਹਾਂ ਦੀ ਸੋਚ ਕੁਝ ਅਜਿਹੀ ਸੀ ਕਿ ਇਹ ਜੀਵਨ ਵਗਦੇ ਪਾਣੀ ਵਾਂਗ ਹੈ , ਇਹ ਕਦੀ ਵੀ ਰੁਕਦਾ ਨਹੀਂ , ਜੇ ਕਰ ਵਗਦਾ ਪਾਣੀ ਰੋਕ ਦੇਈਏ ਤਾਂ ਉਹ ਛੱਪੜ ਬਣ ਜਾਂ ਦਾ ਹੈ ਤਾਂ ਉਸ ਵਿਚੋਂ ਸੜਿਆਂਦ ਆਉਣੀ ਸ਼ੁਰੂ ਹੋ ਜਾਂਦੀ ਹੈ .....ਤੇ ਇਨਸਾਨ ਦੇ ਜਿਉਣ ਦਾ ਅਸਲੀ ਮਕਸਦ ਦੂਸਰਿਆਂ ਦੀ ਜ਼ਿੰਦਗੀ ਨੂੰ ਜਿਉਣਯੋਗ ਬਣਾਉਣ ਲਈ ਸੰਘਰਸ਼ ਕਰਦੇ ਰਹਿਣਾ ਹੈ ਤੇ ਸਾਨੂੰ ਇਸ ਮਕਸਦ ਦੀ ਪੂਰਤੀ ਵੱਲ ਲਗਾਤਾਰ ਕਦਮ ਵਧਾਉਂਦੇ ਰਹਿਣ ਨਾਲ ਹੀ ਤਸੱਲੀ ਮਿਲਦੀ ਹੈ ।........ਬੱਸ ਇਹੀ ਗੱਲ ਮੈਨੂੰ ਹਿੱਟ ਕਰ ਗਈ। ਡੇਵ ਨੇ ਮੈਨੂੰ ਇਹ ਵੀ ਸਮਝਾਇਆ ਕਿ ਥੋੜ੍ਹਾ ਬਹੁਤ ਕਰਨਾ ਬਿਲਕੁਲ ਹੀ ਕੁਝ ਨਾ ਕਰਨ ਨਾਲੋਂ ਕਿਤੇ ਚੰਗਾ ਹੈ ...ਮੈਨੂੰ ਅਖ਼ਬਾਰ ਤੋਂ ਇਸ ਸੰਸਥਾ ਬਾਰੇ ਪਤਾ ਲੱਗਾ ਤਾਂ ਮੈਂ ਇਨ੍ਹਾਂ ਨਾਲ ਸੰਪਰਕ ਕੀਤਾ ਤੇ ਵਲੰਟੀਅਰ ਬਣਨ ਦੀ ਇੱਛਾ ਜ਼ਾਹਿਰ ਕੀਤੀ। ਇਕ ਵਲੰਟੀਅਰ ਟ੍ਰੇਨਿੰਗ ਸੈਮਿਨਾਰ ਦੇ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਜਿਤਨੇ ਕੁ ਲੋਕਾਂ ਤੋਂ ਪੈਸੇ ਉਗਰਾਹੁਣ ਜਾਉ ਉਨ੍ਹਾਂ ਵਿਚੋਂ ਅੱਧੇ ਕੁ ਜ਼ਰੂਰ ਕੁਝ ਨਾ ਕੁਝ ਦੇ ਹੀ ਦਿੰਦੇ ਹਨ ........ਪਰ ਮੈਨੂੰ ਤਾਂ ਅਜੇ ਤੱਕ ਕੋਈ ਸਫ਼ਲਤਾ ਨਹੀਂ ਮਿਲੀ ... ਹੁਣ ਤਾਂ ਹਨੇਰਾ ਵੀ ਕਾਫ਼ੀ ਹੋ ਚੱਲਿਆ ਹੈ ......" ਘੜੀ ਵਲ ਦੇਖਕੇ ਮੁਸਕਰਾਉਣ ਦਾ ਯਤਨ ਕਰਕੇ ਉਠਦਾ ਹੋਇਆ ਜੈਕ ਬੋਲਿਆ।

"ਦਰਅਸਲ, ਮੈਂ ਤਾਂ ਤੁਹਾਡੀ ਸੰਸਥਾ ਨੂੰ ਮਾਇਕ ਸਹਾਇਤਾ ਦੇਣ ਲਈ ਹੀ ਤੁਹਾਨੂੰ ਲੱਭ ਰਿਹਾ ਸੀ। ਤੁਹਾਡੇ ਜਾਣ ਮਗਰੋਂ ਮੈਂ ਜਲਦੀ ਹੀ ਉਹ ਬਰੌਸ਼ਰ ਪੜ੍ਹ ਲਿਆ ਸੀ।" ਘਾਹ ਤੋਂ ਉਠਕੇ ਹੱਥ ਵਿਚ ਫੜਿਆ ਨੋਟ ਜੈਕ ਵਲ ਵਧਾਉਂਦਾ ਰਵਿੰਦਰ ਜ਼ਰਾ ਕਾਹਲੀ ਨਾਲ ਬੋਲਿਆ।

"ਓਅ, ਥੈਂਕ ਯੂ, ਥੈਂਕ ਯੂ " ਕਹਿਕੇ ਜੈਕ ਨੇ ਖ਼ੁਸ਼ੀ ਖ਼ੁਸ਼ੀ ਉਸਦੇ ਹੱਥੋਂ ਨੋਟ ਫੜ ਲਿਆ ਤੇ ਆਪਣੀ ਜੇਬ ਵਿਚੋਂ ਇਕ ਨਿੱਕੀ ਜਿਹੀ ਟਾਰਚ ਕੱਢੀ ਤੇ ਉਸਦੀ ਲੋਅ ਪਲਾਈ ਵੁੱਡ ਦੇ ਬੋਰਡ ਉਪਰ ਪਾਉਂਦੇ ਨੇ ਰਸੀਦ ਕੱਟੀ ਤੇ ਰਵਿੰਦਰ ਨੂੰ ਫੜਾਉਂਦੇ ਹੋਏ ਨੇ ਫਿਰ "ਥੈਂਕ ਯੂ" ਕਿਹਾ।

"ਹੁਣ ਤਾਂ ਤੁਸੀਂ ਘਰ ਨੂੰ ਜਾਓਗੇ ?" ਹਨੇਰੇ ਵਲ ਧਿਆਨ ਮਾਰਦਾ ਰਵਿੰਦਰ ਬੋਲਿਆ।

"ਨਹੀਂ ਨਹੀਂ ..... ਅਜੇ ਤਾਂ ਇਸ ਬਲਾਕ ਦੇ ਸਾਰੇ ਘਰਾਂ ਦੇ ਦਰਵਾਜ਼ੇ ਖੜਕਾ ਕੇ ਹੀ ਜਾਵਾਂਗਾ ...ਚੰਗਾ, ਥੈਂਕ ਯੂ ਅਗੇਨ ਐਂਡ ਗੁੱਡ ਨਾਈਟ " ਇਕ ਤਾਜ਼ੀ ਮੁਸਕਰਾਹਟ ਦੇ ਨਾਲ ਕਹਿੰਦਾ ਹੋਇਆ ਜੈਕ ਅਗਲੇ ਘਰ ਦੀਆਂ ਪੌੜੀਆਂ ਚੜ੍ਹਨ ਲੱਗ ਪਿਆ ਤੇ ਰਵਿੰਦਰ ਨੇ ਦੇਖਿਆ ਕਿ ਉਸਦੇ ਕਦਮਾਂ ਵਿਚ ਅੰਤਾਂ ਦੀ ਚੁਸਤੀ ਆ ਗਈ ਸੀ।

(ਦਰਸ਼ਨ ਸਿੰਘ ਕੈਨੇਡੀਅਨ ਦੇ ਨਾਂ) (ਅਕਤੂਬਰ 1991)



# ਪੰਜ ਕਲਿਆਣੀ

ਸਿਰ ਝੁਕਾਈ ਬੈਠੇ ਹਾਰਡੀ ਨੇ ਉਂਗਲਾਂ ਵਿਚ ਘੁੱਟੀ ਸਿਗਰਟ ਦਾ ਇਕ ਲੰਮਾ ਕਸ਼ ਖਿੱਚਿਆ ਤੇ ਹਵਾ ਵਿਚ ਧੂੰਆਂ ਛੱਡਦਾ ਹੋਇਆ ਸਾਹਮਣੇ ਪਏ ਮੇਜ਼ ਦੇ ਦੂਸਰੇ ਪਾਸੇ ਖ਼ਾਮੋਸ਼ੀ ਦੀ ਮੂਰਤ ਬਣੀ ਬੈਠੀ ਸ਼ੈਲੀ ਵੱਲ ਉਦਾਸ ਜਿਹਾ ਝਾਕਣ ਲਗ ਪਿਆ।

"ਹੋਰ ਕਿਤਨੀ ਕੁ ਦੇਰ ਸੋਚਦਾ ਰਹੇਂਗਾ ? " ਸ਼ੈਲੀ ਨੇ ਖ਼ਾਮੋਸ਼ੀ ਤੋੜਦਿਆਂ ਕਿਹਾ। "ਆਈ ਡੋਂਟ ਨੋਅ ਸ਼ੈਲ !" ਹਾਰਡੀ ਨੇ ਇਕ ਹੋਰ ਕਸ਼ ਖਿੱਚਦਿਆਂ ਢਿੱਲੇ ਜਿਹੇ ਮੂੰਹ ਨਾਲ ਕਿਹਾ।

"ਪਰ ਕਦੇ ਨਾ ਕਦੇ ਤੈਨੂੰ ਬਹਾਦਰ ਬਣਕੇ ਸਟੈੱਪ ਲੈਣਾ ਹੀ ਪੈਣਾ, ਸੂਨਰ ਯੂ ਡੂ, ਬੈਟਰ ਇਟ ਇਜ਼ ।"ਸਿਰ ਦੇ ਕੱਟੇ ਹੋਏ ਕਾਲੇ ਤੇ ਅੱਧੇ ਕੁ ਬਰਾਊਨ ਰੰਗੇ ਹੋਏ ਵਾਲਾਂ ਨੂੰ ਆਪਣੇ ਮੱਥੇ ਤੋਂ ਹਟਾਉਂਦੀ ਹੋਈ ਸ਼ੈਲੀ ਬੋਲੀ। ਸ਼ੈਲੀ, ਜਿਸਦਾ ਪੂਰਾ ਨਾਮ ਸ਼ਾਲਿਨੀ ਸੀ ਯੂਗੰਡਾ ਤੋਂ ਆ ਕੇ ਕੈਨੇਡਾ ਵਸੇ ਇਕ ਭਾਰਤੀ ਮੂਲ ਤੇ ਪ੍ਰੀਵਾਰ ਨਾਲ ਸਬੰਧ ਰੱਖਦੀ ਸੀ।

" ਯਾਅਅ, ਆਈ ਨੋਅ ! ਪਰ ਜਿਸ ਦਿਨ ਭੀ ਮੈਂ ਘਰਦਿਆਂ ਨੂੰ ਦੱਸਿਆ , ਉਸੇ ਦਿਨ ਤੋਂ ਮੇਰਾ ਖਰਚਾ ਪਾਣੀ ਬੰਦ ਹੋ ਜਾਵੇਗਾ, ਅਜੇ ਕੋਰਸ ਪੂਰਾ ਹੋਣ ਵਿਚ ਤਿੰਨ ਮਹੀਨੇ ਰਹਿੰਦੇ ਹਨ।" ਆਖ਼ਰੀ ਕਸ਼ ਦਾ ਧੂੰਆਂ ਛੱਡ ਕੇ ਸਿਗਰਟ ਦਾ ਟੋਟਾ ਐਸ਼ ਟਰੇ ਵਿਚ ਮਸਲਦੇ ਹੋਏ ਹਾਰਡੀ ਨੇ ਕਿਹਾ।

"ਫਿਰ ਕੀ ਹੋਊ ਕੋਈ ਮਾੜਾ ਮੋਟਾ ਪਾਰਟ ਟਾਈਮ ਕੰਮ ਲੱਭ ਲੈ, ਥੋੜ੍ਹੀ ਬਹੁਤੀ ਮੇਰੇ ਕੋਲ ਵੀ ਸੇਵਿੰਗ ਹੈਗੀ ਆ।" ਸ਼ੈਲੀ ਨੇ ਉਸਨੂੰ ਬਾਹੋਂ ਫੜਕੇ ਉਠਾਲਦੀ ਨੇ ਕਿਹਾ, " ਚੱਲ ਹੁਣ ਉਠ ਚਲੀਏ, ਕੈਫੀਟੇਰੀਆ ਬੰਦ ਹੋਣ ਦਾ ਵਕਤ ਹੋ ਚਲਿਐ, ਮੈਂ ਭੀ ਜਾਕੇ ਪਰਸੋਂ ਦੇ ਐਗਜ਼ਾਮ ਦੀ ਤਿਆਰੀ ਕਰਨੀ ਹੈ। "

"ਪਰ ਮੈਂ ਕਿਵੇਂ ਜੁਆਬ ਦੇ ਦੇਵਾਂ ?" ਕੁਰਸੀ ਤੋਂ ਉਠਦਾ ਹਾਰਡੀ ਕਹਿ ਰਿਹਾ ਸੀ, "ਮੇਰੇ ਡੈਡੀ ਦਾ ਗੁੱਸਾ ਬਹੁਤ ਬੁਰਾ ....ਮੈਨੂੰ ਆਪਣੇ ਹਿੱਸੇ ਆਉਂਦੀ ਸਾਰੀ ਪ੍ਰਾਪਰਟੀ ਤੋਂ ਹੱਥ ਧੋਣਾ ਪੈ ਸਕਦਾ। " ਕੈਫੀਟੇਰੀਏ ਤੋਂ ਬਾਹਰ ਆਕੇ ਉਸਨੇ ਠੰਡ ਤੋਂ ਬਚਣ ਲਈ ਹੱਥ ਪੈਂਟ ਦੀਆਂ ਜੇਬਾਂ ਵਿਚ ਪਾ ਲਏ ।

"ਤਾਂ ਤੈਨੂੰ ਮੇਰੇ ਅਤੇ ਆਪਣੇਂ ਹਿੱਸੇ ਆਉਂਦੀ ਪ੍ਰਾਪਰਟੀ ਵਿੱਚੋਂ ਇਕ ਚੀਜ਼ ਨੂੰ ਚੁਣਨਾ ਪਵੇਗਾ। ਮੈਂ ਹੋਰ ਜ਼ਿਆਦਾ ਦੇਰ ਇੰਤਜ਼ਾਰ ਨਹੀਂ ਕਰਨਾ ਚਾਹੁੰਦੀ। " ਕੁਝ ਕਰੜੇ ਲਹਿਜ਼ੇ ਵਿਚ ਕਹਿ ਕੇ ਸ਼ੈਲੀ ਜ਼ਰਾ ਚੁਪ ਹੋ ਗਈ। ਯੂਨੀਵਰਸਿਟੀ ਦੇ ਮਾਲ ਉਪਰ ਦੋਵੇ ਇੱਕ ਦੂਸਰੇ ਦੇ ਬਰਾਬਰ ਤੁਰੇ ਜਾ ਰਹੇ ਸਿਨ। ਥੋੜ੍ਹਾ ਅੱਗੇ ਜਾ ਕੇ ਯੂਨੀਵਰਸਿਟੀ ਵਿਚਲੀ ਰੈਜ਼ੀਡੈਂਸ ਦੀਆਂ ਉੱਚੀਆਂ ਇਮਾਰਤਾਂ ਵਲ ਨੂੰ ਜਾਂਦੇ ਰਾਹ ਉਪਰ ਕੁਝ ਦਰਖ਼ਤ ਹੋਣ ਕਰਕੇ ਬਿਜਲੀ ਦੇ ਖੰਭਿਆਂ ਦੀ ਰੋਸ਼ਨੀ ਜ਼ਰਾ ਘੱਟ ਸੀ।

"ਵੈਸੇ ਮੈਂ ਤੈਨੂੰ ਤੇਰੀ ਪ੍ਰਾਪਰਟੀ ਕਰਕੇ ਨਹੀਂ ਸੀ ਪਿਆਰ ਕੀਤਾ।" ਸ਼ੈਲੀ ਨੇ ਜ਼ਰਾ ਗਿਲਾ ਪ੍ਰਗਟਾਇਆ।

"ਆਈ ਨੋ ਸ਼ੈਲ।"ਪਿਆਰ ਭਰੇ ਰੌਅ ਵਿਚ ਕਹਿਕੇ ਹਾਰਡੀ ਨੇ ਆਪਣੀ ਬਾਂਹ ਨਾਲ ਉਸਦੀ ਬਾਂਹ ਦਵਾਲੇ ਕੰਘੜੀ ਪਾ ਕੇ ਮੁੜ ਹੱਥ ਪੈਂਟ ਦੀ ਜੇਬ ਵਿਚ ਪਾ ਲਿਆ। ਸਮੁੰਦਰ ਵੱਲੋਂ ਇਕ ਠੰਡੀ ਹਵਾ ਦਾ ਬੁੱਲਾ ਆਇਆ ਤੇ ਉਹ ਦੋਵੇਂ ਇਕ ਦੂਸਰੇ ਦੇ ਹੋਰ ਨੇੜੇ ਹੋ ਕੇ ਤੁਰਨ ਲਗ ਪਏ ।

"ਦੇਖ ਜੇਕਰ ਮੈਂ ਤੈਨੂੰ ਛੱਡਣਾ ਹੁੰਦਾ ਤਾਂ ਕਦੋਂ ਦਾ ਛੱਡ ਸਕਦਾ ਸੀ। ਛੇ ਸਾਲ ਹੋ ਚੱਲੇ ਹਨ ਆਪਣੀ ਦੋਸਤੀ ਹੋਈ ਨੂੰ ......ਤੂੰ ਮੇਰੇ ਦਿਲ ਦੀ ਹਾਲਤ ਸਮਝਣ ਦੀ ਕੋਸ਼ਿਸ਼ ਕਰ ।"

"ਮੈਨੂੰ ਪਤਾ ਹੈ ਤੇਰੇ ਦਿਲ ਦਾ, ਯੂ ਹੇਅਰੀ ਮੌਨਸਟਰ, ਜਿਤਨਾ ਤੇਰਾ ਸਰੀਰ ਮਜ਼ਬੂਤ ਹੈ ਦਿਲ ਉਤਨਾ ਹੀ ਕਮਜ਼ੋਰ ਹੈ ..... ਮੈਨੂੰ ਤਾਂ ਸਮਝ ਨਹੀਂ ਆਉਂਦੀ ਜਦੋਂ ਤੂੰ ਪਾਇਲਟ ਬਣ ਗਿਆ ਤਾਂ ਐਡਾ ਵੱਡਾ ਜ਼ਹਾਜ਼ ਉਡਾਉਣ ਢਾ ਤੇਰਾ ਕਿਵੇਂ ਹੌਸਲਾ ਪਵੇਗਾ।" ਉਸਦੀ ਬਾਂਹ ਵਿਚੋਂ ਬਾਂਹ ਕੱਢਕੇ ਉਸਦੇ ਵਾਲਾਂ ਵਿਚ ਫੇਰਕੇ ਮੁੜ ਉਸਦੀ ਬਾਂਹ ਨਾਲ ਕੰਘੜੀ ਪਾਉਂਦੇ ਹੋਏ ਸ਼ੈਲੀ ਨੇ ਕਿਹਾ।

"ਕੋਈ ਨੀ, ਮੈਂ ਕਰਦਾ ਕੁਝ ਨਾ ਕੁਝ ...."

"ਕਿਤਨੀ ਦੇਰ ਹੋ ਗਈ ਆ ਤੈਨੂੰ ਹਾਹੀ ਗੱਲ ਕਹਿੰਦੇ ਨੂੰ ।"ਚਿਹਰੇ ਤੋਂ ਵਰਖਾ ਦੀਆਂ ਨਿੱਕੀਆਂ 2 ਬੂੰਦਾਂ ਪੂੰਝ ਕੇ ਆਕਾਸ਼ ਉਪਰ ਛਾਏ ਬੱਦਲਾਂ ਨੂੰ ਦੇਖਦੀ ਹੋਈ ਸ਼ੈਲੀ ਬੋਲੀ, " ਲਗਦਾ ਹੈ ਕਿ ਜਲਦੀ ਹੀ ਬੜੀ ਜ਼ੋਰ ਦੀ ਵਰਖਾ ਹੋਣ ਵਾਲੀ ਹੈ ।"

"ਆਹੋ, ਸਾਡੇ ਟੱਬਰ ਉਪਰ ਤਾਂ ਜ਼ੋਰਦਾਰ ਬਿਜਲੀ ਡਿੱਗਣ ਵਾਲੀ ਹੈ।" ਚਾਲ ਤੇਜ਼ ਕਰਦਾ ਹੋਇਆ ਹਾਰਡੀ ਕੁਝ ਮਜ਼ਾਕ ਨਾਲ ਬੋਲਿਆ।

"ਹੈਦਾਂ ਦੀਆਂ ਬਥੇਰੀਆਂ ਆਉਂਦੀਆਂ ਤੈਨੂੰ , ਮਤਲਬ ਦੀ ਗੱਲ ਕਰਨ ਵੇਲੇ ਤੇਰੇ ਮੂੰਹ ਨੂੰ ਜਿੰਦਰਾ ਵੱਜ ਜਾਂਦਾ।" ਸ਼ੈਲੀ ਨੇ ਉਸਦਾ ਮਜ਼ਾਕ ਸਮਝਦੇ ਹੋਏ ਕੁਝ ਹੱਸ ਕੇ ਕਿਹਾ। ਫਿਰ ਜ਼ਰਾ ਸੰਜੀਦਗੀ ਨਾਲ ਬੋਲੀ, "ਤੇਰੀ ਫੈਮਿਲੀ ਨਾਲੋਂ ਤਾਂ ਮੈਨੂੰ ਦੂਸਰਿਆਂ ਦਾ ਫਿਕਰ ਹੈ, ਕਿੰਝ ਬੀਤੇਗੀ ਉਨ੍ਹਾਂ ਉਪਰ ?"

ਇਤਨੇ ਨੂੰ ਯੂਨੀਵਰਸਿਟੀ ਰੈਜ਼ੀਡੈਂਸ ਦੀ ਬਿਲਡਿੰਗ ਆ ਗਈ । ਅਤੇ ਐਲਾਵੇਟਰ ਵਿਚਲਾ ਬਟਨ ਦੱਬ ਕੇ "ਬਾਏ, ਸੀਅ ਯੂਅ " ਕਹਿਕੇ ਸ਼ੈਲੀ ਉਪਰ ਵਲ ਚੜ੍ਹ ਗਈ ਅਤੇ ਹਾਰਡੀ ਪਾਰਕਿੰਗ ਲਾਟ ਵਲ ਨੂੰ ਤੁਰ ਪਿਆ।

ਕਾਰ ਚਲਾਉਂਦਾ ਹੋਇਆ ਹਾਰਡੀ, ਜਿਸਦਾ ਪੂਰਾ ਨਾਮ ਹਰਦੀਪ ਸਿੰਘ ਸੀ, ਯਾਦ ਕਰ ਰਿਹਾ ਸੀ ਕਿ ਕਿਵੇਂ ਛੇ ਸੱਤ ਸਾਲ ਪਹਿਲਾਂ ਇਸ ਸ਼ਹਿਰ ਤੋਂ ਤਕਰੀਬਨ ਸੱਤ ਸੌ ਮੀਲ ਦੂਰ ਇਕ ਸ਼ਹਿਰ ਵਿਚ ਸ਼ੈਲੀ ਅਤੇ ਹਾਰਡੀ ਦੋਵੇਂ ਇੱਕੋ ਹਾਈ ਸਕੂਲ ਵਿਚ ਪੜ੍ਹਦੇ



ਸਨ। ਇਨ੍ਹਾਂ ਦੋਨਾਂ ਦੇ ਮਾਂ ਬਾਪ ਅਜੇ ਭੀ ਉਸ ਸ਼ਹਿਰ ਵਿਚ ਹੀ ਰਹਿੰਦੇ ਹਨ। ਸ਼ੈਲੀ ਹੁਰਾਂ ਦਾ ਇਕ ਛੋਟਾ ਜਿਹਾ ਕੱਪੜਿਆਂ ਦਾ ਸਟੋਰ ਹੈ ਤੇ ਹਾਰਡੀ ਦਾ ਬਾਪ ਇਕ ਕਾਰਾਂ ਮੁਰੰਮਤ ਕਰਨ ਵਾਲੀ ਵੱਡੀ ਸਾਰੀ ਗੈਰਜ ਦਾ ਮਾਲਿਕ ਹੈ ।

ਹਾਈ ਸਕੂਲ ਵਿਚ ਇਨ੍ਹਾਂ ਦੀ ਦੋਸਤੀ ਗੂਹੜੀ ਹੁੰਦੀ ਗਈ। ਦੋਨੋਂ ਇਕ ਦੂਸਰੇ ਦੇ ਘਰ ਭੀ ਆ ਜਾ ਜਾਂਦੇ ਸਨ। ਹਾਰਡੀ ਵੈਸੇ ਕਾਫ਼ੀ ਸ਼ਰਮੀਲਾ ਹੁੰਦਾ ਸੀ ਤੇ ਹੋਰ ਕਿਸੇ ਨਾਲ ਘੱਟ ਹੀ ਗੱਲ ਕਰਦਾ ਸੀ । ਉਸ ਤੋਂ ਦੋ ਤਿੰਨ ਵਰ੍ਹੇ ਛੋਟਾ ਭਰਾ ਗੁਰਦੀਪ, ਜਿਸਨੂੰ ਗੋਰਡੀ ਕਹਿੰਦੇ ਸਨ, ਭੀ ਬੜਾ ਭੋਲਾ ਜਿਹਾ ਸੀ। ਦੋਨੋਂ ਭਰਾ ਮਾਂ ਬਾਪ ਦੇ ਬੜੇ ਕਹਿਣੇਕਾਰ ਸਨ। ਬਾਪ ਨੂੰ ਤਾਂ ਗੈਰਜ ਤੋਂ ਹੀ ਵਿਹਲ ਨਹੀਂ ਸੀ ਮਿਲਦੀ, ਕੰਮ ਚੰਗਾ ਚਲਦਾ ਸੀ। ਉਸਨੇ ਗੈਰਜ ਦੇ ਆਲੇ ਦੁਆਲੇ ਦੀਆਂ ਕੁਝ ਦੁਕਾਨਾਂ ਖਰੀਦ ਕੇ ਕਿਰਾਏ ਉਪਰ ਦੇ ਦਿੱਤੀਆਂ ਸਨ ਤੇ ਇਕ ਘਰ ਭੀ ਹੋਰ ਲੈ ਲਿਆ ਸੀ। ਬਾਪ ਪਹਿਲਾਂ ਭਾਵੇਂ ਕਲੀਨ ਸੇਵ ਸੀ ਪਰ ਫਿਰ ਭੀ ਕਾਫ਼ੀ ਧਾਰਮਿਕ ਖ਼ਿਆਲਾਂ ਦਾ ਸੀ, ਤੇ ਹੁਣ ਕੁਝ ਸਾਲਾਂ ਤੋਂ ਉਸਨੇ ਦਾੜ੍ਹੀ ਕੇਸ ਰੱਖ ਲਏ ਸਨ ਅਤੇ ਗੁਰਦਵਾਰੇ ਦੀ ਸਿਆਸਤ ਵਿਚ ਭੀ ਜ਼ਰਾ ਪੈਰ ਰਖਦਾ ਸੀ।

ਮਾਂ ਭਾਵੇਂ ਘੱਟ ਪੜ੍ਹੀ ਲਿਖੀ ਸੀ ਪਰ ਦੋਨਾਂ ਮੁੰਡਿਆਂ ਦਾ ਬੜਾ ਖਿਆਲ ਰੱਖਦੀ ਸੀ। ਜਦੋਂ ਕੁ ਮੁੰਡੇ ਜ਼ਰਾ ਜਵਾਨ ਹੋਏ ਤਾਂ ਉਨ੍ਹਾਂ ਅਕਸਰ ਕਹਿਣਾ ਸ਼ੁਰੂ ਕਰ ਦਿੱਤਾ, "ਪੁੱਤ ਆਪਣੀ ਕੁੜੀ ਨਾਲ ਹੀ ਵਿਆਹ ਕਰਵਾਉਣਾ, ਓ.ਕੇ. !" ਤੇ ਇਸੇ ਲਈ ਆਪਣੇ ਕਲਚਰ ਤੋਂ ਜਾਣੂੰ ਕਰਵਾਉਣ ਲਈ ਮਾਂ ਬਾਪ ਹਰ ਐਤਵਾਰ ਮੱਲੋਮੱਲੀ ਉਨਾਂ ਨੂੰ ਗੁਰਦਵਾਰੇ ਲੈ ਜਾਂਦੇ ਸਨ। ਪਰ ਦੋਹਾਂ ਭਰਾਵਾਂ ਨੂੰ ਉੱਥੇ ਕਿਸੇ ਗੱਲ ਦੀ ਸਮਝ ਨਾ ਪੈਂਦੀ। ਨਾ ਕੀਰਤਨ ਕਰਦੇ ਹੋਏ ਰਾਗੀਆਂ ਦੀ ਤੇ ਨਾ ਉੱਥੇ ਦੀ ਸਿਆਸਤ ਦੀ । ਪਰ ਘਰਦਿਆਂ ਨੂੰ ਤਸੱਲੀ ਸੀ ਕਿ ਬੱਚੇ ਆਪਣੇ ਕਲਚਰ ਨੂੰ ਸਮਝਦੇ ਹਨ ਤੇ ਉਨਾਂ ਦੇ ਕਹਿਣੇ ਵਿਚ ਹੀ ਰਹਿਣਗੇ।

ਤੇ ਹਾਈ ਸਕੂਲ ਦੇ ਆਖਰੀ ਸਾਲ ਦੌਰਾਨ ਜਦੋਂ ਸ਼ੈਲੀ ਦੀ ਆਵਾਜਾਈ ਉਨਾਂ ਦੇ ਘਰ ਕੁਝ ਵੱਧ ਗਈ ਤਾਂ ਇਕ ਦਿਨ ਹਾਰਡੀ ਦੀ ਮਾਂ ਨੇ ਉਸਦੇ ਬਾਪ ਕੋਲ ਚਿੰਤਾ ਜ਼ਾਹਿਰ ਕੀਤੀ । ਬਾਪ ਨੇ ਸਿੱਧਾ ਹੀ ਹਾਰਡੀ ਨੂੰ ਕਹਿ ਦਿੱਤਾ, "ਖ਼ਬਰਦਾਰ ਉਏ ਜੇ ਮੁੜਕੇ ਉਸ ਗਿੱਠੀ ਜਿਹੀ ਗੁਜਰਾਤਣ ਨੂੰ ਮਿਲਿਆ ਤਾਂ! ਸਾਲਿਆ, ਛਿੱਤਰ ਮਾਰ ਮਾਰ ਕੇ ਘਰੋਂ ਕੱਢ ਦਊਂ ਤੈਨੂੰ ।" ਉਸ ਦਿਨ ਬਾਪ ਦਾ ਗੁੱਸਾ ਦੇਖ ਕੇ ਦੋਵੇਂ ਭਰਾ ਕਾਫ਼ੀ ਸਹਿਮ ਗਏ ਸਨ।

ਹਾਈ ਸਕੂਲ ਮੁਕ ਗਿਆ ਤੇ ਹਾਰਡੀ ਕਾਫ਼ੀ ਉਦਾਸ ਰਹਿਣ ਲਗ ਪਿਆ। ਬਾਪ ਨੇ ਉਸਨੂੰ ਕਿਹਾ ਕਿ ਜੇਕਰ ਹੋਰ ਅੱਗੇ ਨਹੀਂ ਪੜ੍ਹਨਾ ਤਾਂ ਮੇਰੇ ਨਾਲ ਗੈਰਾਜ ਵਿਚ ਕੰਮ ਕਰਵਾਇਆ ਕਰ । ਪਰ ਹਾਰਡੀ ਦਾ ਮਨ ਕਿਸੇ ਪਾਸੇ ਨਾ ਖੁੱਭਦਾ। ਘਰ ਬੈਠਾ ਬੇਮਤਲਬ ਟੀ.ਵੀ. ਹੀ ਦੇਖਦਾ ਰਹਿੰਦਾ। ਹੌਲੀ 2 ਉਸਨੇ ਹੈਲਥ ਸਪਾਅ ਜਾਣਾ ਸ਼ੁਰੂ ਕਰ ਦਿੱਤਾ। ਓਥੇ ਕਸਰੰਤ ਕਰਦੇ ਦਾ ਮਨ ਹੋਰ ਪਾਸੇ ਪੈ ਜਾਂਦਾ। ਉਸਦੇ ਦੋ ਕੁ ਸਾਥੀ ਮੁੰਡੇ ਭੀ ਉੱਥੇ ਜਾਂਦੇ ਸਨ। ਉਹ ਕਸਰਤ ਕਰਨ ਤੋ ਬਾਦ ਨਹਾ ਧੋ ਕੇ , ਸਾਫ਼ ਕੱਪੜੇ ਪਾ ਕੇ ਜਦੋਂ ਬਾਹਰ ਨਿਕਲਕੇ ਸਿਗਰਟ ਦਾ ਲੰਮਾ ਕਸ਼ ਖਿੱਚਦੇ ਤਾਂ ਹਾਰਡੀ ਨੂੰ ਬੜੇ ਵਧੀਆ ਲਗਦੇ। ਤੇ ਧੀਰੇ ਧੀਰੇ ਹਾਰਡੀ ਭੀ ਉਨਾਂ ਨਾਲ ਮਿਲਕੇ ਸਿਗਰਟਾਂ ਪੀਣ ਲਗ ਪਿਆ ਸੀ। ਸਿਗਰੰਟ ਦਾ ਕਸ਼ ਖਿੱਚਕੇ ਉਸਨੂੰ ਇਕ ਕਿਸਮ ਦੀ ਮਾਨਸਿਕ ਰਾਹਤ ਮਿਲਦੀ। ਪਰ ਆਪਣੀ ਇਸ ਆਦਤ

ਦਾ ਉਸਨੇ ਘਰਦਿਆਂ ਨੂੰ ਹਰਗਿਜ਼ ਪਤਾ ਨਹੀਂ ਲਗਣ ਦਿਤਾ ਸੀ।

ਕੁਝ ਕੁ ਮਹੀਨੇ ਇਸੇ ਤਰਾਂ ਚਲਦਾ ਰਿਹਾ ਤੇ ਇਕ ਦਿਨ ਉਸਦੇ ਮਾਂ ਬਾਪ ਨੇ ਉਸਨੂੰ ਉਸਦੀ ਇੰਗਲੈਂਡ ਵਸਦੀ ਭੂਆ ਨੂੰ ਜਾ ਮਿਲ ਆਉਣ ਦੀ ਸਲਾਹ ਦਿੱਤੀ। ਵੈਸੇ ਉਨ੍ਹਾਂ ਦੇ ਹੋਰ ਨਜ਼ਦੀਕੀ ਰਿਸ਼ਤੇਦਾਰ ਅਸਟ੍ਰੇਲੀਆ ਤੇ ਅਫ਼ਰੀਕਾ ਵਿਚ ਭੀ ਵਸਦੇ ਸਨ ਪਰ ਕਿਉਂਕਿ ਮਾਂ ਬਾਪ ਨੇ ਇਨਾਂ ਨੂੰ ਪਹਿਲਾਂ ਕਿਤੇ ਇਕੱਲੇ ਜਾਣ ਨਹੀਂ ਸੀ ਦਿੱਤਾ ਇਸ ਕਰਕੇ ਇੰਗਲੈਂਡ ਬਾਕੀਆਂ ਤੇ ਨੇੜੇ ਹੋਣ ਕਰਕੇ ਉੱਥੇ ਨੂੰ ਭੇਜਣ ਦਾ ਹੀਆਂ ਕੱਢਣਾ ਉਨਾਂ ਲਈ ਜ਼ਰਾ ਆਸਾਨ ਸੀ। ਵੈਸੇ ਹਾਰਡੀ ਤੋਂ ਚੋਰੀ ਉਨਾਂ ਨੇ ਉਸਦੀ ਭੂਆ ਗੁਰਦੇਵ ਕੌਰ ਨੂੰ ਫ਼ੋਨ ਉਪਰ ਸੱਭ ਕੁਝ ਸਮਝਾ ਦਿੱਤਾ ਸੀ, ਤੇ ਸ਼ਾਇਦ ਇਸੇ ਕਰਕੇ ਜਦੋਂ ਹਾਰਡੀ ਸਾਊਥਾਲ ਪਹੁੰਚਿਆ ਤਾਂ ਉਸਨੂੰ ਜਾਪਿਆ ਕਿ ਉਸਦੇ ਆਉਣ ਬਾਰੇ ਅੱਧੇ ਇੰਗਲੈਂਡ ਨੂੰ ਖ਼ਬਰ ਮਿਲ ਚੁਕੀ ਸੀ।

ਇਤਨੇ ਨੂੰ ਹਾਰਡੀ ਦਾ ਅਪਾਰਟਮੈਂਟ ਆ ਗਿਆ ਤੇ ਕਾਰ ਖੜੀ ਕਰਕੇ ਕਿਤਾਬਾਂ ਵਾਲਾ ਬੈਗ ਚੁੱਕਕੇ ਉਹ ਅੰਦਰ ਚਲਾ ਗਿਆ। ਫਰਿਜ ਵਿਚੋਂ ਕੱਢਕੇ ਦੁੱਧ ਦਾ ਗਲਾਸ ਪੀਤਾ ਅਤੇ ਬਗੈਰ ਕੱਪੜੇ ਬਦਲੇ ਉਹ ਟੀ.ਵੀ.ਲਗਾਕੇ, ਉਹ ਸੋਫ਼ੇ ਉਪਰ ਅੱਧ ਲੇਟਾ ਜਿਹਾ ਹੋ ਗਿਆ। ਕੁਝ ਦੇਰ ਬਾਦ ਉਸਨੇ ਟੀ.ਵੀ. ਦੀ ਆਵਾਜ਼ ਬੰਦ ਕਰ ਦਿੱਤੀ ਅਤੇ ਸਿਗਰਟ ਸੁਲਘਾ ਕੇ ਅੱਜ ਦੀ ਸ਼ਾਲਿਨੀ ਨਾਲ ਹੋਈ ਮੁਲਾਕਾਤ ਬਾਰੇ ਸੋਚਣ ਲਗ ਪਿਆ।

ਤੇ ਐਨ ਉਸੇ ਵੇਲੇ ਉਧਰ ਗੋਗੀ ਦੀ ਮਾਂ ਪ੍ਰੀਤਮ ਕੌਰ ਆਪਣੇ ਘਰ ਆਈਆਂ ਪ੍ਰਾਹੁਣੀਆਂ ਨੂੰ ਸੂਟ ਕੇਸ ਵਿਚੋਂ ਕੱਢ ਕੇ ਨਵੇਂ ਨਵੇਂ ਕੱਪੜੇ ਦਿਖਾ ਰਹੀ ਸੀ।

"ਆਹ ਮੈਂ ਗੋਗੀ ਦੀ ਸੱਸ ਲਈ ਖਰੀਦਿਆ, ਆਹ ਉਹਦੀ ਪਤੀਸ ਲਈ ਤੇ ਆਹ ਮਲੇਸ ਲਈ।"

"ਸੁੱਖ ਨਾਲ ਚੰਗੇ ਸਾਕ ਟੱਕਰ ਗਏ ਤੁਹਾਨੂੰ ਪ੍ਰੀਤੋ", ਸੂਟ ਦਾ ਕੱਪੜਾ ਸਿੱਧਾ ਕਰਕੇ ਦੇਖਦੀ ਹੋਈ ਉਨਾਂ ਵਿਚੋਂ ਇਕ ਜਣੀ ਕਹਿ ਰਹੀ ਸੀ, "ਉਦਾਂ ਹੁਣ ਤਾਂ ਇੰਡੀਆ ਭੀ ਕੱਪੜਾ ਵਧੀਆ ਮਿਲਣ ਲਗ ਪਿਆ।"

"ਨੀਂ ਮੈਂ ਦੇਣ ਲੈਣ ਵਾਲੇ ਸਾਰੇ ਇੱਥੋਂ ਹੀ ਬਣਵਾਏ, ਪਰ ਗੋਗੀ ਦੇ ਪਾਉਣ ਵਾਲੇ ਸਾਰੇ ਉੱਥੋਂ ਕਢਵਾ ਕੇ ਲਿਆਈ ਹਾਂ। ਉਥੇ ਕਢਾਈ ਬੜੀ ਸਸਤੀ ਪੈਂਦੀ ਆ। ਤੇ ਗਹਿਣੇ ਤਾਂ ਮੈ ਹਰ ਵਾਰੀ ਇੰਡੀਆ ਤੋਂ ਆਉਂਦੀ ਹੋਈ ਆਪਣੇ ਨਾਲ ਲੈ ਆਉਂਦੀ ਰਹੀ ਤੇ ਬਾਕੀ ਕੁਸ਼ ਇੱਥੋਂ ਬਣਵਾ ਲਏ।" ਪ੍ਰੀਤਮ ਕੌਰ ਜੋ ਅਜੇ ਤਿੰਨ ਕੁ ਦਿਨ ਪਹਿਲਾਂ ਹੀ ਉਚੇਚੇ ਤੌਰ ਤੇ ਇੰਡੀਆ ਤੋਂ ਵਿਆਹ ਲਈ ਸ਼ਾਪਿੰਗ ਕਰਕੇ ਆਈ ਸੀ , ਖੁਸ਼ੀ ਖੁਸ਼ੀ ਦੱਸ ਰਹੀ ਸੀ, "ਅਸੀਂ ਕਿਹੜਾ ਬੌਹਤੀਆਂ ਵਿਔਣੀਆਂ, ਇੱਕੋ ਈ ਤਾਂ ਹੈ ......।"

"ਨਾ ਹੁਣ ਤਸੀਂ ਜਗਪਾਲ ਦਾ ਕਦੋਂ ਕੁ ਕਰਨਾ ਆ ?" ਵਿਚੋਂ ਇਕ ਜਣੀ ਬੋਲੀ।

"ਬੱਸ ਗੋਗੀ ਤੋਂ ਵਿਹਲੇ ਹੋ ਕੇ ਉਹਦਾ ਹੀ ਕਰਨਾ, ਲੋਕ ਤਾਂ ਬੜੀ ਦੇਰ ਦੇ ਪੁੱਛਦੇ



ਆ, ਪਰ ਅਸੀਂ ਚੌਂਹਦੇ ਸੀ ਕਿ ਪਹਿਲਾਂ ਕੁੜੀ ਦਾ ਕੰਮ ਨਿੱਬੜ ਜਾਵੇ।"

"ਆਹੋ ਨੀ, ਅੱਜਕੱਲ ਚੰਗੇ ਮੁੰਡੇ ਕਿਹੜਾ ਮਿਲਦੇ ਆ, ਨਾ ਈ ਕੋਈ ਕਿਸੇ ਦੇ ਕਹੇ ਲਗਦਾ ਵਿਆਹ ਕਰੌਣ ਨੂੰ ।" ਦੂਸਰੀ ਜਣੀ ਬੋਲੀ।

"ਉਦਾਂ ਪ੍ਰੀਤੋ ਕੁੜਮਾਈ ਤੋਂ ਬਾਦ ਐਨਾ ਨੀ ਰੁਕੀਦਾ ਵਿਆਹ ਲਈ, ਅੱਜ ਕੱਲ ਤੈਨੂੰ ਜ਼ਮਾਨੇ ਦਾ ਪਤਾ? "

"ਨੀਂ ਅਸੀਂ ਤਾਂ ਬਹੁਤ ਜ਼ੋਰ ਪੌਂਦੇ ਸੀ, ਪੈਹਲਾਂ ਤਾਂ ਦੇਬੋ ਈ ਕੈਂਹਦੀ ਰਹੀ ਪਈ ਮੁੰਡਾ ਅਜੇ ਜਰਾ ਨਿਆਣਾ ਆ- ਘਰ ਦਾ ਕਾਰੋਬਾਰ ਸਾਂਭਣ ਲਗ ਪਵੇ ਫੇਅ ਕਰਾਂਗੇ । ਫੇਰ ਪਤਾ ਲਗਾ ਕਿ ਐਥੋਂ ਜਾਕੇ ਓਹਨੇ ਕੋਈ ਜਹਾਜ਼ਾਂ ਦਾ ਕੋਰਸ ਸ਼ੁਰੂ ਕਰ ਲਿਆ, ਆਹ ਦੋਂਹ ਤਿੰਨਾਂ ਮਹੀਨਿਆਂ ਨੂੰ ਮੁੱਕਣਾ, ਤਾਂਹੀ ਫੇ ਬਿਆਹ ਓਦੂੰ ਮਗਰੋਂ ਦਾ ਰੱਖਿਆ, ਰਾਣੀਹਾਰ ਵਾਲਾ ਡੱਬਾ ਖੋਲ੍ਹਦੀ ਹੋਈ ਪ੍ਰੀਤੋ ਕਹਿ ਰਹੀ ਸੀ, "ਜ੍ਹੇੜੀ ਤਰੀਕ ਦਾ ਓਹ ਕੈਂਹਦੇ ਸੀ ਉਦਣ ਨੂੰ ਉਹ ਗੌਣ ਵਾਲਾ ਨੀ ਸੀ ਬੇਹਲਾ। ਗੋਗੀ ਦਾ ਡੈਡੀ ਕੈਂਹਦਾ ਪਈ ਪਾਰਟੀ ਤੇ ਉਹਨੂੰ ਈ ਸੱਦਣਾ ਬਰਮੀਗਮ ਵਾਲੇ ਸਟਾਰ ਨੂੰ , ਇਕ ਵਾਰੀ ਤਾਂ ਸਾਰਾ ਸੌਥਹਾਲ ਚੇਤੇ ਕਰੂਗਾ। ਬੱਸ ਹੈਦਾਂ ਕਰਕੇ ਦੋ ਬੀਕਾਂ ਗਾਹਾਂ ਦਾ ਰੱਖਣਾ ਪਿਆ।"

"ਨੀਂ ਆਹ ਛਾਪਾਂ ਕਿਨ੍ਹਾਂ ਲਈ ਆ?" ਦੂਸਰੇ ਡੱਬੇ ਵਿਚੋਂ ਇਕ ਜਣੀ ਮੁੰਦਰੀ ਘੁਮਾ ਕੇ ਪਰਖਦੀ ਹੋਈ ਬੋਲੀ।

"ਏਹੋ ਗੋਗੀ ਦੇ ਅਸਟ੍ਰੇਲੀਏ ਵਾਲੇ ਪਤਿਔਰੇ ਲਈ, ਆਹ ਦੂਈ ਫ਼ਰੀਕਾ ਵਾਲੇ ਲਈ। "

"ਆਹੋ ਨੀ, ਮੈਂ ਤਾਂ ਸੁਣਿਐਂ ਵਿਆਹ ਤੇ ਪ੍ਰਾਹੁਣੇ ਈ ਕਈਆਂ ਮੁਲਖ਼ਾਂ ਤੋਂ ਔਣੇ ਆ।" ਇਕ ਜਣੀ ਬੋਲੀ।

"ਫੇਅ ਬਈ ਅਗਲਿਆਂ ਦੇ ਪੈਹਲਾ 2 ਵਿਆਹ ਆ, ਟੱਬਰ ਸੁਖ ਨਾਲ ਸਾਰੇ ਥਾਈਂ ਆ। ਮੁੰਡੇ ਦੇ ਬਾਬੇ ਨੇ ਇੰਡੀਆ ਤੋਂ ਔਣੈਂ , ਦੇਬੋ ਦੇ ਇਕ ਭਰਾ ਨੇ ਅਸਟ੍ਰੇਲੀਆ ਤੋਂ ਤੇ ਦੂਜੇ ਨੇ ਕੀਨੀਆਂ ਤੋਂ ਔਣੈਂ । ਦੇਬੋ ਨੇ ਕਈ ਸਾਰਾ ਸਾਮਾਨ ਸਾਡੇ ਘਰ ਰਖ ਦੇਣਾ।' ਗੁਰਦੇਵ ਕੌਰ ਦੀ ਗੁਆਂਢਣ ਕਹਿ ਰਹੀ ਸੀ।

"ਨੀਂ ਉਹਦਾ ਪ੍ਰਾਹੁਣਾ ਹੁਣ ਤਾਂ ਨੀ ਲੜਦਾ ਉਹਦੇ ਨਾਲ ?"

"ਹੈਦਾਂ ਈ ਆ ਜਦੋਂ ਪੀ ਪੂ ਲੈਂਦਾ ਬਥੇਰੇ ਚੰਦ ਚਾੜ੍ਹਦਾ!"

"ਨਾਂ ਹੁਣ ਤਾਂ ਉਹਦੇ ਨਿਆਣੇ ਭੀ ਤਕੜੇ ਆ, ਹਾਲੇ ਭੀ ਇਦਾਂ ਈ ਕਰਦਾ?"

"ਮੁੰਡਾ ਤਾਂ ਘਰੇ ਈ ਘੱਟ ਵੱਧ ਵੜਦਾ, ਕੰਨ 'ਚ ਆਹ ਕਾਂਟਾ ਜਿਹਾ ਪਾਇਆ ਆ, ਪਤਾ ਨੀ ਆਹ ਗੌਣ ਗੂਣ ਵਾਲਿਆਂ ਨਾਲ ਈ ਰਹਿੰਦੈ ਕਿਤੇ, ਕੁੜੀ ਕਾਲਜ ਪਾਸ

ਕਰਕੇ ਖਬਨੀ ਕਿਤੇ ਸੋਸ਼ਲ ਸਕੋਰਟੀ ਵਾਲਿਆਂ ਨਾਲ ਕੰਮ ਕਰਦੀ ਆ। ਉਦਾਂ ਚੰਗੀ ਆ ਬਚਾਰੀ, ਨਹੀਂ ਤਾਂ ਕੁੜੀਆਂ ਦਾ ਤਾਂ ਤੈਨੂੰ ਪਤਾ ਈ ਆ, ਕਿੰਨੇ ਚੰਦ ਚਾੜ੍ਹਦੀਆਂ ।"ਗੁਆਢਣ ਦੱਸ ਰਹੀ ਸੀ।

"ਅਸੀਂ ਭੀ ਤਾਂਹੀ ਕਾਹਲੇ ਸੀ " ਪ੍ਰੀਤੋ ਕਹਿ ਰਹੀ ਸੀ, "ਏਸੇ ਕਰਕੇ ਗੋਗੀ ਦੇ ਡੈਡੀ ਨੇ ਜਦੋਂ ਸਾਨੂੰ ਪੈਹਲੀ ਵਾਰ ਮੰਗਾਇਆ ਸੀ ਤਾਂ ਜਗਪਾਲ ਨੂੰ ਇਥੇ ਰੱਖਕੇ ਮੈਨੂੰ ਤੇ ਗੋਗੀ ਨੂੰ ਇੰਡੀਆ ਮੋੜ ਦਿੱਤਾ ਸੀ, ਕੈਂਹਦਾ ਪਈ ਮੈਂ ਕੁੜੀ ਇਥੇ ਦੇ ਸਕੂਲਾਂ 'ਚ ਨੀ ਪੜ੍ਹੌਣੀ। ਫੇ ਜਦੋਂ ਗੋਗੀ ਇੰਡੀਆ ਵਿਚ ਬਾਰ੍ਹਮੀਂ 'ਚ ਹੋਈ ਤਾਂ ਮੈਨੂੰ ਤੇ ਗੋਗੀ ਨੂੰ ਇੱਥੇ ਸੱਦ ਲਿਆ, ਕੈਂਹਦਾ ਕੁੜੀਆਂ ਉੱਥੇ ਕਾਲਜਾਂ 'ਚ ਵਿਗੜ ਜਾਂਦੀਆਂ। ਐਥੇ ਆਕੇ ਭੀ ਗੋਗੀ ਗਾਂਹਾਂ ਪੜ੍ਹਨਾ ਚੌਂਹਦੀ ਸੀ ਪਰ ਏਹ ਉਹਦਾ ਵਿਆਹ ਕਰਨ ਨੂੰ ਕਾਹਲਾ ਸੀ। ਉਹ ਤਾਂ ਮੁੰਡੇ ਵਾਲਿਆਂ ਕਰਕੇ ਸਾਨੂੰ ਐਨੀ ਦੇਰ ਅਟਕਣਾ ਪਿਆ, ਇਹ ਤਾਂ ਉਦ ਦਾ ਈ ਜ਼ੋਰ ਪੌਂਦਾ ਸੀ।"

"ਚਲ ਉਦਾਂ ਤਾਂ ਖ਼ਰਾ ਹੋਇਆ,ਗੋਗੀ ਨੇ ਦੋ ਸਾਲ ਕੰਮ ਕਰਕੇ ਵਿਆਹ ਜੋਗੇ ਪੈਸੇ ਜੋੜ ਲਏ ।"

"ਉਹ ਤਾਂ ਅਸੀਂ ਸਾਰੇ ਏਹਨੂੰ ਈ ਦੇ ਦੇਣੇ ਆਂ। ਵਿਆਹ ਤਾਂ ਸਾਰਾ ਆਪਣੇ ਕੋਲੋਂ ਕਰਾਂਗੇ। " ਸੂਟਕੇਸ ਬੰਦ ਕਰਦੀ ਹੋਈ ਪ੍ਰੀਤੋ ਕਹਿ ਰਹੀ ਸੀ, ਏਦ੍ਹਾ ਡੈਡੀ ਕੈਂਹਦਾ ਕਿ ਕੁੜੀ ਦੇ ਵਿਆਹ 'ਚ ਕੋਈ ਕਸਰ ਨਾ ਰਹੇ ਨਹੀਂ ਤਾਂ ਜਦ ਅਸੀਂ ਜਗਪਾਲ ਬਿਐਣਾਂ ਤਾਂ ਲੋਕਾਂ ਨੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਣੌਣੀਆਂ। "

"ਮੈਂ ਸੁਣਿਐਂ ਗੋਗੀ ਦਾ ਬਾਬਾ ਭੀ ਇੰਡੀਆ ਤੋਂ ਆਉਣੈਂ ਵਿਆਹ ਦੇਖਣ?" ਦੇਬੋ ਦੀ ਗਵਾਢਣ ਬੋਲੀ।

"ਆਹੋ ਗੋਗੀ ਦਾ ਡੈਡੀ ਤਾਂ ਕੈਂਹਦਾ ਸੀ ਪਈ ਭਾਈਏ ਨੂੰ ਜਗਪਾਲ ਦੇ ਵਿਆਹ ਤੇ ਸੱਦਾਂਗੇ ਪਰ ਇਹ ਕੈਂਹਦੀ ਕਿ ਮੈਂ ਤਾਂ ਆਪਣੇ ਵਿਆਹ ਤੇ ਬਾਬੇ ਨੂੰ ਜ਼ਰੂਰ ਸੱਦਣਾ, ਕੈਂਹਦੀ ਜੇ ਤੁਸੀਂ ਨੀ ਸੱਦਣਾ ਤਾਂ ਮੈਂ ਆਪਣੇ ਕੋਲੋਂ ਟਿਕਟ ਭੇਜਣ ਲੱਗੀ ਆਂ .....ਬਹੁਤ ਤੇਹ ਕਰਦੀ ਆ ਬਾਬੇ ਦਾ।"

'ਆਹੋ ਜੀ, ਪਾਲੀ ਭੀ ਤਾਂ ਉਹਨੇ ਈ ਆ, ਮਹਿੰਦਰ ਸੂੰ ਤਾਂ ਜਦ ਦਾ ਐਥੇ ਆਇਆ ਕਦੀ ਮੁੜ ਕੇ ਦੇਸ ਈ ਨੀ ਗਿਆ। ਸਗੋਂ ਤੁਹਾਨੂੰ ਦੋਂਹ ਸਾਲੀਂ ਗੇੜਾ ਮਾਰਨਾ ਪੈਂਦਾ ਰਿਹਾ ......ਖ਼ਰਾ ਭੈਣੇ, ਸੁਖ ਪਾਓਗੇ, ਕੁੜੀ ਤੁਹਾਡੇ ਕਹਿਣੇ 'ਚ ਆ ਨਹੀਂ ਤਾਂ ਨਿਆਣੇ ਤਾਂ ਇੱਥੇ ਬੱਸ ....." ਦੂਸਰੀ ਜਣੀ ਕਹਿ ਰਹੀ ਸੀ ਪਰ ਉਸਦੀ ਗੱਲ ਵਿਚੋਂ ਹੀ ਟੁੱਕਦੀ ਹੋਈ ਪ੍ਰੀਤੋ ਬੋਲੀ, "ਐਡਾ ਕਾਰੋਬਾਰ ਛੱਡਕੇ ਕਿੱਥੇ ਆ ਜਾ ਹੁੰਦਾ ਬੰਸੋ। ਜਗਪਾਲ ਤਾਂ ਹੁਣ ਕਿਤੇ ਜਾ ਕੇ ਸਾਂਭਣ ਜੋਗਾ ਹੋਇਆ ਨਹੀ ਤਾਂ ਪੈਹਲਾਂ ਤਾਂ ਗੋਗੀ ਦੇ ਡੈਡੀ ਦੇ ਸਿਰ ਹੀ ਈ ਸੀ ਸਾਰਾ ਕੁਸ਼ ।"

ਤੇ ਜਿਉਂ ਹੀ ਇਹ ਗੱਲਾਂ ਮੁਕਾ ਕੇ ਪ੍ਰਾਹੁਣੀਆਂ ਵਾਪਿਸ ਜਾਣ ਨੂੰ ਤਿਆਰ ਹੋਈਆਂ ਤਾਂ ਦੂਸਰੇ ਕਮਰੇ ਵਿਚ ਦਰਵਾਜ਼ੇ ਨਾਲ ਲੱਗੀ ਗੱਲਾਂ ਸੁਣਦੀ ਗੋਗੀ ਦਵਾ ਦਵ ਪੌੜੀਆਂ



ਚੜ੍ਹਕੇ ਆਪਣੇ ਕਮਰੇ ਵਿਚ ਜਾ ਵੜੀ। ਖੁਸ਼ੀ , ਸ਼ਰਮ ਤੇ ਡਰ ਦਾ ਇਕ ਰਲਵਾਂ ਮਿਲਵਾਂ ਜਿਹਾ ਅਹਿਸਾਸ ਉਸਦੇ ਅੰਦਰ ਮਚਲ ਰਿਹਾ ਸੀ। ਜਦੋਂ ਭੀ ਘਰ ਵਿਚ ਉਸਦੇ ਵਿਆਹ ਸਬੰਧੀ ਕੋਈ ਗੱਲ ਹੁੰਦੀ ਤਾਂ ਜ਼ਰੂਰ ਆਹਨੀ ਬਹਾਨੀ ਕੰਨ ਲਾ ਕੇ ਸੁਣਦੀ ਤੇ ਬਾਦ ਵਿਚ ਇਹੋ ਜਿਹੇ ਅਹਿਸਾਸ ਥੱਲੇ ਦੱਬੀ ਕਿਤਨੀ ਦੇਰ ਕਿਤਨਾ ਕੁਝ ਸੋਚਦੀ ਰਹਿੰਦੀ। ਗੋਗੀ, ਜਿਸਦਾ ਪੂਰਾ ਨਾਮ ਗਗਨਦੀਪ ਸੀ ਜੋ ਕਿ ਉਸਨੂੰ ਉਸਦੇ ਪਿਆਰੇ ਬਾਬੇ ਨੇ ਦਿੱਤਾ ਸੀ, ਕਈ ਵਾਰ ਅਜਿਹਾ ਮਹਿਸੂਸ ਕਰਦੀ ਕਿ ਸਾਰੇ ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਕੇਵਲ ਉਸਦਾ ਬਾਬਾ ਹੀ ਉਸਨੂੰ ਦਿਲੋਂ ਪਿਆਰ ਕਰਦਾ ਸੀ। ਭਾਵੇਂ ਉਸਦੇ ਮਾਂ ਬਾਪ ਪ੍ਰੀਤਮ ਕੌਰ ਤੇ ਮਹਿੰਦਰ ਸਿੰਘ ਜ਼ਾਹਿਰਾ ਤੌਰ ਤੇ ਉਸਨੂੰ ਬਹੁਤ ਪਿਆਰ ਕਰਦੇ ਸਨ ਤੇ ਉਸਨੂੰ ਖ਼ੁਸ਼ ਦੇਖਣਾ ਚਾਹੁੰਦੇ ਸਨ ਪਰ ਉਨਾਂ ਦੀਆਂ ਕਈ ਗੱਲਾਂ ਉਸਨੂੰ ਬਹੁਤ ਔਖਰਦੀਆਂ ਸਨ। ਪਹਿਲਾਂ ਤਾਂ ਇਹੀ ਕਿ ਉਸਦਾ ਡੈਡੀ ਉਸਦੇ ਭਰਾ ਜਗਪਾਲ ਨੂੰ ਹਮੇਸ਼ਾ ਆਪਣੇ ਨਾਲ ਰੱਖਦਾ ਰਿਹਾ ਤੇ ਗੋਗੀ ਤੇ ਉਸਦੀ ਮੰਮੀ ਨੂੰ ਇੰਡੀਆ ਵਿਚ ਰਹਿਣ ਤੇ ਮਜਬੂਰ ਕਰਦਾ ਰਿਹਾ। ਪਰ ਜੋ ਗੱਲ ਉਸਨੂੰ ਜ਼ਿਆਦਾ ਚੁੱਭਦੀ ਸੀ ਉਹ ਉਸਦੇ ਸਾਰੇ ਵਿਆਹ ਦੇ ਚੱਕਰ ਦੀ ਸੀ।

ਜਿਸ ਦਿਨ ਦੇਬੋ ਆਪਣੇ ਕੈਨੇਡਾ ਤੋਂ ਆਏ ਭਤੀਜੇ ਨੂੰ ਉਨਾਂ ਦੇ ਘਰ ਲੈ ਕੇ ਆਈ ਸੀ ਉਸੇ ਦਿਨ ਉਸ ਨੂੰ ਕੁਝ ਖਟਕਿਆ ਸੀ। ਮੁੰਡਾ ਭਾਵੇਂ ਦੇਖਣ ਨੂੰ ਸੁਹਣਾ ਜੁਆਨ ਸੀ ਪਰ ਉਸਨੇ ਜ਼ਿਆਦਾ ਅੱਖ ਚੁਕਕੇ ਗੋਗੀ ਵਲ ਨਹੀ ਸੀ ਦੇਖਿਆ। ਗੋਗੀ ਨੂੰ ਇਸ ਵਿਚ ਆਪਣੀ ਕੁਝ ਹੇਠੀ ਭੀ ਮਹਿਸੂਸ ਹੋਈ ਸੀ ਕਿਉਂਕਿ ਜਿਸ ਤਰਾਂ ਇੰਡੀਆ ਵਿਚ ਉਸਦੇ ਨਾਲ ਪੜ੍ਹਦੀਆਂ ਸਹੇਲੀਆਂ ਕਹਿੰਦੀਆਂ ਹੁੰਦੀਆਂ ਸਨ , ਉਸ ਹਿਸਾਬ ਨਾਲ ਉਹ ਆਪਣੇ ਆਪ ਨੂੰ ਕਾਫ਼ੀ ਦਿਲਕਸ਼ ਸਮਝਦੀ ਸੀ।

ਕੁਝ ਦਿਨਾਂ ਬਾਦ ਉਸਨੇ ਅਚਾਨਕ ਆਪਣੀ ਮੰਮੀ ਨੂੰ ਜ਼ਰਾ ਦੱਬਵੀਂ ਆਵਾਜ਼ ਵਿਚ ਡੈਡੀ ਨਾਲ ਕਹਿੰਦੇ ਸੁਣਿਆ ਸੀ, "ਦੇਬੋ ਕਹਿੰਦੀ ਆ ਕਿ ਮੁੰਡਾ ਅਜੇ ਜੇ ਜੱਕ ਕਰਦਾ ਵਿਆਹ ਨੂੰ। ਕੈਂਹਦਾ ਮੈਂ ਅਜੇ ਗਾਹਾਂ ਪੜ੍ਹਨਾ ਪਰ ਉਹਦਾ ਭਰਾ ਭਰਜਾਈ ਕਾਹਲੇ ਆ ਵਿਆਹ ਲਈ। "

"ਦੇਬੋ ਨੂੰ ਗੋਗੀ ਪਸੰਦ ਆ, ਮੁੰਡੇ ਦੇ ਮਾਂ ਬਾਪ ਚਾਹੁੰਦੇ ਆ, ਤੈਨੂੰ ਹੋਰ ਕੀ ਚਾਹੀਦਾ .....ਮੁੰਡੇ ਦਾ ਕੀ ਆ .....ਇਹ ਤਾਂ ਅੜਾਂਦੇ ਊਠ ਈ ਲੱਦ ਹੁੰਦੇ ਆ " ਡੈਡੀ ਕਹਿ ਰਿਹਾ ਸੀ।

ਭਾਵੇਂ ਗੋਗੀ ਦਾ ਉਦੋਂ ਦਿਲ ਕੀਤਾ ਸੀ ਕਿ ਕਹਿ ਦਵੇ ਕਿ ਇਹ ਇਕੱਲਾ ਊਠ ਹੀ ਨਹੀਂ ਊਂਠਣੀ ਭੀ ਅੜਾਂਦੀ ਲੱਦ ਹੋ ਰਹੀ ਹੈ, ਮੈਂ ਤਾਂ ਅਜੇ ਹੋਰ ਪੜ੍ਹਨਾ ਚਾਹੁੰਦੀ ਹਾਂ, ਪਰ ਵੱਡਿਆਂ ਮੋਹਰੇ ਮੂੰਹ ਨਾ ਖੋਲ੍ਹਣ ਦੀ ਸਿੱਖਿਆ ਉਸਨੂੰ ਚੁੱਪ ਰਹਿਣ ਤੇ ਮਜ਼ਬੂਰ ਕਰ ਗਈ। ਵੈਸੇ ਮੁੰਡਾ ਉਸਨੂੰ ਦੇਖਣ ਵਿਚ ਸੁਹਣਾ ਲੱਗਾ ਸੀ, ਉੱਚਾ ਲੰਮਾ ਤੇ ਤਕੜਾ, ਮੱਥੇ ਉਪਰ ਲੰਮੇ ੨ ਘੁੰਗਰਾਲੇ ਜਿਹੇ ਸੰਘਣੇ ਵਾਲ, ਮੋਟੀਆਂ ਮੋਟੀਆਂ ਅੱਖਾਂ ਉਪਰ ਲੰਮੇ ੨ ਝਿੰਮਣ ਅਤੇ ਚਿਹਰੇ ਉਪਰ ਛਾਇਆ ਭੋਲਾਪਨ। ਉਹ ਮਨ ਹੀ ਮਨ ਵਿਚ ਫਿਲਮਾਂ ਦੇ ਐਕਟਰਾਂ ਨਾਲ ਉਸਨੂੰ ਮੇਲਦੀ ਤੇ ਉਸਦਾ ਮਨ ਅਜੀਬ ਜਿਹੇ ਤਰੀਕੇ ਨਾਲ ਮਚਲ ਉਠਦਾ।

ਇਸੇ ਤਰਾਂ ਦੋ ਸਾਲ ਗੁਜ਼ਰ ਗਏ ਸਨ ਪ੍ਰੰਤੂ ਇੱਥੋਂ ਜਾਣ ਤੋਂ ਬਾਦ ਉਸਦੀ ਕੋਈ ਜ਼ਿਆਦਾ ਖ਼ਬਰ ਨਹੀ ਸੀ ਮਿਲੀ। ਸਿਰਫ਼ ਉਸਦੀ ਭੂਆ ਦੇਬੋ ਉਨਾਂ ਦੇ ਘਰ ਕਦੇ ਕਦਾਈ ਗੇੜਾ ਮਾਰ ਜਾਂਦੀ ਤੇ ਉਸਦੇ ਮਾਂ ਬਾਪ ਦੀ ਰਾਜੀ ਖੁਸ਼ੀ ਦੱਸ ਜਾਂਦੀ। ਕਦੇ ਕਦੇ ਉਸਦੇ ਨਾਲ ਉਸਦੀ ਕੁੜੀ ਕਿਰਨ ਭੀ ਹੁੰਦੀ। ਗੋਗੀ ਨੂੰ ਕਿਰਨ ਬੜੀ ਪਸੰਦ ਸੀ। ਉਹ ਥੋੜ੍ਹਾ ਬੋਲਦੀ ਸੀ ਪਰ ਜੋ ਭੀ ਗੱਲ ਕਰਦੀ ਬੜੀ ਸਿਆਣੀ ਹੁੰਦੀ। ਕਿਰਨ ਯੂਨੀਵਰਸਿਟੀ ਵਿਚ ਹੀ ਪੜ੍ਹਦੀ ਸੀ ਜਦੋਂ ਉਸਦੇ ਮਾਂ ਬਾਪ ਉਸਦਾ ਵਿਆਹ ਕਰਨ ਲਈ ਕਾਹਲੇ ਪੈ ਗਏ ਸਨ, ਪਰ ਉਹ ਡੱਟ ਗਈ ਸੀ ਕਿ ਉਸਨੇ ਤਾਂ ਪਹਿਲਾਂ ਯੂਨੀਵਰਸਿਟੀ ਪਾਸ ਕਰਕੇ ਆਪਣੇ ਲਈ ਨੌਕਰੀ ਲੱਭਣੀ ਹੈ ਫਿਰ ਵਿਆਹ ਬਾਰੇ ਸੋਚੇਗੀ। ਜੇਕਰ ਘਰ ਵਾਲੇ ਜ਼ਿਆਦਾ ਮਜਬੂਰ ਕਰਨਗੇ ਤਾਂ ਉਹ ਯੂਨੀਵਰਸਿਟੀ ਵਿੱਚ ਹੀ ਰਹਿਣਾ ਸ਼ੁਰੂ ਕਰ ਦੇਵੇਗੀ। ਸਗੋਂ ਹਫ਼ਤਾ ਕੁ ਤਾਂ ਉਹ ਕਿਸੇ ਸਹੇਲੀ ਕੋਲ ਰਹਿ ਭੀ ਆਈ ਸੀ। ਅੰਤ ਨੂੰ ਘਰਦਿਆਂ ਨੇ ਉਸਦੀ ਇੱਛਾ ਅੱਗੇ ਹਥਿਆਰ ਸੁਟ ਦਿੱਤੇ ਸਨ ਤੇ ਉਸਨੂੰ ਵਿਆਹ ਲਈ ਮਜ਼ਬੂਰ ਕਰਨਾ ਬੰਦ ਕਰ ਦਿੱਤਾ ਸੀ। ਆਂਢੀਆਂ ਗੁਆਂਢੀਆਂ ਨੇ ਕੁਝ ਦਿਨ ਗੱਲਾਂ ਬਣਾਈਆਂ ਸਨ ਪਰ ਕਿਰਨ ਦੇ ਪੜ੍ਹਨ ਵਿਚ ਹੁਸ਼ਿਆਰ ਹੋਣ ਅਤੇ ਮਿੱਠਬੋਲੜੇ ਤੇ ਮਿਲ਼ਾਪੜੇ ਸੁਭਾਅ ਕਰਕੇ ਗੱਲਾਂ ਜ਼ਿਆਦਾ ਦੂਰ ਨਹੀਂ ਵੱਧ ਸਕੀਆਂ ਸਨ। ਵੈਸੇ ਕਿਰਨ ਨੂੰ ਇਨਾਂ ਗੱਲਾਂ ਦੀ ਪ੍ਰਵਾਹ ਭੀ ਨਹੀਂ ਸੀ। ਤੇ ਉਸਦੇ ਬਾਪ ਦਾ ਗੁੱਸਾ ਉਸਦੀ ਮਾਂ ਉਪਰ ਵਰ੍ਹਿਆਂ ਸੀ। ਸ਼ਾਇਦ ਇਸੇ ਕਰਕੇ ਕਿਰਨ ਦੁਬਾਰਾ ਘਰ ਵਿਚ ਰਹਿਣ ਲਗ ਪਈ ਸੀ ਕਿ ਇਸ ਤਰਾਂ ਘੱਟੋ ਘੱਟ ਮਾਂ ਦੀ ਤਾਂ ਹਿਫ਼ਾਜਤ ਹੋ ਸਕੇਗੀ। ਉਸਨੇ ਆਪਣੇ ਡੈਡੀ ਨੂੰ ਸਾਫ਼ ਕਹਿ ਦਿੱਤਾ ਸੀ ਕਿ ਜੇਕਰ ਦੁਬਾਰਾ ਉਸਨੇ ਹੱਥ ਚੁਕਿਆ ਤਾਂ ਉਹ ਪੁਲਿਸ ਸੱਦ ਲਵੇਗੀ ਤੇ ਉਸਨੂੰ ਜੇਲ੍ਹ ਕਰਵਾ ਦੇਵੇਗੀ। ਹੁਣ ਉਹ ਯੂਨੀਵਰਸਿਟੀ ਪਾਸ ਕਰਕੇ ਸੋਸ਼ਲ ਵਰਕਰ ਦੇ ਤੌਰ ਤੇ ਕੰਮ ਕਰਨ ਲਗ ਪਈ ਸੀ।

ਗੋਗੀ ਦੇ ਘਰ ਵਾਲੇ ਭਾਵੇਂ ਜ਼ਾਹਿਰ ਨਾ ਕਰਦੇ ਪਰ ਉਹ ਗੋਗੀ ਦੇ ਕਿਰਨ ਨਾਲ ਮਿਲਣ ਜੁਲਣ ਵਿਚ ਜ਼ਰਾ ਔਖ ਮਹਿਸੂਸ ਕਰਕੇ ਸਨ। ਗੋਗੀ ਦੀ ਮਾਂ ਕਦੀ ਕਦੀ ਦੱਬਵੀਂ ਜੀਭ ਵਿਚ ਉਸਨੂੰ ਸੁਣਾ ਦਿੰਦੀ, "ਐਥੇ ਦੀਆਂ ਪਲੀਆਂ ਸਰਮੁੰਨੀਆਂ ਨੇ ਨਾ ਤਾਂ ਆਪ ਕਿਸੇ ਦੇ ਵਸਣਾ ਤੇ ਨਾਂ ਵਸਦਿਆਂ ਨੂੰ ਰਹਿਣ ਦੇਣਾ.......ਅਖੇ ਪੁਲਸ ਸ਼ੱਦ ਲਉ ।" ਪਰ ਫਿਰ ਇਹ ਸੋਚ ਕੇ ਕਿ ਇਹ ਗੋਗੀ ਦੇ ਹੋਣ ਵਾਲੇ ਪ੍ਰਾਹੁਣੇ ਦੀ ਭੈਣ ਹੀ ਲਗਦੀ ਹੈ ਤੇ ਨਾਲੇ ਗੋਗੀ ਨੇ ਤਾਂ ਵਿਆਹ ਕਰਵਾ ਕੇ ਕੈਨੇਡਾ ਚਲੇ ਜਾਣਾ ਹੈ ਕਿਹੜਾ ਐਥੇ ਈ ਬੈਠੀ ਰਹਿਣਾ, ਹਊ ਪਰੇ ਕਰ ਛੱਡਦੀ।

ਤੇ ਉਧਰ ਟੀ.ਵੀ. ਸਾਹਮਣੇ ਸੋਫ਼ੇ ਉਪਰ ਸੁੱਤਾ ਪਿਆ ਹਾਰਡੀ ਪਾਸਾ ਪਰਤ ਕੇ ਉਠਿਆ। ਘੜੀ ਦੇਖੀ। ਰਾਤ ਦੇ ਬਾਰਾਂ ਵੱਜ ਚੁਕੇ ਸਨ, ਉਸਨੂੰ ਪਤਾ ਹੀ ਨਾ ਲਗਿਆ ਕਿ ਸ਼ਾਲਿਨੀ ਦੇ ਖਿਆਲਾਂ ਵਿਚ ਡੁੱਬਿਆ ਉਹ ਕਦੋਂ ਸੌਂ ਗਿਆ ਸੀ। ਉਸਨੂੰ ਜ਼ਰਾ ਭੁੱਖ ਮਹਿਸੂਸ ਹੋਈ, ਕਿਚਨ ਵਿਚੋਂ ਕੱਲ ਦਾ ਬਚਿਆ ਪੀਜ਼ਾ ਖਾਧਾ ਤੇ ਫ਼ਰਿੱਜ ਵਿਚੋਂ ਕੱਢ ਕੇ ਦੁੱਧ ਦਾ ਇਕ ਹੋਰ ਗਿਲਾਸ ਪੀ ਲਿਆ। ਲਿਵਿੰਗ ਰੂਮ ਦਾ ਸਲਾਈਡਿੰਗ ਡੋਰ ਸਰਕਾ ਕੇ ਬਾਹਰ ਡੈੱਕ ਉਪਰ ਆ ਗਿਆ । ਮੀਂਹ ਹੱਟ ਚੁੱਕਾ ਸੀ ਤੇ ਆਸਮਾਨ ਸਾਫ਼ ਸੀ। ਉਸਨੇ ਸਿਗਰਟ ਸੁਲਗਾਈ ਤੇ ਸ਼ਾਮੀਂ ਸੋਚੀਆਂ ਸਕੀਮਾਂ ਉਪਰ ਮੁੜ ਵਿਚਾਰ ਕਰਨ ਲਗ ਪਿਆ। ਵੈਸੇ ਉਸ ਨੂੰ ਆਪਣੇ ਆਪ ਉਪਰ ਖਿਝ ਭੀ ਆਉਂਦੀ ਕਿ ਉਹ ਸਾਫ਼ ਸਾਫ਼ ਆਪਣੇ ਘਰਦਿਆਂ ਨੂੰ ਦੱਸ ਕਿਉਂ ਨਹੀਂ ਦਿੰਦਾ ਕਿ ਉਹ ਤਾਂ ਸ਼ਾਲਿਨੀ ਨੂੰ ਚਾਹੁੰਦਾ ਹੈ , ਪਰ ਘਰਦਿਆਂ ਨੇ ਤਾਂ ਹਮੇ



ਸ਼ਾ ਉਨ੍ਹਾਂ ਨੂੰ ਵੱਡਿਆਂ ਦਾ ਕਿਹਾ ਮੰਨਣਾ ਸਿਖਾਇਆ ਹੈ ਤੇ ਉਨਾਂ ਅੱਗੇ ਮੂੰਹ ਖੋਲ੍ਹਣ ਤੋਂ ਰੋਕਿਆ ਹੈ। ਇਸੇ ਕਰਕੇ ਉਹ ਤਾਂ ਇੰਗਲੈਂਡ ਤਫ਼ਰੀਹ ਲਈ ਗਿਆ ਸੀ ਪਰ ਭੂਆ ਨੇ ਮੱਲੋਮੱਲੀ ਸ਼ਗਨ ਪੁਆ ਦਿੱਤਾ । ਉਸਦੇ ਡੈਡੀ ਨੇ ਫ਼ੋਨ ਉਪਰ ਕਹਿ ਦਿੱਤਾ ਸੀ ਕਿ ਜੇਕਰ ਸ਼ਗਨ ਨਹੀਂ ਪੁਆਉਣਾ ਤਾਂ ਸਾਡੇ ਘਰ ਨਾ ਵੜੀਂ ।

ਪਰ ਇੰਗਲੈਂਡ ਆਕੇ ਉਸਨੇ ਇਕ ਅਜੀਬ ਜਿਹੀ ਆਜ਼ਾਦੀ ਮਹਿਸੂਸ ਕੀਤੀ ਸੀ, ਸਾਇਦ ਪਹਿਲੀ ਬਾਰ ਘਰੋਂ ਨਿਕਲਣ ਕਰਕੇ। ਉਹ ਮਨਮਰਜ਼ੀ ਦੀਆਂ ਥਾਵਾਂ ਤੇ ਘੁੰਮਿਆ ਸੀ। ਵਾਪਸ ਆਉਂਦਾ ਉਹ ਜਹਾਜ਼ ਵਿਚ ਬੈਠਾ ਉਹ ਜਹਾਜ਼ ਦੇ ਪਾਇਲਟਾਂ ਬਾਰੇ ਸੋਚ ਰਿਹਾਸੀ ਕਿ ਕਿਤਨੇ ਆਜ਼ਾਦ ਹਨ। ਕਦੀ ਕਿਧਰ ਜਾ ਉਡਦੇ ਹਨ, ਕਦੀ ਕਿਧਰ, ਇਕੋ ਜਗ੍ਹਾ ਰਹਿ ਕੇ ਇਨਾ ਨੂੰ ਬੋਰ ਨਹੀਂ ਹੋਣਾ ਪੈਂਦਾ । ਨਵੀਆਂ ਨਵੀਆਂ ਥਾਵਾਂ ਦੇਖਦੇ ਹਨ ਨਵੇ ਲੋਕਾਂ ਨੂੰ ਮਿਲਦੇ ਹਨ। ਇਸੇ ਕਰਕੇ ਉਸਨੇ ਵਾਪਿਸ ਆ ਕੇ ਫ਼ਲਾਇੰਗ ਲਾਇਸੈਂਸ ਲੈਣ ਦਾ ਫ਼ੈਸਲਾ ਕਰ ਲਿਆ ਸੀ। ਉਸਦੇ ਮਾਂ ਬਾਪ ਭੀ ਮੰਨ ਗਏ ਸਨ ਕਿ ਚਲੋ ਇਸਦਾ ਕਿਸੇ ਪਾਸੇ ਤਾਂ ਮਨ ਲੱਗਾ, ਇਹ ਭੀ ਸ਼ੌਕ ਪੂਰਾ ਕਰ ਲਵੇ । ਇਸ ਕਰਕੇ ਉਸ ਨੂੰ ਵੈਨਕੂਵਰ ਵਿਚ ਇਕ ਫ਼ਲਾਇੰਗ ਸਕੂਲ ਵਿਚ ਦਾਖ਼ਲਾ ਲੈਣਾ ਪਿਆ ਸੀ। ਖਰਚ ਜੋਗੇ ਪੈਸੇ ਘਰ ਵਾਲੇ ਹਰ ਮਹੀਨੇ ਭੇਜ ਦਿੰਦੇ ਸਨ ਅਤੇ ਕਾਰਾਂ ਦਾ ਤਾਂ ਸੁਖ ਨਾਲ ਘਰ ਵਿਚ ਘਾਟਾ ਹੀ ਨਹੀਂ ਸੀ।

ਵੈਨਕੂਵਰ ਵਿਚ ਇਕ ਦਿਨ ਹਾਰਡੀ ਨੂੰ ਆਪਣੇ ਕੋਰਸ ਨਾਲ ਸਬੰਧਿਤ ਕੁਝ ਕਿਤਾਬਾਂ ਦੇਖਣ ਲਈ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਆਉਣਾ ਪਿਆ ਸੀ ਤੇ ਉੱਥੇ ਹੀ ਅਚਾਨਕ ਉਸਨੂੰ ਸ਼ਾਲਿਨੀ ਮਿਲ ਪਈ ਸੀ। ਉਹ ਇੱਥੇ ਯੂਨੀਵਰਸਿਟੀ ਵਿਚ ਹੀ ਅਕਾਊਂਟਿੰਗ ਦੀ ਡਿਗਰੀ ਕਰ ਰਹੀ ਸੀ ਤੇ ਉਥੇ ਹੋਸਟਲ ਵਿਚ ਹੀ ਰਹਿ ਰਹੀ ਸੀ। ਪੁਰਾਣੀ ਦੋਸਤੀ ਮੁੜ ਤਾਜ਼ਾ ਹੋ ਗਈ ਤੇ ਨੇੜਤਾ ਵਧਦੀ ਵਧਦੀ ਜਜ਼ਬਿਆਂ ਦੇ ਰੌਅ ਵਿਚ ਵਹਿ ਗਈ।

ਤੇ ਅਖ਼ੀਰ ਜਦੋਂ ਹੁਣ ਪਿੱਛੇ ਘਰ ਵਿਚ ਹਾਰਡੀ ਦੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਸਨ ਤਾਂ ਉਸਨੂੰ ਫਿਕਰ ਪਿਆ ਸੀ। ਉਸਨੇ ਡਰਦੇ 2 ਨੇ ਸ਼ਾਲਿਨੀ ਨੂੰ ਇਸ ਬਾਰੇ ਦੱਸਿਆ ਤੇ ਵਾਇਦਾ ਕੀਤਾ ਕਿ ਉਹ ਉਸ ਰਿਸ਼ਤੇ ਨੂੰ ਜੁਆਬ ਦੇ ਦੇਵੇਗਾ। ਪਰ ਘਰ ਵਾਲਿਆਂ ਸਾਹਮਣੇ ਸਿੱਧਾ ਜੁਆਬ ਦੇ ਸਕਣ ਦੀ ਉਸਦੀ ਹਿੰਮਤ ਨਹੀ ਪੈ ਰਹੀ ਸੀ।

ਤੇ ਉਧਰ ਉਹ ਸ਼ਾਲਿਨੀ ਨੂੰ ਭੀ ਬਹੁਤ ਚਾਹੁੰਦਾ ਸੀ । ਉਸਨੇ ਸਿਗਰਟ ਦਾ ਆਖ਼ਰੀ ਕਸ਼ ਖਿੱਚ ਕੇ ਬਚਦਾ ਟੋਟਾ ਗੁੱਸੇ ਨਾਂਲ ਵਗਾਹ ਮਾਰਿਆ ਤੇ ਪੈਰਾਂ ਨਾਲ ਮਸਲਦਾ ਹੋਇਆ ਮੁੜ ਸੋਫ਼ੇ ਉਪਰ ਆ ਬੈਠਾ।

ਟੀ.ਵੀ. ਉਪਰ ਕੋਈ ਕਮਰਸ਼ੀਅਲ ਚਲ ਰਹੀ ਸੀ । ਇਕ ਨਵਵਿਆਹਿਆ ਅੰਗਰੇਜ਼ ਜੋੜਾ ਬਾਂਹ ਵਿਚ ਬਾਂਹ ਪਾਈ ਸ਼ਾਇਦ ਕਿਸੇ ਚਰਚ ਦੀਆਂ ਪੌੜੀਆਂ ਉਤਰ ਰਿਹਾ ਹੈ ਤੇ ਪੌੜੀਆਂ ਦੇ ਥੱਲੇ ਇਕ ਲੰਬੀ ਜਿਹੀ ਫੁੱਲਾਂ ਲੱਦੀ ਕਾਰ ਤੇ ਇੱਕ ਬਾਵਰਦੀ ਡਰਾਈਵਰ ਉਸਦਾ ਦਰਵਾਜ਼ਾ ਖੋਲ੍ਹਕੇ ਖੜਾ ਹੈ। ਦੂਸਰੇ ਪਾਸੇ ਇਕ ਨਵੇਂ ਮਾਡਲ ਦੀ ਸਪੋਰਟਸ ਕਾਰ ਖੜੀ ਹੈ । ਦੁਲਹਨ ਵਾਰੀ ਵਾਰੀ ਦੋਹਾਂ ਕਾਰਾਂ ਵਲ ਇੱਕ ਨਜ਼ਰ ਦੇਖਦੀ ਹੈ ਤੇ ਫਿਰ ਬੜੀ ਅਦਾ ਨਾਲ ਦੂਲ੍ਹੇ ਦਾ ਹੱਥ ਖਿੱਚਦੀ ਹੋਈ ਸਪੋਰਟਸ ਕਾਰ ਵੱਲ ਲੈ ਜਾਂਦੀ ਹੈ। ਘੁਰਰਰ

ਕਰਦੀ ਸਪੋਰਟਸ ਕਾਰ ਅੱਖਾਂ ਤੋਂ ਉਹਲੇ ਹੋ ਜਾਂਦੀ ਹੈ ਤੇ ਲੰਬੀ ਫੁੱਲਾਂ ਲੱਦੀ ਕਾਰ ਦਾ ਡਰਾਈਵਰ ਦਰਵਾਜ਼ਾ ਖੋਲ੍ਹੀ ਖੜਾ ਦੇਖਦਾ ਹੀ ਰਹਿ ਜਾਂਦਾ ਹੈ। ਹਾਰਡੀ ਨੇ ਜ਼ਰਾ ਆਵਾਜ਼ ਉੱਚੀ ਕੀਤੀ। ਉਸੇ ਸਪੋਰਟਸ ਕਾਰ ਦੇ ਵੱਖ ਵੱਖ ਐਂਗਲਾਂ ਤੋਂ ਕੈਮਰਾ ਸ਼ਾਟਸ ਆ ਰਹੇ ਹਨ ਤੇ ਇਕ ਹੁਲਾਸ ਭਰੀ ਆਵਾਜ਼ ਕਾਰ ਦੇ ਵੱਖ ੨ ਗੁਣਾਂ ਬਾਰੇ ਦੱਸ ਰਹੀ ਹੈ। ਹਾਰਡੀ ਜ਼ਰਾ ਮੁਸਕਰਾਇਆ ਤੇ ਟੀ.ਵੀ. ਬੰਦ ਕਰਕੇ ਸੌਂ ਗਿਆ ।

ਅਗਲੇ ਦਿਨ ਸਵੇਰੇ ਉਸਦੀ ਮਾਂ ਦਾ ਫ਼ੋਨ ਆਇਆ। ਵਿਆਹ ਦੀਆਂ ਤਿਆਰੀਆਂ ਬਾਰੇ ਦੱਸ ਰਹੀ ਸੀ। ਹਾਰਡੀ ਨੇ ਪਹਿਲੀ ਵਾਰੀ ਹੌਂਸਲਾ ਕਰਕੇ ਕਿਹਾ ਕਿ ਮਾਂ ਅਜੇ ਵਿਆਹ ਲਈ ਥੋੜ੍ਹੀ ਦੇਰ ਹੋਰ ਨਹੀਂ ਰੁਕ ਸਕਦੇ, ਮੈਂ ਅਜੇ ਇਕ ਕੋਰਸ ਹੋਰ ਕਰਨਾ ਹੈ। "ਨਾ ਪੁਤ, ਇਹ ਗੱਲ ਨੀ ਹੋਣੀ , ਦੋ ਸਾਲ ਤੋਂ ਉਤੇ ਹੋ ਗੱਏ ਆ ਅਗਲਿਆਂ ਦੀ ਕੁੜੀ ਮੰਗੀ ਨੂੰ, ਹੋਰ ਨੀ ਰੁਕਣਾ ਹੁਣ, ਉਹ ਤਾਂ ਕਦੋਂ ਦੇ ਜ਼ੋਰ ਪਾਉਂਦੇ ਆ।"

"ਤੁਸੀਂ ਪੁੱਛ ਕੇ ਤਾਂ ਦੇਖੋ ਸ਼ਾਇਦ ਮੰਨ ਹੀ ਜਾਣ ।" ਹਾਰਡੀ ਨੇ ਕਿਹਾ।

ਸ਼ਾਮ ਨੂੰ ਬਾਪ ਦਾ ਫ਼ੋਨ ਆ ਗਿਆ, "ਤੂੰ ਬੰਦਿਆਂ ਵਾਂਗ ਵਿਆਹ ਕਰਵਾ, ਹੋਰ ਰੁਕਣ ਦਾ ਕੋਈ ਕੰਮ ਨੀ, ਐਥੇ ਹੁਣ ਮੇਤੋਂ ਕੱਲੇ ਤੋਂ ਨੀ ਸਾਂਭ ਹੁੰਦਾ ਕੰਮ", ਪਿਆਰ ਤੇ ਥੋੜ੍ਹੇ ਰੋਅਬ ਨਾਲ ਬਾਪ ਕਹਿ ਰਿਹਾ ਸੀ, "ਘਰ 'ਚ ਕਿਹੜੀ ਚੀਜ਼ ਦੀ ਥੁੜ ਆ, ਹੋਰ ਨਾ ਐਮੀ ਹੁਣ ਕੋਰਸ ਕਰੀ ਜਾਹ। "

ਫਿਰ ਦੋ ਕੁ ਦਿਨ ਬਾਦ ਹਾਰਡੀ ਨੇ ਮਾਂ ਨੂੰ ਫ਼ੋਨ ਉਪਰ ਕਹਿ ਦਿੱਤਾ ਕਿ ਮੈਂ ਤਾਂ ਤਦ ਵਿਆਹ ਕਰਵਾਊਂ ਜੇ ਮੈਨੂੰ ਪਹਿਲਾਂ ਉਹ ਨਵੇਂ ਮਾਡਲ ਦੀ ਸਪੋਰਟਸ ਕਾਰ , ਜੋ ਉਸਨੇ ਉਸ ਰਾਤ ਟੀ.ਵੀ. ਉਪਰ ਦੇਖੀ ਸੀ, ਲੈ ਕੇ ਦੇਵੋਂਗੇ। ਹਾਰਡੀ ਨੂੰ ਪਤਾ ਸੀ ਕਿ ਕਾਰ ਬਹੁਤ ਮਹਿੰਗੀ ਹੈ ਅਤੇ ਅਜੇ ਘੱਟੋ ਘੱਟ ਦੋ ਤਿੰਨਾਂ ਮਹੀਨਿਆਂ ਨੂੰ ਮਾਰਕੀਟ ਵਿਚ ਆਵੇਗੀ। ਕਾਰਾਂ ਬਣਾਉਣ ਵਾਲੇ ਨਵੇਂ ਮਾਡਲਾਂ ਦੀ ਪਹਿਲਾਂ ਹੀ ਮਸ਼ਹੂਰੀ ਕਰਨੀ ਸ਼ੁਰੂ ਕਰ ਦਿੰਦੇ ਹਨ। ਹਾਰਡੀ ਦੇ ਬਾਪ ਨੇ ਕੁਝ ਦਿਨਾਂ ਵਿਚ ਹੀ ਸਾਰੇ ਕੈਨੇਡਾ ਦੇ ਵੱਡੇ ਵੱਡੇ ਕਾਰ ਡੀਲਰਾਂ ਨੂੰ ਫ਼ੋਨ ਕਰਕੇ ਪੁਛਿਆ ਸੀ ਉਸ ਕਾਰ ਬਾਰੇ. ਚਾਰ ਮਹੀਨਿਆਂ ਤੋਂ ਪਹਿਲਾਂ ਕੋਈ ਭੀ ਕਾਰ ਡਲਿਵਰ ਕਰਨ ਦਾ ਵਾਇਦਾ ਨਹੀਂ ਕਰ ਰਿਹਾ ਸੀ।

ਤੇ ਫਿਰ ਇਕ ਦਿਨ ਗੋਰਡੀ ਨੇ ਹਾਰਡੀ ਨੂੰ ਫ਼ੋਨ ਕਰ ਕੇ ਦੱਸਿਆ ਕਿ ਡੈਡੀ ਨੇ ਅਮਰੀਕਾ ਵਿਚ ਕਿਸੇ ਡੀਲਰ ਨਾਲ ਗੱਲ ਪੱਕੀ ਕਰ ਲਈ ਹੈ। ਉਨ੍ਹਾਂ ਦੇ ਇੰਗਲੈਂਡ ਤੋਂ ਵਿਆਹ ਕਰਵਾ ਕੇ ਵਾਪਿਸ ਆਉਣ ਵਾਲੇ ਦਿਨ ਤੱਕ ਕਾਰ ਡਲਿਵਰ ਹੋ ਜਾਵੇਗੀ। ਇਹ ਸੁਣ ਕੇ ਹਾਰਡੀ ਨੇ ਮੱਥਾ ਫੜ ਲਿਆ।

ਫਿਰ ਜਦੋਂ ਵਿਆਹ ਵਿਚ ਮਹੀਨੇ ਤੋਂ ਭੀ ਘੱਟ ਸਮਾਂ ਰਹਿੰਦਾ ਸੀ ਤਾਂ ਹਾਰਡੀ ਨੇ ਫੋਨ ਕਰਕੇ ਮਾਂ ਨੂੰ ਕਹਿ ਦਿੱਤਾ ਸੀ ਕਿ ਮੈਂ ਤਾਂ ਵਿਆਹ ਤਾਂ ਕਰਵਾਊਂ ਜੇਕਰ ਪਹਿਲਾਂ ਇੱਥੇ ਵੈਨਕੂਵਰ ਵਿਚ ਮੈਨੂੰ ਘਰ ਲੈ ਕੇ ਦਿਓਗੇ। ਮੈਂ ਤਾਂ ਵਿਆਹ ਤੋਂ ਬਾਦ ਇੱਥੇ ਹੀ ਰਹਿਣਾ ਚਾਹੁੰਦਾ ਹਾਂ ਤੇ ਮੇਰੇ ਕੋਲੋਂ ਕਿਰਾਏ ਦੇ ਘਰਾਂ ਵਿੱਚ ਨਹੀਂ ਰਹਿ ਹੁੰਦਾ। ਹਾਰਡੀ ਨੂੰ ਪਤਾ ਸੀ ਕਿ ਇਹ ਮੰਗ ਇਤਨੀ ਜਲਦੀ ਪੂਰੀ ਹੋਣੀ ਸੰਭਵ ਨਹੀਂ ਸੀ। ਵੈਨਕੂਵਰ ਵਿਚ ਘਰਾਂ ਦੀਆਂ



ਕੀਮਤਾਂ ਅਸਮਾਨ ਨੂੰ ਛੋਹ ਰਹੀਆਂ ਸਨ। ਤੇ ਹਾਰਡੀ ਦੇ ਡੈਡੀ ਨੇ ਵੈਨਕੂਵਰ ਵਿਚ ਵਸਦੇ ਆਪਣੇ ਇਕ ਪੇਂਡੂ ਨੂੰ ਚੰਗਾ ਜਿਹਾ ਘਰ ਲੱਭਣ ਲਈ ਕਹਿ ਦਿੱਤਾ ਸੀ। ਇਸ ਗੱਲ ਦਾ ਪਤਾ ਉਸਨੂੰ ਉਨ੍ਹਾਂ ਦੇ ਮੁੰਡੇ ਸੈਮ ਤੋਂ ਲੱਗਾ ਸੀ, ਜੋ ਕਦੇ ਕਦੇ ਹਾਰਡੀ ਨੂੰ ਮਿਲ ਪੈਂਦਾ ਸੀ। ਹਾਰਡੀ ਇਕ ਦੋ ਬਾਰ ਉਨ੍ਹਾਂ ਦੇ ਘਰ ਭੀ ਗਿਆ ਸੀ।

ਤੇ ਹੁਣ ਜਦੋਂ ਵਿਆਹ ਵਿਚ ਦਸ ਦਿਨ ਰਹਿੰਦੇ ਸਨ ਤਾਂ ਹਾਰਡੀ ਦਾ ਡੈਡੀ ਜਹਾਜ਼ ਚੜ੍ਹ ਕੇ ਆਪਣੇ ਪੇਂਡੂ ਦੇ ਘਰ ਆਇਆ ਹੋਇਆ ਸੀ । ਘਰ ਦੀ ਡੀਲ ਪੱਕੀ ਹੋ ਗਈ ਸੀ। ਵੈਨਕੂਵਰ ਦੇ ਨਜ਼ਦੀਕ ਹੀ ਸਰੀ ਵਿਚ ਨਵਾਂ ਘਰ ਸੀ , ਜੋ ਅਜੇ ਬਣ ਹੀ ਰਿਹਾ ਸੀ। ਘਰ ਹਾਰਡੀ ਅਤੇ ਉਸਦੇ ਡੈਡੀ ਦੇ ਨਾਮ ਸਾਂਝਾ ਲੈ ਹੋਣਾ ਸੀ ਅਤੇ ਇਸ ਕਰਕੇ ਘਰ ਦੇ ਕਾਗਜ਼ਾਂ ਉਪਰ ਹਾਰਡੀ ਦੇ ਦਸਖ਼ਤ ਲੋੜੀਂਦੇ ਸਨ ਪਰ ਹਾਰਡੀ ਸਵੇਰ ਦਾ ਆਪਣੇ ਅਪਾਰਟਮੈਂਟ ਵਿਚ ਹੀ ਨਹੀਂ ਮਿਲ ਰਿਹਾ ਸੀ। ਕਈ ਵਾਰੀ ਫ਼ੋਨ ਕਰ ਹਟੇ ਸਨ। ਅਖ਼ੀਰ ਉਨ੍ਹਾਂ ਨੇ ਸੈਮ ਨੂੰ ਭੇਜਿਆ ਕਿ ਕਿਤੋਂ ਹਾਰਡੀ ਨੂੰ ਲੱਭ ਕੇ ਲਿਆਵੇ।

ਸੈਮ ਜਿਸਦਾ ਪੂਰਾ ਨਾਮ ਸੁਮਿੰਦਰ ਪਾਲ ਸੀ,ਨੇ ਅਖ਼ੀਰ ਯੂਨੀਵਰਸਿਟੀ ਵਿਚ ਹਾਰਡੀ ਨੂੰ ਜਾ ਲੱਭਿਆ ਤੇ ਘਰ ਚਲਣ ਲਈ ਕਿਹਾ। ਹਾਰਡੀ ਨੇ ਉਸ ਕੋਲ ਕਹਿ ਭੇਜਿਆ ਕਿ ਉਸਨੇ ਨਹੀਂ ਦਸਖ਼ਤ ਕਰਨੇ ਤੇ ਨਾ ਹੀ ਉਸਨੇ ਵਿਆਹ ਕਰਵਾਉਣਾ ਹੈ। ਤੇ ਇਹ ਸੁਣ ਕੇ ਹਾਰਡੀ ਦਾ ਬਾਪ ਸੁਰਜੀਤ ਸਿੰਘ ਅੱਗ ਬਗੂਲਾ ਹੋ ਉਠਿਆ ਸੀ, " ਕਿਦਾਂ ਨੀ ਸਾਲੇ ਨੇ ਕਰੌਣਾ , ਮੈਂ ਦੱਸਦਾ ਏਹਨੂੰ .......ਮੈਨੂੰ ਲੈ ਕੇ ਚੱਲ ਉਹਦੇ ਕੋਲ ....ਮੈਂ ਕਰਦਾਂ ਇਹਦਾ ਸਿਰ ਟਿਕਾਣੇ ।" ਤੇ ਉਸਦੇ ਪੇਂਡੂ ਹਰਪਾਲ ਸਿੰਘ ਨੇ ਉਸਨੂੰ ਸਮਝਾਇਆ ਕਿ ਗੁੱਸੇ ਤੋਂ ਕੰਮ ਲੈਣ ਨਾਲ ਕੁਝ ਨਹੀਂ ਬਣਨਾ ਤੇ ਉਸਨੇ ਇਕ ਵਾਰੀ ਫਿਰ ਸੈਮ ਨੂੰ ਹਾਰਡੀ ਵਲ ਭੇਜਿਆ।

"ਅੰਕਲ ਉਹ ਨੀ ਮੰਨਿਆ, ਨਾ ਇੱਥੇ ਆਉਣ ਨੂੰ ਤੇ ਨਾ ਵਿਆਹ ਨੂੰ ...." ਸੈਮ ਆ ਕੇ ਸੁਰਜੀਤ ਸਿੰਘ ਨੂੰ ਦੱਸ ਰਿਹਾ ਸੀ।

"ਪਹਿਲਾਂ ਕਿਉਂ ਨਾ ਮਰਿਆ ਸਾਲਾ, ਦੋ ਸਾਲ ਹੋ ਗਏ ਕੁੜਮਾਈ ਨੂੰ !" ਸੁਰਜੀਤ ਸਿੰਘ ਗੁੱਸੇ ਨਾਲ ਉਬਲ ਰਿਹਾ ਸੀ।

"ਅੰਕਲ ਉਹ ਕਹਿੰਦਾ ਕਿ ਮੈਂ ਤੁਹਾਨੂੰ ਹਿੰਟ ਤਾਂ ਦਿੰਦਾ ਰਿਹਾ ਕਿ ਮੈ ਵਿਆਹ ਨਹੀਂ ਕਰਵਾਉਣਾ ।" ਸੈਮ ਦੱਸ ਰਿਹਾ ਸੀ। ਤੇ ਫਿਰ ਉਸਨੂੰ ਲੱਗਾ ਕਿ ਉਹ ਇਕ ਵਾਰੀ ਫਿਰ ਉਸਨੂੰ ਐਡੀ ਦੂਰ ਹਾਰਡੀ ਨੂੰ ਲੈਣ ਵਾਸਤੇ ਭੇਜਣਗੇ । ਉਸਨੇ ਹੌਂਸਲਾ ਕਰਕੇ ਕਹਿ ਹੀ ਦਿੱਤਾ, "ਅੰਕਲ ਮੇਰਾ ਖ਼ਿਆਲ ਉਹਦਾ ਇੰਟਰਸਟ ਹੋਰ ਕਿਤੇ ਆ। ਕਈ ਵਾਰੀ ਮੈਂ ਉਸਨੂੰ ਇਕ ਛੋਟੇ ਜਿਹੇ ਕੱਦ ਦੀ ਆਪਣੀ ਕੁੜੀ ਨਾਲ ਦੇਖਿਆ। "

"ਸਮਝ ਗਿਆ ਮੈਂ ......ਇਹ ਕਈ ਸਾਲਾਂ ਦਾ ਫਿਰਦਾ ਉਹਦੇ ਮਗਰ ......ਕੋਈ ਨੀ.ਤੂੰ ਕਹਿ ਦੇਈਂ ਉਹਨੂੰ ਕਿ ਜੇ ਮੁੜਕੇ ਸਾਡੇ ਸ਼ਹਿਰ ਵੜਿਆ ਤਾਂ ਇਹਦੀਆਂ ਲੱਤਾਂ ਵੱਢ ਦਊਂ।"

"ਕੋਈ ਨੀ ਸੁਰਜੀਤ ਸਿਆਂ ਜ਼ਰਾ ਹੌਂਸਲੇ ਤੋਂ ਕੰਮ ਲੈ, ਇੱਥੇ ਨਿਆਣਿਆਂ ਦਾ ਤੈਨੂੰ

ਪਤਾ ਈ ਆ ਕਿ ਮਨ ਮਰਜ਼ੀ ਦੇ ਮਾਲਕ ਆ। " ਹਰਪਾਲ ਸਿੰਘ ਕਹਿ ਰਿਹਾ ਸੀ।

"ਕਾਹਦਾ ਹੌਸਲਾ ਰੱਖਾਂ, ਉਹ ਟਕੇ ਦੀ ਮਰੀਉ ਜਿਹੀ ਇਸਮਾਈਲਣ ਖ਼ਾਤਰ ਸਾਡੀ ਐਨੇ ਸਾਲਾਂ ਦੀ ਬਣੀ ਬਣਾਈ ਇੱਜ਼ਤ ਮਿੱਟੀ 'ਚ ਰੋਲ 'ਤੀ........ ਇਹਨੂੰ ਕੋਈ ਪੁਛਣ ਵਾਲਾ ਹੋਵੇ ਪਈ ਦੱਸ ਅਗਲਿਆਂ ਦੀ ਐਨੀ ਸੋਹਣੀ ਕੁੜੀ, ਐਨੇ ਪੈਸੇ ਕੁੜੀ ਕੋਲ....ਐਨੇ ਉਹਦੇ ਬਾਪ ਕੋਲ, ਹਜ਼ਾਰਾਂ ਪੌਂਡ ਤਾਂ ਸਗਨਾਂ ਦੇ ਈ ਬਣ ਜਾਣੇ ਸੀ, ਭਾਵੇਂ ਔਂਦਾ ਈ ਘਰ ਫਰੀ ਕਰਵਾ ਲੈਂਦਾ, ਪਰ ਇਹਦੀ ਸਾਲੇ ਦੀ ਅਕਲ ਤੇ ਪੜਦਾ ਪਿਆ ਹੋਇਆ।" ਫਿਰ ਜਿਵੇਂ ਆਪਣੀ ਗਲਤੀ ਮਹਿਸੂਸ ਕਰਦਾ ਹੋਵੇ, ਗੱਲ ਬਦਲਦਾ ਹੋਇਆ ਬੋਲਿਆ, "ਦੱਸ ਅਗਲਿਆਂ ਦੀ ਭੀ ਕੀ ਇਜ਼ਤ ਰਹੂਗੀ .......ਇਸ ਸਾਲੇ ਲਈ ਕੀ ਨਈਂ ਕੀਤਾ, ਕੀ ਨਹੀਂ ਲੈਕੇ ਦਿੱਤਾ ਮੈਂ , ਹਰ ਮਹੀਨੇ ਸਾਲੇ ਨੂੰ ਪੈਸੇ ....." ਪਰ ਉਸਦੀ ਗੱਲ ਵਿਚੋਂ ਕੱਟਦਾ ਹੋਇਆ ਸੈਮ ਜ਼ਰਾ ਭੋਲੇਪਨ ਨਾਲ ਬੋਲਿਆ, "ਪਰ ਅੰਕਲ ਉਹ ਕਹਿੰਦਾ ਕਿ ਮੈਨੂੰ ਸਦਾ ਈ ਇਦਾਂ ਲਗਦਾ ਰਹਿੰਦਾ ਕਿ ਮੈਂ ਆਪਣੇ ਮੰਮੀ ਡੈਡੀ ਨਾਲ ਖੁਲ੍ਹ ਕੇ ਆਪਣੇ ਦਿਲ ਦੀ ਗੱਲ ਨਹੀਂ ਕਰ ਸਕਦਾ। "

"ਹੂੰਹਅ ਸਾਲਾ ਦਿਲ ਦੀ ਗੱਲ ਦਾ, ਜਦ ਖਰਚਣ ਨੂੰ ਪੈਸੇ ਮੰਗਣੇ ਹੁੰਦੇ ਆ ਉਦ ਬੜੀ ਸੋਹਣੀ ਹੋ ਜਾਂਦੀ ਆ, ਹੁਣ ਪਤਾ ਲੱਗੂ ਸਾਲੇ ਨੂੰ ਜਦੋਂ ਭੁੱਖਾ ਮਰੂ ।" ਤੇ ਹੋਰ ਕਈ ਕੁਝ ਕਹਿੰਦਾ ਹੋਇਆ ਸੁਰਜੀਤ ਸਿੰਘ ਸ਼ਾਮ ਦੀ ਫਲਾਈਟ ਵਾਪਿਸ ਮੁੜ ਗਿਆ।

"ਕੀ ਦੱਸਾਂ ਭੈਣ, ਇਨ੍ਹ ਤਾਂ ਸਾਨੂੰ ਕੱਖ ਦਾ ਨੀ ਛੱਡਿਆ, " ਸੁਰਜੀਤ ਸਿੰਘ ਫ਼ੋਨ ਉਪਰ ਆਪਣੀ ਇੰਗਲੈਂਡ ਵਿਚ ਆਪਣੀ ਭੈਣ ਗੁਰਦੇਵ ਕੌਰ ਨੂੰ ਕਹਿ ਰਿਹਾ ਸੀ। "ਸਾਡੀ ਐਨੀ ਬਣੀ ਬਣਾਈ ....." ਉਸਦੀ ਗੱਲ ਵਿਚੇ ਕੱਟਦੀ ਗੁਰਦੇਵ ਕੌਰ ਲਗਪੱਗ ਰੋਂਦੀ ਹੋਈ ਬੋਲੀ, "ਤੈਨੂੰ ਆਪਣੀ ਇਜ਼ਤ ਦੀ ਪਈਊ ਆ ਜੀਤਿਆ, ਮੇਰੇ ਘਰ ਵਾਲੇ ਨੇ ਤਾਂ ਮੈਨੂੰ ਨੀ ਛੱਡਣਾ, ਉਹ ਤਾਂ ਅੱਗੇ ਈ ਤੈਨੂੰ ਪਤਾ ਐਨਾ ਕੁਪੱਤਾ ਆ .......ਤੂੰ ਜਿਦਾਂ ਮਰਜੀ ਕਰ, ਇਹਨੂੰ ਮੰਨਾ .....ਭਾਵੇਂ ਇਕ ਵਾਰੀ ਵਿਆਹ ਕਰਕੇ ਛੱਡ ਦੇਵੇ। "

"ਉਹ ਤਾਂ ਗੱਲ ਵੀ ਨੀ ਕਰਦਾ, ਮੈਂ ਬਥੇਰਾ ਜ਼ੋਰ ਲਾਕੇ ਦੇਖ ਲਿਆ। " ਸੁਰਜੀਤ ਸਿੰਘ ਲਾਚਾਰੀ ਨਾਲ ਬੋਲਿਆ।

"ਤਾਂ ਫੇ ਛੋਟੇ ਨੂੰ ਈ ਮਨਾ ਲਉ, ਉਹ ਭੀ ਤਾਂ ਸੁਖ ਨਾਲ ਹੁਣ ਤਕੜਾ ਹੋਣਾਂ। " ਗੁਰਦੇਵ ਕੌਰ ਨੇ ਮਿੰਨਤ ਨਾਲ ਕਿਹਾ।

"ਮੇਰਾ ਦਿਲ ਤਾਂ ਨੀ ਮੰਨਦਾ, ਪਰ ਮੈਂ ਦੇਖਦਾਂ ਉਹਦੇ ਨਾਲ ਗੱਲ ਕਰਕੇ , ਹੁਣ ਤਾਂ ਹੈਥੇ ਆਉਣ 'ਚ ਭੀ ਮਸੀਂ ਹਫ਼ਤਾ ਰਹਿੰਦਾ ਸਾਰਾ। "

"ਚੰਗਾ ਮੇਰਾ ਵੀਰ, ਉਹਨੂੰ ਜਰੂਰ ਮਨਾ ਲਈਂ ,ਬਾਕੀ ਐਥੇ ਮੈਂ ਸਾਂਭ ਲਊਂਗੀ। "

ਤੇ ਅੱਜ ਜਦੋਂ ਵਿਆਹ ਵਿਚ ਸਿਰਫ਼ ਪੰਜ ਛੇ ਕੁ ਦਿਨ ਬਚਦੇ ਸਨ ਤਾਂ ਗੋਗੀ



ਨੂੰ ਘਰ ਵਿਚ ਅਜੀਬ ਜਿਹਾ ਮਹੌਲ ਪ੍ਰਤੀਤ ਹੋ ਰਿਹਾ ਸੀ। ਉਸਦੇ ਮੰਮੀ ਡੈਡੀ ਜਿਵੇਂ ਸੰਗ ਅਤੇ ਡਰ ਜਿਹੇ ਨਾਲ ਉਸ ਨਾਲ ਗੱਲ ਕਰਨ ਤੋਂ ਝਕਦੇ ਹੋਣ। ਭਾਵੇਂ ਜ਼ਾਹਿਰਾ ਤੌਰ ਤੇ ਉਹ ਵਿਆਹ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਨਜ਼ਰ ਆ ਰਹੇ ਸਨ ਪਰ ਜਿਵੇਂ ਪਹਿਲਾਂ ਵਾਲੀ ਗੱਲ ਜਿਹੀ ਨਾ ਰਹੀ ਹੋਵੇ। ਤੇ ਇਸਦੀ ਵਜਹ ਗੋਗੀ ਨੂੰ ਉਸੇ ਰਾਤ ਅੱਧ ਪਚੱਦੀ ਸਮਝ ਲਗ ਗਈ ਜਦੋਂ ਉਸਨੇ ਫਿਰ ਅਚਾਨਕ ਆਪਣੇ ਮੰਮੀ ਤੇ ਡੈਡੀ ਨੂੰ ਗੱਲਾਂ ਕਰਦੇ ਸੁਣ ਲਿਆ ਸੀ।

"ਮੈਂ ਕਹਿਨੀ ਆਂ ਕਿ ਆਪਾਂ ਨੂੰ ਇਕ ਵਾਰੀ ਗੋਗੀ ਨੂੰ ਵੀ ਪੁਛ ਲੈਣਾ ਚਾਹੀਦਾ।" ਪ੍ਰੀਤਮ ਕੌਰ ਤੌਖ਼ਲੇ ਨਾਲ ਕਹਿ ਰਹੀ ਸੀ।

"ਲੈ, ਉਹਨੂੰ ਕਾਹਦਾ ਪੁਛਣਾ, ਤੁਸੀਂ ਫਾਹਾ ਵੱਢਣ ਦੀ ਗੱਲ ਕਰੋ .....ਆਪੇ ਮਗਰੋਂ ਪਤਾ ਲਗਦਾ ਰਹੂ। " ਮਹਿੰਦਰ ਸਿੰਘ ਕਹਿ ਰਿਹਾ ਸੀ।

"ਨਾ ਪਰ ਲੋਕ ਕੀ ਕਹਿਣਗੇ?" ਮਾਂ ਦੱਬਵੀਂ ਆਵਾਜ਼ ਵਿਚ ਬੋਲੀ।

"ਕੈਹ ਦਿਆਂਗੇ ਕਿ ਕਾਰਡਾਂ ਤੇ ਨਾਮ ਗਲਤ ਲਿਖ ਹੋ ਗਿਆ, ਕਿਸੇ ਨੇ ਖ਼ਿਆਲ ਨਈਂ ਕੀਤਾ ....ਫਿਰ ਜ਼ਰਾ ਕੁ ਸੋਚ ਕੇ ਬੋਲਿਆ, "ਕਿਸੇ ਦੇ ਨਾਲ ਵੀ ਹੋਵੇ, ਵਿਆਹ ਕੈਂਸਲ ਹੋਣ ਨਾਲੋਂ ਤਾਂ ਖਰਾ ਈ ਆ, ਨਹੀਂ ਤਾਂ ਕਿਹੜੇ ਮੂੰਹ ਨਾਲ ਘਰੋਂ ਬਾਹਰ ਨਿਕਲਿਆ ਕਰਾਂਗੇ ।"ਡੈਡੀ ਨੇ ਜਿਵੇ ਫ਼ੈਸਲਾ ਸੁਣਾ ਦਿੱਤਾ ।

ਤੇ ਉਸ ਰਾਤ ਗੋਗੀ ਨੂੰ ਨੀਂਦ ਨਹੀਂ ਆਈ। ਗੁੱਸਾ ਉਲਝਣ, ਬੇਬਸੀ ਤੇ ਸ਼ਰਮ ਜਿਹੀ ਦੇ ਰਲਵੇਂ ਮਿਲਵੇਂ ਖਿਆਲ ਸਾਰੀ ਰਾਤ ਉਸਦੇ ਦਿਮਾਗ ਵਿਚ ਲੁਕਣ ਮੀਟੀ ਖੇਡਦੇ ਰਹੇ ਤੇ ਉਦਾਸੀ ਦਾ ਹਨੇਰਾ ਉਸਦੇ ਮਨ ਉਪਰ ਹੋਰ ਗਹਿਰਾ ਹੁੰਦਾ ਰਿਹਾ। ਇਸ ਘਣਘੋਰ ਹਨੇਰੇ ਵਿਚ ਉਸਨੂੰ ਇਕ ਹੀ ਰੌਸ਼ਨੀ ਦੀ ਕਿਰਨ ਨਜ਼ਰ ਆਈ।

ਸਵੇਰੇ ਜਦੋਂ ਉਸਦੀ ਮੰਮੀ ਡੈਡੀ ਵਿਆਹ ਦੀ ਤਿਆਰੀ ਲਈ ਖਰੀਦੋ ਫ਼ਰੋਖ਼ਤ ਕਰਨ ਲਈ ਘਰੋਂ ਨਿਕਲੇ ਤਾਂ ਉਹ ਚੁੱਪ ਕਰਕੇ ਬੱਸ ਚੜ੍ਹਕੇ ਕਿਰਨ ਨੂੰ ਉਸਦੇ ਦਫ਼ਤਰ ਆ ਮਿਲੀ। ਉਸਦੀ ਗੱਲ ਸੁਣ ਕੇ ਕਿਰਨ ਦਫ਼ਤਰੋਂ ਛੁੱਟੀ ਲੈ ਕੇ ਉਸਦੇ ਨਾਲ ਤੁਰ ਪਈ, "ਇਸ ਤਰਾਂ ਕਿਵੇਂ ਹੋ ਸਕਦਾ ਹੈ, ਤੇਰੀ ਇੱਛਾ ਨਾਮ ਦੀ ਭੀ ਕੋਈ ਚੀਜ਼ ਹੋਣੀ ਚਾਹੀਦੀ ਹੈ ...ਮਾਂ ਨੇ ਤਾਂ ਮੈਨੂੰ ਕੁਸ਼ ਦੱਸਿਆ ਈ ਨੀ .. ਪਤਾ ਨੀ ਜਾਣ ਬੁਝ ਕੇ ਈ........ਚਲ ਦੇਖਦੇ ਆਂ ਪਹਿਲਾਂ ਕਨਫ਼ਰਮ ਤਾਂ ਕਰ ਲਈਏ ..." ਕਹਿੰਦੀ ਹੋਈ ਕਿਰਨ ਗੋਗੀ ਨੂੰ ਲੈਕੇ ਆਪਣੀ ਸਹੇਲੀ ਦੇ ਘਰ ਆ ਗਈ। ਇਹ ਸਹੇਲੀ ਕਿਸੇ ਸਕੂਲ ਵਿਚ ਪੜਾਉਂਦੀ ਸੀ ਅਤੇ ਇਕੱਲੀ ਰਹਿੰਦੀ ਸੀ। ਕਿਰਨ ਦੇ ਮੂੰਹੋਂ ਗੋਗੀ ਦੀ ਕਹਾਣੀ ਸੁਣਕੇ ਉਹ ਬੋਲੀ, "ਦੁਨੀਆਂ ਦੇ ਹਰ ਕੋਨੇ ਵਿਚ ਔਰਤ ਨੂੰ ਹਮੇਸ਼ਾ ਮਰਦ ਦੇ ਕੀਤੇ ਫ਼ੈਸਲਿਆਂ ਅਨੁਸਾਰ ਚੱਲਣ ਤੇ ਹੀ ਮਜ਼ਬੂਰ ਕੀਤਾ ਜਾਂਦਾ ਹੈ, ਭਾਵੇਂ ਉਹ ਜ਼ਿੰਦਗੀ ਦੇ ਕਿਸੇ ਮੋੜ ਉਪਰ ਭੀ ਹੋਵੇ ....ਜਿਵੇਂ ਕਿ ਉਹ ਇਕ ਆਜ਼ਾਦ ਸ਼ਖਸ਼ੀਅਤ ਨਾ ਹੋਕੇ ਇਕ ਜਾਨਵਰ ਹੀ ਹੋਵੇ .....ਫਿਰ ਕਾਫ਼ੀ ਦੇਰ ਇਹੋ ਜਿਹੀਆਂ ਗੱਲਾਂ ਤੋਂ ਬਾਦ ਕਿਰਨ ਨੇ ਕੈਨੇਡਾ ਵਿਚ ਆਪਣੇ ਮਾਮੇ ਦੇ ਘਰ ਫ਼ੋਨ ਮਿਲਾ ਲਿਆ। ਗੋਰਡੀ ਨੇ ਚੁਕਿਆ। ਮੰਮੀ ਡੈਡੀ ਘਰ ਨਹੀਂ ਸਨ। "ਕੀ ਇਹ ਠੀਕ ਗੱਲ ਹੈ ਗੋਰਡੀ?" ਕਿਰਨ ਪੁਛ

ਰਹੀ ਸੀ।

"ਯਾਅ......" ਢਿਲਾ ਜਿਹਾ ਗੋਰਡੀ ਦਾ ਜੁਆਬ ਆਇਆ।

"ਪਰ ਕਿਉਂ ?" ਕਿਰਨ ਜ਼ਰਾ ਬੇਸਬਰੀ ਨਾਲ ਪੁਛਿਆ।

"ਹਾਰਡੀ ਕਹਿੰਦਾ ਮੈਂ ਨੀ ਵਿਆਹ ਕਰਾਉਣਾ, ਡੈਡੀ ਬਹੁਤ ਮੈਡ ਹੋਇਆ, ਮਾਮ ਭੀ ਅਪਸੈੱਟ ਸੀ, .......ਮੈਨੂੰ ਕਹਿੰਦੀ ਜੇ ਤੂੰ ਨਾ ਕਰਾਇਆ ਤਾਂ ਤੇਰੇ ਡੈਡੀ ਨੂੰ ਹਾਅਰਟ ਅਟੈਕ ਹੋ ਜਾਣਾਂ ਆਂ .ਮੈਂ ਹੋਰ ਕੀ ਕਰਦਾ ?" ਗੋਰਡੀ ਭੋਲੇ ਭਾਅ ਦੱਸ ਰਿਹਾ ਸੀ।

ਉਧਰ ਕਿਰਨ ਦੀ ਸਹੇਲੀ ਦੀ ਗੱਲ ਨੇ ਜਿਵੇਂ ਗੋਗੀ ਅੰਦਰ ਇਕ ਨਵੀਂ ਤਾਰ ਟੁਣਕਾਰ ਦਿੱਤੀ ਹੋਵੇ। ਉਸਨੂੰ ਯਾਦ ਆਇਆ ਕਿ ਜਦੋਂ ਉਹ ਛੋਟੀ ਜਿਹੀ ਹੁੰਦੀ ਸੀ ਤਾਂ ਉਨ੍ਹਾਂ ਦੇ ਘਰ ਇਕ ਵਾਰ ਇਕ ਬਹੁਤ ਸੋਹਣੀ ਮੱਝ ਖ੍ਰੀਦ ਕੇ ਲਿਆਂਦੀ ਸੀ। ਉਸਦੀਆਂ ਬਿਲੌਰੀ ਅੱਖਾਂ, ਮੁੜਵੇਂ ਸਿੰਗ, ਚੌਹਾਂ ਖੁਰਾਂ ਅਤੇ ਮੱਥੇ ਉਪਰ ਚਿੱਟੇ ਰੰਗ ਦੇ ਦਾਗ਼ ਸਨ। ਸਾਰੇ ਉਸਨੂੰ ਪੰਜ ਕਲਿਆਣੀ ਕਹਿੰਦੇ ਹੁੰਦੇ ਸਨ। ਅਚਾਨਕ ਕੁਝ ਦੇਰ ਬਾਦ ਪਹਿਲਾਂ ਤਾਂ ਉਸ ਮੱਝ ਦੀ ਕੱਟੀ ਤੇ ਫਿਰ ਅੱਗੜ ਪਿੱਛੜ ਉਨ੍ਹਾਂ ਦੇ ਦੋਵੇਂ ਬਲ਼ਦ ਮਰ ਗਏ । ਕਿਸੇ ਸਿਆਣੇ ਨੇ ਵਹਿਮ ਪਾ ਦਿੱਤਾ ਕਿ ਇਸ ਮੱਝ ਦਾ ਪ੍ਰਛਾਵਾਂ ਘਰ ਦੇ ਬਾਕੀ ਪਸ਼ੂਆਂ ਲਈ ਚੰਗਾ ਨਹੀਂ। ਗੋਗੀ ਦਾ ਬਾਬਾ ਜਲਦੀ ਹੀ ਉਸਨੂੰ ਵੇਚਣ ਲਈ ਕਾਹਲਾ ਪੈ ਗਿਆ।

ਇਕ ਦਿਨ ਦੋ ਗਾਹਕ ਆਏ। ਪਹਿਲਾਂ ਗਾਹਕ ਉਨ੍ਹਾਂ ਦੇ ਪਿੰਡ ਦਾ ਬਚਨਾ ਸੀ ਜੋ ਕਿ ਮੱਝ ਦੇ ਨੌਂ ਸੌ ਰੁਪੈ ਨਕਦ ਦੇ ਰਿਹਾ ਸੀ । ਨਾਲ ਦੇ ਪਿੰਡ ਦਾ ਇਕ ਵਪਾਰੀ ਸਾਢੇ ਨੌਂ ਸੌ ਦੇਣਾ ਮੰਨ ਗਿਆ , ਦਸ ਰੁਪਏ ਸਾਈ ਦੇ ਭੀ ਦੇ ਗਿਆ ਤੇ ਬਾਕੀ ਦੇ ਅਗਲੇ ਦਿਨ ਲੈ ਕੇ ਆਉਣ ਦਾ ਇਕਰਾਰ ਕਰ ਗਿਆ। " ਉਦਾਂ ਜੀ ਦਸ ਰੁਪੈ ਭੀ ਕੀ ਸਾਈ ਹੋਈ, ਜੇ ਉਹ ਕੱਲ ਨੂੰ ਨਾ ਆਇਆ, ਐਡੇ ਸੌਦੇ ਦੀ ਸਾਈ ਤਾਂ ਜ਼ਿਆਦਾ ਮੰਗਦਾ, ਨਾਲੇ ਇਹ ਦੂਸਰੇ ਸੂਏ ਆ ਸਾਰੀ। ਇਹਦਾ ਘੱਟੋ ਘੱਟ ਤੇਰਾਂ ਸੌ ਤਾਂ ਮਿਲਣਾ ਚਾਹੀਦਾ ਸੀ। " ਉਸਦੇ ਜਾਣ ਦੇ ਬਾਦ ਗੋਗੀ ਦੀ ਦਾਦੀ ਬਾਬੇ ਨੂੰ ਜਰਾ ਨਰਾਜ਼ਗੀ ਨਾਲ ਕਹਿ ਰਹੀ ਸੀ।

"ਤੂੰ ਇਹਦਾ ਫਾਹਾ ਵੱਢਣ ਵਾਲੀ ਗੱਲ ਕਰ , ਜੇ ਉਹ ਸਾਈ ਵਾਲਾ ਨਾ ਮੁੜਿਆ ਤਾਂ ਭੀ ਕੀ ਆ, ਬਚਨਾ ਤਾਂ ਨੌਂ ਸੌ ਨਕਦ ਲਈ ਬੈਠਾ .....ਇਹਦਾ ਸੰਗਲ ਉਹਨੂੰ ਫੜਾ ਦਿਆਂਗੇ । " ਬਾਬਾ ਕਹਿ ਰਿਹਾ ਸੀ।

"ਕੀ ਸੋਚਿਆ ਫਿਰ?" ਚਾਹ ਦੀ ਪਿਆਲੀ ਅੱਗੇ ਰੱਖਦੀ ਕਿਰਨ ਨੇ ਉਸਦੀ ਸੋਚਾਂ ਦੀ ਲੜੀ ਨੂੰ ਤੋੜਿਆ।

ਗੋਗੀ ਵੱਲੋਂ ਕੋਈ ਜੁਆਬ ਨਾ ਆਉਂਦਾ ਦੇਖ ਦੇ ਕਿਰਨ ਦੀ ਸਹੇਲੀ ਬੋਲੀ, "ਦੇ ਖ ਇਸ ਮੁਲਕ ਵਿਚ ਤੇਰੇ ਘਰ ਵਾਲੇ ਤੇਰੇ ਕੋਲੋਂ ਜ਼ਬਰਦਸਤੀ ਆਪਣੀ ਮਨ ਮਰਜ਼ੀ ਨਹੀਂ ਕਰਵਾ ਸਕਦੇ।"

"ਜੇ ਤੇਰਾ ਵਿਆਹ ਲਈ ਦਿਲ ਨਹੀਂ ਮੰਨਦਾ ਤਾਂ ਅਜੇ ਭੀ ਵਕਤ ਹੈ। " ਕਿਰਨ



ਬੋਲੀ।

"ਜੇਕਰ ਤੈਨੂੰ ਰਹਿਣ ਦੀ ਪ੍ਰਾਬਲਮ ਹੈ ਤਾਂ ਤੂੰ ਜਿਤਨੀ ਦੇਰ ਚਾਹੇਂ ਮੇਰੇ ਕੋਲ ਠਹਿਰ ਸਕਦੀ ਏਂ।" ਸਹੇਲੀ ਨੇ ਕਿਹਾ।

"ਵੈਸੇ ਮੈਂ ਆਪਣੇ ਦਫ਼ਤਰ ਤੋਂ ਭੀ ਪਤਾ ਕਰਾਂਗੀ ਕਿ ਉਹ ਕਿਸ ਤਰਾਂ ਤੇਰੀ ਮਦਦ ਕਰ ਸਕਦੇ ਹਨ। " ਕਿਰਨ ਨੇ ਹੌਂਸਲਾ ਬੰਨਾਇਆ।

ਕੁਝ ਦੇਰ ਖ਼ਾਮੋਸ਼ ਰਹਿਣ ਤੋਂ ਬਾਦ ਗੋਗੀ ਬੋਲੀ, " ਉਦਾਂ ਤਾਂ ਪਰਸੋਂ ਨੂੰ ਬਾਬਾ ਜੀ ਨੇ ਭੀ ਇੰਡੀਆ ਤੋਂ ਆ ਜਾਣਾਂ।" ਫਿਰ ਕੁਝ ਦੇਰ ਬਾਦ ਕਿਰਨ ਵਲ ਮੂੰਹ ਕਰਕੇ ਬੋਲੀ, " ਤੁਸੀਂ ਇਕ ਵਾਰੀ ਫਿਰ ਗੋਰਡੀ ਨਾਲ ਫ਼ੋਨ ਮਿਲਾਉ!"

ਕਿਰਨ ਨੇ ਫ਼ੋਨ ਮਿਲਾਕੇ ਗੋਗੀ ਨੂੰ ਫੜਾ ਦਿੱਤਾ, "...ਹੈਲੋ ਗੋਰਡੀ .....ਮੈਨੂੰ ਪਤਾ ਏ ਕਿ ਤੂੰ ਇਕ ਬਹੁਤ ਚੰਗਾ ਬੰਦਾ ਏਂ .....ਪਰ ਮੈਂ ਅਜੇ ਵਿਆਹ ਨਹੀਂ ਕਰਵਾਉਣਾ ਚਾਹੁੰਦੀ, ਮੇਰਾ ਦਿਲ ਨਹੀਂ ਮੰਨਦਾ.......ਸੋ ਤੂੰ ਪਲੀਜ਼ ਆਪਣੇ ਮੰਮੀ ਡੈਡੀ ਨੂੰ ਕਹਿ ਦੇਵੀਂ ਕਿ ਵਿਆਹ ਵਾਸਤੇ ਇੱਥੇ ਨਾ ਆਇਉ।" ਇਤਨੀ ਗੱਲ ਕਹਿ ਕੇ ਉਸਨੂੰ ਅਦਭੁਤ ਕਿਸਮ ਦਾ ਹਲਕਾ ਪਨ ਤੇ ਆਜ਼ਾਦੀ ਮਹਿਸੂਸ ਹੋਈ। ਦੂਸਰੇ ਪਾਸੇ ਤੋਂ ਪਤਾ ਨਹੀਂ ਗੋਰਡੀ ਨੇ ਕੁਝ ਕਿਹਾ ਕਿ ਨਹੀਂ, ਪਰ ਗੋਗੀ ਫਿਰ ਬੋਲੀ, "ਆਈ ਐਮ ਸੌਰੀ, ਓ ਕੋਅਅਅ.....ਸਮਝਣ ਦੀ ਕੋਸ਼ਿਸ਼ ਕਰੀਂ। " ਕਹਿਕੇ ਜਿਉਂਹੀ ਉਸਨੇ ਫ਼ੋਨ ਦਾ ਰਿਸੀਵਰ ਕ੍ਰੈਡਿਲ (cradle)ਉਪਰ ਰੱਖਿਆ ਤਾਂ ਉਪਰ ਵਲ ਮੂੰਹ ਕਰਕੇ ਇਕ ਲੰਮਾ ਸਾਰਾ ਸਾਹ ਛੱਡਦੀ ਨੂੰ ਇਵੇਂ ਮਹਿਸੂਸ ਹੋਇਆ ਕਿ ਜਿਵੇਂ ਅੱਜ ਉਹ ਪੰਜ ਕਲਿਆਣੀ ਬਣਦੀ ਬਣਦੀ ਬਚ ਗਈ ਹੋਵੇ! ਕਿਰਨ ਤੇ ਉਸਦੀ ਸਹੇਲੀ ਦੇ ਚਿਹਰੇ ਉਪਰ ਹੈਰਾਨੀ ਤੇ ਖੁਸ਼ੀ ਦੇ ਰਲਵੇਂ ਮਿਲਵੇਂ ਪ੍ਰਭਾਵ ਨਜ਼ਰ ਆ ਰਹੇ ਸਨ।

(ਨਵੰਬਰ 1991)

# ਢਿੱਡ ਦੀ ਭੁੱਖ

ਫ੍ਰੈਂਕਫਰਟ ਦੇ ਵਿਸ਼ਾਲ ਰੇਲਵੇ ਸਟੇਸ਼ਨ ਉਪਰ ਜਨੇਵਾ ਤੋਂ ਆਕੇ ਗੱਡੀ ਰੁਕੀ। ਗਲ ਵਿਚ ਕੈਮਰਾ ਲਟਕਾਈ ਤੇ ਹੱਥ ਵਿਚ ਇਕ ਛੋਟਾ ਜਿਹਾ ਹੈਂਡ ਬੈਗ ਉਠਾਈ ਰਾਜ ਡੱਬੇ ਵਿਚੋਂ ਉਤਰਿਆ। ਪਲੇਟਫਾਰਮ ਉਪਰ ਆਕੇ ਘੜੀ ਦੇਖੀ। ਉਸਦੀ ਫਲਾਈਟ ਵਿਚ ਅਜੇ ਲਗਪਗ ਪੰਜ ਘੰਟੇ ਰਹਿੰਦੇ ਸਨ। ਇਕ ਬੈਂਚ ਦੇ ਕੋਲ ਖੜ ਕੇ ਉਹ ਉੱਥੇ ਦੀ ਰੌਣਕ ਦੇਖਣ ਲਗ ਪਿਆ। ਪਲੇਟਫਾਰਮ ਉਪਰ ਕਿਧਰੇ ਕਿਧਰੇ ਰੰਗਦਾਰ ਲੋਕ ਭੀ ਨਜ਼ਰ ਆ ਰਹੇ ਸਨ। ਜਰਮਨੀ ਵਿਚ ਅੱਜਕਲ੍ਹ ਕਾਫ਼ੀ ਲੋਕ ਆ ਰਹੇ ਸਨ, ਖ਼ਾਸਕਰ ਰੰਗਦਾਰ ਮੁਲਕਾਂ ਵਿਚੋਂ। ਕਾਫ਼ੀ ਗਿਣਤੀ ਵਿਚ ਪੰਜਾਬੀ ਨੌਜੁਆਨ ਪਾਕਿਸਤਾਨ ਅਤੇ ਭਾਰਤ ਵਿਚੋਂ ਰਾਜਨੀਤਕ ਸ਼ਰਨਾਰਥੀ ਬਣਕੇ ਭੀ ਜਰਮਨੀ ਵਿਚ ਟਿਕ ਰਹੇ ਸਨ। ਅਜੇ ਕੁਝ ਦਿਨ ਪਹਿਲਾਂ ਹੀ ਪੂਰਬੀ ਅਤੇ ਪੱਛਮੀ ਜਰਮਨੀ ਵਿਚਕਾਰਲੀ ਕੰਧ ਢਾਹੀ ਗਈ ਸੀ ਜਿਸਦੇ ਬਾਰੇ ਉਹ ਆਪਣੇ ਜਨੇਵਾ ਵਾਲੇ ਦੋਸਤ ਜਿਸਨੂੰ ਉਹ ਮਿਲਕੇ ਆ ਰਿਹਾ ਸੀ, ਨਾਲ ਭੀ ਵਿਚਾਰ ਵਟਾਂਦਰਾ ਕਰਦਾ ਰਿਹਾ ਸੀ।

"ਦੋਨਾਂ ਮੁਲਕਾਂ ਦੀ ਜ਼ੁਬਾਨ ਇਕ, ਸਭਿਆਚਾਰ ਇਕ, ਫਿਰ ਇਸ ਦੀਵਾਰ ਦਾ ਕੀ ਕੰਮ?" ਉਸਦੇ ਦੋਸਤ ਦਾ ਵਿਚਾਰ ਸੀ, "ਇਸਨੂੰ ਕੈਪੀਟਲਿਜ਼ਮ ਦੀ ਕੌਮਿਊਨਿਜ਼ਮ ਉਪਰ ਜਿੱਤ ਨਾਲੋਂ ਇਸ ਪ੍ਰਸੰਗ ਵਿਚ ਦੇਖਣਾ ਚਾਹੀਦਾ ਹੈ।"

"ਕਾਸ਼ ਕੀ ਕਦੀ ਪੰਜਾਬੀ ਭੀ ਇਸ ਤਰਾਂ ਮਹਿਸੂਸ ਕਰਨਗੇ!" ਉਹ ਬੈਂਚ ਦੇ ਕੋਲ ਖੜਾ ਸੋਚ ਰਿਹਾ ਸੀ ਕਿ ਉਸਦੇ ਪਿੱਛੋਂ ਇਕ ਅਣਜਾਣ ਜਿਹੀ ਆਵਾਜ਼ ਸੁਣਾਈ ਦਿੱਤੀ, "ਬਾਦਸ਼ਾਹੋ! ਨਵੇਂ ਹੀ ਆਏ ਲਗਦੇ ਓ?" ਉਸਨੇ ਪਲਟ ਕੇ ਦੇਖਿਆ ਤਾਂ ਇਕ ਜ਼ਰਾ ਕੁ ਪਤਲਾ ਜਿਹਾ ਨੌਜੁਆਨ ਮੁਸਕਰਾਉਂਦਾ ਹੋਇਆ ਉਸ ਵਲ ਆ ਰਿਹਾ ਸੀ।

"ਜੀ ਹਾਂ! ਨਵਾਂ ਹੀ ਸਮਝੋ।" ਰਾਜ ਨੇ ਜ਼ਰਾ ਸੋਚ ਕੇ ਮੁਸਕਰਾਉਂਦੇ ਹੋਏ ਨੇ ਜੁਆਬ ਦਿੱਤਾ।

"ਕਿਹੜੇ ਕੰਟਰੀ ਰਾਹੀਂ ਆਏ ਓ?" ਉਸਨੇ ਜ਼ਰਾ ਅਪਣੱਤ ਨਾਲ ਪੁੱਛਿਆ।

"ਜੀ ਮੈਂ ਸਵਿਟਜ਼ਰਲੈਂਡ ਤੋਂ ਹੋ ਕੇ ਆਇਆ ਹਾਂ।"

"ਵਾਹ, ਕਿਆ ਰਸਤਾ ਲੱਭਿਆ ਏ ਜਰਮਨ ਆਉਣ ਵਾਸਤੇ", ਉਸਨੇ ਜ਼ਰਾ ਹੈਰਾਨੀ ਤੇ ਖ਼ੁਸ਼ੀ ਨਾਲ ਕਿਹਾ, "ਇੱਥੇ ਜਾਣਦੇ ਓ ਕਿਸੇ ਨੂੰ?"

"ਨਹੀਂ, ਮੈਂ ਤਾਂ ਸਿਰਫ਼ ਕੁਝ ਦੇਰ ਲਈ ਇਹ ਸ਼ਹਿਰ ਦੇਖਣਾ ਚਾਹੁੰਦਾ ਹਾਂ।" ਰਾਜ ਨੇ ਬੈਂਚ ਉਪਰੋਂ ਹੈਂਡ ਬੈਗ ਉਠਾਉਂਦੇ ਹੋਏ ਨੇ ਕਿਹਾ।

"ਲਉ ਬਾਦਸ਼ਾਹੋ, ਅਸੀਂ ਤੁਹਾਨੂੰ ਸ਼ਹਿਰ ਦਿਖਾ ਦਿੰਦੇ ਆਂ, ਆਉ ਮੇਰੇ ਨਾਲ।"



ਉਸਨੇ ਬਲਰਾਜ ਹੱਥੋਂ ਹੈਂਡ ਬੈਗ ਫੜਦੇ ਹੋਏ ਨੇ ਕਿਹਾ।

"ਕੋਈ ਗੱਲ ਨੀ ਮੈਂ ਆਪ ਹੀ ਚੁਕ ਲੈਂਦਾ ਹਾਂ।" ਉਸਨੇ ਜ਼ਰਾ ਹੱਥ ਖਿੱਚਕੇ ਕਿਹਾ।

"ਕੋਈ ਗੱਲ ਨੀ ਬਾਦਸ਼ਾਹੋ, ਅਜੇ ਨਵੇਂ ਹੀ ਆਏ ਓ, ਇਕ ਦਿਨ ਤਾਂ ਖਿਦਮਤ ਕਰਨ ਦਾ ਮੌਕਾ ਦਿਉ ਸਾਨੂੰ।" ਕਹਿਕੇ ਉਸਨੇ ਰਾਜ ਹੱਥੋਂ ਬੈਗ ਫੜ ਹੀ ਲਿਆ। ਸ਼ਾਇਦ ਉਹ ਉਸਨੂੰ ਨਵਾਂ ਨਵਾਂ ਪੰਜਾਬ ਤੋਂ ਆਇਆ ਸਮਝ ਰਿਹਾ ਸੀ ਜਦ ਕਿ ਰਾਜ ਤਾਂ ਅਮਰੀਕਾ ਤੋਂ ਇੰਡੀਆ ਨੂੰ ਜਾਂਦਾ ਜਾਂਦਾ ਰਾਹ ਵਿਚ ਫ੍ਰੈਂਕਫਰਟ ਦੋ ਦਿਨ ਲਈ ਰੁਕਿਆ ਸੀ ਤਾਂ ਕਿ ਉਹ ਉਥੋਂ ਗੱਡੀ ਬੈਠ ਕੇ ਜਨੇਵਾ ਆਪਣੇ ਦੋਸਤ ਨੂੰ ਮਿਲ ਆਵੇ। ਤੇ ਹੁਣ ਉਹ ਗੱਡੀ ਰਾਹੀਂ ਸਵਿਟਜ਼ਰਲੈਂਡ ਤੇ ਜਰਮਨੀ ਦੇ ਨਜ਼ਾਰੇ ਮਾਣਦਾ ਵਾਪਿਸ ਫ੍ਰੈਂਕਫਰਟ ਪਹੁੰਚਿਆ ਸੀ। ਦੁਪਹਿਰ ਢਲ ਚੁਕੀ ਸੀ ਤੇ ਰਾਤ ਨੂੰ ਉਸਦੀ ਦਿੱਲੀ ਵਾਸਤੇ ਫ੍ਰੈਂਕਫੋਰਟ ਤੋਂ ਫ਼ਲਾਈਟ ਉਡਣੀ ਸੀ।

"ਕੋਈ ਖਾਣ ਪੀਣ ਦਾ ਇੰਤਜਾਮ ਹੋ ਸਕਦਾ?" ਰਾਜ ਨੇ ਜ਼ਰਾ ਭੁੱਖ ਮਹਿਸੂਸ ਕਰਦੇ ਹੋਏ ਨੇ ਉਸ ਨੌਜੁਆਨ ਨੂੰ ਪੁਛਿਆ।

"ਕਿਉਂ ਨਈ ਬਾਦਸ਼ਾਹੋ, ਆਹ ਲਾਗੇ ਈ ਇਕ ਆਪਣੇ ਪੰਜਾਬੀ ਭਰਾ ਦਾ ਰੈਸਟੋਰੈਂਟ ਹੈ ਏ, ਬਹੁਤ ਮਜ਼ੇਦਾਰ ਕਬਾਬ ਬਣਾਉਂਦਾ ਏ।" ਤੇ ਉਹ ਦੋਵੇਂ ਰੇਲਵੇ ਸਟੇਸ਼ਨ ਦੇ ਨਜ਼ਦੀਕ ਹੀ ਇਕ ਸ਼ਾਪਿੰਗ ਪਲਾਜ਼ਾ ਦੇ ਪਿਛਲੇ ਪਾਸੇ ਇਕ ਨਿੱਕੇ ਜਿਹੇ ਰੈਸਟੋਰੈਂਟ ਵਿਚ ਦਾਖਿਲ ਹੋ ਗਏ। ਵੀਹਾਂ ਕੁ ਸੀਟਾਂ ਦਾ ਇਹ ਰੈਸਟੋਰੈਂਟ ਸੀ ਜਿਸ ਵਿਚ ਇਸ ਵੇਲੇ ਇਕ ਅੱਧਾ ਗਾਹਕ ਹੀ ਹੋਰ ਬੈਠਾ ਸੀ। ਇਕ ਹੋਰ ਪਤਲਾ ਜਿਹਾ ਨੌਜੁਆਨ ਕਾਊਂਟਰ ਉਪਰ ਮੌਜੂਦ ਸੀ।

"ਦਿਲਾਵਰ ਕਿਧਰ ਗਿਆ ਏ?" ਉਸਨੇ ਕਾਊਂਟਰ ਤੇ ਖੜੇ ਨੌਜੁਆਨ ਨੂੰ ਪੁਛਿਆ।

"ਥੋੜੀ ਦੇਰ ਨੂੰ ਆਉਣਗੇ, ਜ਼ਰਾ ਕੰਮ ਗਏ ਆ।" ਉਸਨੇ ਦੋ ਮੈਨਿਊ ਅਗਾਂਹ ਵਧਾਉਂਦੇ ਨੇ ਜੁਆਬ ਦਿੱਤਾ।

"ਇਨ੍ਹਾਂ ਨੂੰ ਰਹਿਣਦੇ ਤੂੰ, ਸਾਨੂੰ ਗਰਮਾ ਗਰਮ ਕੁਆਬ ਖੁਆ," ਮੈਨਿਊ ਉਸਨੂੰ ਵਾਪਿਸ ਮੋੜਦਾ ਉਹ ਬੋਲਿਆ ਤੇ ਫਿਰ ਜ਼ਰਾ ਕੁ ਰੁਕ ਕੇ ਰਾਜ ਨੂੰ ਕਹਿਣ ਲੱਗਾ, "ਤੁਸੀਂ ਕੋਈ ਬੀਅਰ ਵਗੈਰਾ ਲਓਗੇ?"

"ਹਾਂ ਇਕ ਲੈ ਲਵਾਂਗਾ।"

ਤੇ ਜਲਦੀ ਹੀ ਉਹ ਨੌਜੁਆਨ ਇਕ ਠੰਡੀ ਕੀਤੀ ਹੋਈ ਹਾਇਨਾਕਿਨ ਬੀਅਰ ਦੀ ਡੱਬੀ ਤੇ ਇਕ ਪਲਾਸਟਕ ਦਾ ਗਿਲਾਸ ਉਨ੍ਹਾਂ ਦੇ ਮੇਜ਼ ਉਪਰ ਰੱਖ ਗਿਆ।

"ਤੇ ਤੁਹਾਡੇ ਲਈ ?" ਰਾਜ ਨੇ ਆਪਣੇ ਮੇਜ਼ਬਾਨ ਨੂੰ ਪੁਛਿਆ।

"ਅਲਾਹ ਨੇ ਸਾਡੇ ਮੁਕੱਦਰ ਵਿਚ ਹੀ ਨਹੀਂ ਲਿਖੀ," ਉਸਨੇ ਕੁਝ ਮੁਸਕਰਾ ਕੇ ਜੁਆਬ ਦਿੱਤਾ ਤੇ ਰਾਜ ਨੂੰ ਪਹਿਲੀ ਵਾਰੀ ਅਹਿਸਾਸ ਹੋਇਆ ਕਿ ਉਸਦਾ ਮੇਜ਼ਬਾਨ ਪੰਜਾਬੀ ਮੁਸਲਮਾਨ ਏ।

"ਮੁਆਫ਼ ਕਰਨਾ ਮੈਂ ਤੁਹਾਡਾ ਨਾਮ ਈ ਨਹੀਂ ਪੁੱਛਿਆ।" ਉਸਨੇ ਬੀਅਰ ਦਾ ਘੁੱਟ ਭਰਦੇ ਹੋਏ ਨੇ ਕਿਹਾ।

"ਮੈਨੂੰ ਅਸਲਮ ਆਖਦੇ ਨੇ।"

"ਪਿੱਛੋਂ ਕਿਹੜੀ ਜਗ੍ਹਾਂ ਤੋਂ?"

"ਅਸੀਂ ਖ਼ਾਸ ਲਾਹੌਰ ਤੋਂ, ਇਹ ਰੈਸਟੋਰੈਂਟ ਦਾ ਮਾਲਿਕ ਦਿਲਾਵਰ ਭੀ ਲਾਹੌਰ ਤੋਂ ਈ ਏ।" ਤੇ ਫਿਰ ਗੱਲਾਂ ਦੇ ਦੌਰਾਨ ਅਸਲਮ ਨੇ ਦੱਸਿਆ ਕਿ ਉਹ ਕੋਈ ਤਿੰਨ ਕੁ ਸਾਲ ਪਹਿਲਾਂ ਪਾਕਿਸਤਾਨ ਤੋਂ ਚੱਲਿਆ ਸੀ। ਬੱਸ ਦੇ ਰਾਹੀਂ ਉਸਨੇ ਪਹਿਲਾਂ ਸਾਰਾ ਈਰਾਨ ਪਾਰ ਕੀਤਾ ਤੇ ਫਿਰ ਤੁਰਕੀ ਵਿਚੋਂ ਹੁੰਦਾ ਹੋਇਆ ਇਸਤੰਬੋਲ ਰਾਹੀਂ ਬਲਗਾਰੀਆ ਵਿਚ ਦਾਖਿਲ ਹੋਇਆ।" ਅਸਲਮ ਦੱਸ ਰਿਹਾ ਸੀ।

ਯੂਗੋਸਲਾਵੀਆ ਤੋਂ ਘੁੰਮਦਾ ਹੋਇਆ ਉਹ ਆਸਟਰੀਆ ਦਾਖ਼ਲ ਹੋ ਗਿਆ ਤੇ ਕੁਝ ਦੇਰ ਉਥੇ ਵੀਆਨਾ ਦੇ ਕਿਸੇ ਹੋਟਲ ਵਿਚ ਕੰਮ ਕੀਤਾ ਤੇ ਫਿਰ ਇਕ ਦਿਨ ਉਥੋਂ ਵੈਸਟ ਜਰਮਨੀ ਨੂੰ ਰਾਤ ਬਰਾਤੇ ਬਾਰਡਰ ਕਰਾਸ ਕਰ ਲਿਆ ਤੇ ਇੱਥੇ ਆਣਕੇ ਰਾਜਨੀਤਕ ਸ਼ਰਨਾਰਥੀ ਦੇ ਤੌਰ ਤੇ ਰਹਿ ਗਿਆ ਸੀ। ਪਹਿਲਾਂ ਪਹਿਲ ਇਹ ਦਿਲਾਵਰ ਕੋਲ ਟਿਕ ਗਿਆ ਸੀ ਜੋ ਉਦੋਂ ਇੱਥੋਂ ਕੁਝ ਘੰਟਿਆਂ ਦੀ ਦੂਰੀ ਉਪਰ ਸਟੁੱਟਗਾਰਡ ਨਾਂ ਦੇ ਸ਼ਹਿਰ ਵਿਚ ਰਹਿੰਦਾ ਸੀ ," ਆਹ ਜਿੱਥੇ ਮਰਸਡੀਜ਼ ਬਣਦੀ ਜੇ।"

ਫਿਰ ਉਸਨੇ ਦੱਸਿਆ ਕਿ ਦਿਲਾਵਰ ਉਸਤੋਂ ਕੁਝ ਸਾਲ ਪਹਿਲਾਂ ਜਰਮਨੀ ਆ ਗਿਆ ਸੀ। ਕੁਝ ਸਾਲ ਉਥੇ ਕੰਮ ਕਰਨ ਤੋਂ ਬਾਦ ਹੁਣ ਉਸਨੇ ਇਥੇ ਫ੍ਰੈਂਕਫਰਟ ਵਿਚ ਆਕੇ ਇਹ ਰੈਸਟੋਰੈਂਟ ਚਾਲੂ ਕਰ ਲਿਆ ਸੀ ਤੇ ਅਸਲਮ ਅਜੇ ਭੀ ਸਟੁੱਟਗਾਰਡ ਵਿਚ ਹੀ ਰਹਿੰਦਾ ਹੈ।

"ਅੱਜ ਕਿਧਰ ਅੱਛੂ?" ਦਿਲਾਵਰ ਨੇ ਉਨ੍ਹਾਂ ਦੀ ਮੇਜ਼ ਵਲ ਆਉਂਦਿਆਂ ਅਸਲਮ ਨੂੰ ਸੰਬੋਧਨ ਕਰਕੇ ਕਿਹਾ।

"ਆ ਭਾਈ ਦਿਲਾਵਰ ਖਾਨ ਡੁੱਚ, ਖ਼ੈਰੀਅਤ ਏ ?" ਅਸਲਮ ਬੋਲਿਆ।

ਪੂਰਾ ਚਾਲੀ ਹਜ਼ਾਰ ਲੱਗਾ ਏ ਡੁੱਚ ਬਣਨ ਲਈ, ਤੇਰਾ ਦਿਲ ਕਰਦਾ ਏ ਤਾ ਤੂੰ ਭੀ ਮਾਰ ਕੇ ਦੇਖ ਹਿੰਮਤ, ਤੈਨੂੰ ਰੋਕਿਆ ਕਿਸੇ ਨੇ?" ਉਚੇ ਲੰਮੇ ਤੇ ਚੰਗੀ ਡੀਲ ਡੌਲ ਵਾਲੇ ਦਿਲਾਵਰ ਨੇ ਭੀ ਉਸੇ ਰੌਅ ਵਿਚ ਕਿਹਾ।

"ਮੈਨੂੰ ਅੱਜ ਛੁੱਟੀ ਸੀ, ਮੈਂ ਕਿਹਾ ਤੇਰੇ ਸ਼ਹਿਰ ਦੀ ਰੌਣਕ ਸ਼ੌਣਕ ਦੇਖ ਆਈਏ।



ਡੀ ਤੋਂ ਉਤਰਿਆ ਤਾਂ ਇਹ ਭਾਈ ਹੋਰੀਂ ਮਿਲ ਗਏ, ਇੱਥੇ ਨਵੇਂ ਨਵੇਂ ਆਏ ਨੇ।" ਅਸਲਮ ਦਿਲਾਵਰ ਦੀ ਗੱਲ ਅਣਸੁਣੀ ਕਰਦੇ ਹੋਏ ਨੇ ਕਿਹਾ, "ਮੈਂ ਹਾਲੀਂ ਤੁਹਾਡਾ ਨਾਮ ਹੀ ਨਹੀਂ ਛਿਆ।

"ਬਲਰਾਜ ਸਿੰਘ।" ਰਾਜ ਨੇ ਜ਼ਰਾ ਮੁਸਕਰਾ ਕੇ ਕਿਹਾ।

"ਦਿਲਾਵਰ ਖ਼ਾਨ।" ਦਿਲਾਵਰ ਨੇ ਹੱਥ ਮਿਲਾਉਣ ਲਈ ਅੱਗੇ ਕਰਦਿਆਂ ਕਿਹਾ, ਕੋਈ ਸਾਡੇ ਲਾਇਕ ਖ਼ਿਦਮਤ ਹੋਵੇ ਤਾਂ ਦੱਸਣਾ।"

"ਕੋਈ ਨੀ, ਉਹ ਭੀ ਦੱਸਾਂਗੇ। ਫਿਲਹਾਲ ਮੈਂ ਇਨ੍ਹਾਂ ਨੂੰ ਸ਼ਹਿਰ ਦਿਖਾ ਦੇਵਾਂ।" ਦਿਲਾਵਰ ਨੂੰ ਅੱਖ ਮਾਰ ਕੇ ਉਠਦਾ ਹੋਇਆ ਅਸਲਮ ਬੋਲਿਆ ਤੇ ਰਾਜ ਦਾ ਹੈਂਡ ਬੈਗ ਦਿਲਾਵਰ ਦੇ ਸਪੁਰਦ ਕਰਕੇ ਉਹ ਬਾਹਰ ਆ ਗਏ। ਬਲਰਾਜ ਨੇ ਖਾਣੇ ਦੇ ਪੈਸੇ ਅਦਾ ਕਰਨੇ ਚਾਹੇ ਤਾਂ ਦਿਲਾਵਰ ਨੇ ਕਿਹਾ ਕਿ ਅਸੀਂ ਨਵੇਂ ਆਏ ਬੰਦੇ ਤੋਂ ਪੈਸੇ ਨਹੀਂ ਲੈਂਦੇ। ਇਕਵਾਰ ਤਾਂ ਬਲਰਾਜ ਦਾ ਦਿਲ ਕੀਤਾ ਕਿ ਉਹ ਦੱਸ ਦੇਵੇ ਕਿ ਉਹ ਤਾਂ ਅਮ੍ਰੀਕਾ ਵਿਚ ਰਹਿੰਦਾ ਏ ਤੇ ਦੇਸ ਸਿਰਫ਼ ਘੁੰਮਣ ਫਿਰਨ ਵਾਸਤੇ ਹੀ ਜਾ ਰਿਹਾ ਹੈ ਨਾ ਕਿ ਦੇਸ ਤੋਂ ਜਰਮਨੀ ਵਿਚ ਟਿਕਣ ਵਾਸਤੇ ਆਇਆ ਹੈ ਪਰ ਫਿਰ ਉਸਨੇ ਸੋਚਿਆ ਕਿ ਪਹਿਲਾਂ ਜ਼ਰਾ ਇਨ੍ਹਾਂ ਪਾਕਿਸਤਾਨੀ ਪੰਜਾਬੀ ਭਾਈਆਂ ਦੀ ਪ੍ਰਾਹੁਣਚਾਰੀ ਦਾ ਨਿੱਘ ਮਾਣ ਲਵਾਂ ਫਿਰ ਜਾਣ ਵੇਲੇ ਦੱਸ ਦਿਆਂਗਾ। ਜੇਕਰ ਹੁਣੇ ਹੀ ਦੱਸ ਦਿੱਤਾ ਤਾਂ ਸ਼ਾਇਦ ਇਹ ਉਸ ਤਰਾਂ ਦੀ ਖ਼ਾਤਰ ਨਾ ਕਰਨ ਜਿਹੋ ਜਿਹੀ ਨਵੇਂ ਆਏ ਬੰਦੇ ਦੀ ਕਰਦੇ ਹਨ। ਵੈਸੇ ਭੀ ਉਸਦੀ ਜੇਬ ਵਿਚ ਪੰਜਾਹ ਕੁ ਮਾਰਕ ਹੀ ਬਚਦੇ ਸਨ। ਫ੍ਰੈਂਕਫਰਟ ਸਟੇਸ਼ਨ ਤੇ ਉਤਰ ਕੇ ਉਸਨੂੰ ਐਕਸਚੇਂਜ ਕਰਾਉਣ ਦਾ ਮੌਕਾ ਹੀ ਨਹੀਂ ਮਿਲਿਆ ਸੀ।

"ਆਹ ਸਾਹਮਣੇ ਏਅਰ ਇੰਡੀਆ ਵਾਲਿਆਂ ਦਾ ਦਫ਼ਤਰ ਏ......ਆਹ ਔਧਰ ਹੋਰ ਭੀ ਦੁਕਾਨਾਂ ਹਨ ਆਪਣੇ ਭਾਈਆਂ ਦੀਆਂ, ਇੱਕ ਸਰਦਾਰ ਭਾਈ ਦੀ ਇਲੈਕਟਰਾਨਿਕਸ ਦੀ ਦੁਕਾਨ ਹੈ, ਬਹੁਤ ਚਲਦੀ ਹੈ," ਅਸਲਮ ਦੱਸ ਰਿਹਾ ਸੀ।

"ਇਹ ਜੋ ਦਿਲਾਵਰ ਨੇ ਚਾਲੀ ਹਜ਼ਾਰ ਵਾਲੀ ਗੱਲ ਕੀਤੀ ਸੀ ਡੁੱਚ ਬਣਨ ਲਈ ਉਸਦਾ ਕੀ ਮਤਲਬ?" ਰਾਜ ਨੇ ਪੁੱਛਿਆ।

"ਡੁਚ ਇਥੇ ਦੀ ਜ਼ੁਬਾਨ ਵਿਚ ਜਰਮਨ ਦੇ ਸ਼ਹਿਰੀ ਨੂੰ ਕਹਿੰਦੇ ਨੇ ਤੇ ਸਾਰੇ ਜਰਮਨ ਨੂੰ ਡੁੱਚਲੈਂਡ। ਦਿਲਾਵਰ ਘਰੋਂ ਬਹੁਤ ਹੀ ਗਰੀਬ ਸੀ ਜਦੋਂ ਇਧਰ ਆਇਆ ਤਾਂ ਪਿੱਛੇ ਲਾਹੌਰ ਇਸ ਦੀ ਬੀਵੀ ਤੇ ਇਕ ਨਿਆਣਾ ਸੀ ਪਰ ਇਸਦੇ ਪਾਸਪੋਰਟ ਉਪਰ ਸਿੰਗਲ ਹੀ ਲਿਖਿਆ ਸੀ। ਤਦੇ ਇਸਨੇ ਇੱਥੇ ਆਕੇ ਧੱਕੇ ਖਾਣ ਤੋਂ ਬਾਦ ਇਕ ਜਰਮਨ ਬੁਢੀ ਨਾਲ ਵਿਆਹ ਕਰਵਾ ਲਿਆ। ਜਿਤਨੀ ਦੇਰ ਉਸ ਨਾਲ ਰਿਹਾ ਉਸਦਾ ਪੂਰਾ ਖਰਚ ਕਰਦਾ ਰਿਹਾ। ਕਈ ਸਾਲ ਲੱਗ ਗਏ ਇਸਨੂੰ ਜਰਮਨ ਸ਼ਹਿਰੀ ਬਣਨ ਵਾਸਤੇ। ਫਿਰ ਜਦੋਂ ਇਸਨੇ ਉਸਤੋਂ ਤਲਾਕ ਮੰਗਿਆ ਤਾਂ ਉਸਨੇ ਬਦਲੇ ਵਿਚ ਇਸਤੋਂ ਵੀਹ ਹਜ਼ਾਰ ਮਾਰਕ ਮੰਗਿਆ। ਇਸਦੇ ਕੋਲ ਬਾਰਾਂ ਤੇਰ੍ਹਾਂ ਹਜ਼ਾਰ ਜਮਾਂ ਸੀ ਜੋ ਸਾਰਾ ਇਸਨੇ ਉਸਨੂੰ ਦੇ ਦਿੱਤਾ। ਤਦ ਜਾਕੇ ਮੰਨੀ ਉਹ ਤਲਾਕ ਲਈ। ਇਹ ਰਕਮ ਤੇ ਇਸ ਤੋਂ ਇਲਾਵਾ ਜੋ ਖਰਚ ਇਹ ਉਸ ਉਪਰ ਕਰਦਾ ਰਿਹਾ ਪੂਰੀ

ਮਿਲ ਮਿਲਾ ਕੇ ਚਾਲੀ ਹਜ਼ਾਰ ਬਣਦਾ ਏ। ਐਨੇ ਸਾਲ ਦਿਲਾਵਰ ਨੇ ਬਹੁਤ ਮਿਹਨਤ ਕੀਤੀ। ਪੰਜ ਦਿਨ ਫ਼ੈਕਟਰੀ ਵਿਚ ਤੇ ਛੁੱਟੀ ਵਾਲੇ ਦਿਨ ਡਲਿਵਰੀ ਟਰੱਕ ਚਲਾਉਂਦਾ ਹੁੰਦਾ ਸੀ। ਥੋੜ੍ਹੇ ਬਹੁਤ ਪੈਸੇ ਬਚਾ ਕੇ ਆਪਣੇ ਘਰ ਨੂੰ ਭੀ ਭੇਜਦਾ ਸੀ।

ਹੁਣ ਆਪਣੀ ਮਿਹਨਤ ਨਾਲ ਰੈਸਟੋਰੈਂਟ ਚਲਾ ਲਿਆ ਏ ਤੇ ਆਪਣੀ ਬੀਵੀ ਬੱਚੇ ਨੂੰ ਇੱਥੇ ਮੰਗਵਾਉਣਾ ਚਹੁੰਦਾ ਏ।

ਜਿਸ ਦਿਨ ਦਾ ਲਾਹੌਰੋਂ ਆਇਆ ਵਾਪਿਸ ਨਹੀਂ ਜਾ ਸਕਿਆ। ਬਹੁਤ ਚਹੁੰਦਾ ਏ ਉਨ੍ਹਾਂ ਨੂੰ ਮਿਲਣ ਵਾਸਤੇ।" ਅਸਲਮ ਨੇ ਦੱਸਿਆ।

"ਮੈ ਸੁਣਿਆ ਕਿ ਇਥੇ ਕਾਫ਼ੀ ਲੋਕ ਨੇ ਆਪਣੇ।" ਰਾਜ ਨੇ ਕਿਹਾ।

"ਜ਼ਿਆਦਾ ਤਾਂ ਸਾਡੇ ਵਰਗੇ ਈ ਨੇ, ਕੋਈ ਕੋਈ ਹੀ ਫ਼ੈਮਿਲੀ ਵਾਲਾ ਹੈ। ਇਕ ਹੋ ਰ ਪੰਜਾਬੀ ਭਾਈ ਹੈ ਚੰਡੀਗੜ੍ਹ ਤੋਂ, ਉਹ ਭੀ ਇਸੇ ਤਰਾਂ ਫਸਿਆ ਏ, ਇੱਥੇ ਕਿਸੇ ਜਰਮਨੀ ਬੁਢੀ ਨਾਲ ਵਿਆਹਿਆ ਏ। ਹੁਣ ਉਹ ਆਪਣਾ ਤੇ ਆਪਣੇ ਪਹਿਲੇ ਪਤੀ ਤੋਂ ਹੋਏ ਮੁੰਡੇ ਦਾ ਖਰਚ ਮੰਗਦੀ ਏ। ਕੋਰਟ ਵਿਚ ਕੇਸ ਚਲ ਰਿਹਾ ਏ ਕਈ ਦੇਰ ਦਾ। ਤੇ ਉਹ ਓਧਰ ਜਾਕੇ ਦਿੱਲੀ ਕਿਧਰੇ ਵਿਆਹ ਭੀ ਕਰਵਾ ਆਇਆ ਏ। ਬੱਸ ਇਸੇ ਤਰਾਂ ਫਸਿਆ ਬੈਠਾ ਏ।"

"ਤੇ ਤੁਸੀਂ ਵਿਆਹ ਕਿਉਂ ਨਹੀਂ ਕਰਵਾਇਆ?" ਰਾਜ ਨੇ ਅਸਲਮ ਨੂੰ ਸਿੱਧਾ ਸਵਾਂਲ ਕੀਤਾ।

"ਪਿੱਛੇ ਲਾਹੌਰ 'ਚ ਮੇਰੀ ਮਾਂ ਏ ਤੇ ਤਿੰਨ ਭੈਣਾਂ ਨੈ, ਬਾਪ ਦਾ ਫ਼ੌਤ ਹੋਏ ਨੂੰ ਛੇ ਸਾਲ ਹੋ ਗਏ ਨੇ, ਹਾਲੀ ਇਕ ਵਿਆਈ ਏ ਤੇ ਦੋ ਬਾਕੀ ਨੇ। ਫ਼ਿਲਹਾਲ ਸਿਆਸੀ ਪਨਾਹ ਮਿਲ ਗਈ ਏ......ਬਾਦ 'ਚ ਦੇਖੀ ਜਾਏਗੀ।" ਅਸਲਮ ਨੇ ਦੱਸਿਆ।

"ਪੁਲੀਟੀਕਲ ਸਟੇਅ ਕੀ ਆਸਟ੍ਰੀਆ 'ਚੋਂ ਲੈਕੇ ਹੀ ਦਾਖ਼ਿਲ ਹੋਏ ਸੀ ਜਰਮਨੀ ਵਿਚ?" ਰਾਜ ਨੇ ਜ਼ਰਾ ਉਤਸੁਕ ਹੋਕੇ ਪੁੱਛਿਆ।

"ਨਹੀਂ ਨਹੀਂ, ਇਸ ਤਰਾਂ ਕੌਣ ਵੜਨ ਦਿੰਦਾ। ਜਰਮਨ ਆਸਟ੍ਰੀਆ ਦੇ ਬਾਰਡਰ ਉਪਰ ਇਕ ਜਗਹ ਕਬਰਿਬਤਾਨ ਏ। ਉਥੋਂ ਕਰਾਸ ਕੀਤਾ। ਪਹਿਲਾਂ ਸ਼ਾਮੀਂ ਆਕੇ ਉਥੇ ਕਬਰਾਂ ਦੇ ਉਹਲੇ ਛੁਪ ਕੇ ਲੰਮਾ ਪੈ ਗਿਆ, ਫਿਰ ਤੜਕੇ ਜਿਹੇ ਕਰਾਸ ਕੀਤਾ....ਇਕ ਤਾਂ ਸਰਦੀ ਦਾ ਮੌਸਮ ਉਤੋਂ ਬਾਰਿਸ਼ ਸ਼ੁਰੂ ਹੋ ਗਈ। ਬਹੁਤ ਬੁਰਾ ਹਾਲ ਹੋਇਆ ਮੇਰਾ। ਜਰਮਨ ਵਾਲੇ ਪਾਸੇ ਇਕ ਜਗਹ ਬਹੁਤ ਸਾਰੇ ਟਰੱਕ ਖੜੇ ਹੁੰਦੇ ਹਨ। ਮੈਂ ਜਾਕੇ ਇਕ ਟਰੱਕ ਹੇਠ ਲੰਮਾ ਪੈ ਗਿਆ। ਉਹ ਟਰੱਕ ਹਾਲੇ ਥੋੜ੍ਹੀਂ ਦੇਰ ਪਹਿਲਾਂ ਹੀ ਆ ਕੇ ਖੜਾ ਹੋਇਆ ਸੀ, ਇਸ ਕਰਕੇ ਉਸਦੇ ਹੇਠ ਜ਼ਰਾ ਨਿੱਘ ਸੀ। ਫਿਰ ਜਦੋਂ ਉਹ ਠੰਡਾ ਹੋ ਗਿਆ ਫਿਰ ਇਕ ਹੋਰ ਨਵੇ ਆਕੇ ਰੁਕੇ ਟਰੱਕ ਹੇਠ ਲੰਮਾ ਪੈਂ ਗਿਆ। ਬੱਸ, ਇਸੇ ਤਰਾਂ ਦਿਨ ਚੜ੍ਹਨ ਦਾ ਇੰਤਜ਼ਾਰ ਕਰਦਾ ਰਿਹਾ। ਪੁਲਿਸ ਤੋਂ ਵੀ ਬਚਣਾ ਸੀ। ਫਿਰ ਇਕ ਸਰਦਾਰ ਭਾਈ ਮਿਲ ਗਏ ਟਰੱਕ ਵਾਲੇ



, ਪਿੱਛੋਂ ਦਿੱਲੀ ਦੇ ਰਹਿਣ ਵਾਲੇ ਸਨ। ਉਹ ਮੈਨੂੰ ਆਪਣੇ ਟਰੱਕ ਵਿਚ ਮਿਊਨਿਖ ਤਕ ਲੈ ਆਏ। ਅੱਗ੍ਹੋ ਫਿਰ ਮੈਂ ਗੱਡੀ ਬੈਠ ਕੇ ਦਿਲਾਵਰ ਕੋਲ ਸਟੁੱਟਗਾਰਡ ਜਾ ਪਹੁੰਚਾ। ਇਹ ਮੈਨੂੰ ਅਗਲੇ ਦਿਨ ਵਕੀਲ ਦੇ ਦਫ਼ਤਰ ਲੈ ਗਿਆ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਜਨਰਲ ਜ਼ੀਆ ਦੇ ਖਿਲਾਫ਼ ਹਾਂ, ਇਸ ਕਰਕੇ ਮੇਰੀ ਜਾਨ ਨੂੰ ਖਤਰਾ ਹੈ।"

"ਪਰ ਹੁਣ ਤਾਂ ਮਿਸਜ਼ ਭੁੱਟੋ ਦੀ ਸਰਕਾਰ ਹੈ?" ਰਾਜ ਨੇ ਟੋਕਿਆ।

"ਦੇਖੋ ਜੀ ਹੱਲੇ ਇਨ੍ਹਾਂ ਨੂੰ ਕੰਮ ਕਰਨ ਵਾਲਿਆਂ ਦੀ ਜ਼ਰੂਰਤ ਹੈ। ਗੋਰੇ ਬਹੁਤੇ ਕੰਮ ਕਰਕੇ ਖੁਸ਼ ਨਹੀਂ,ਇਸੇ ਕਰਕੇ ਇਹ ਆਪਣੇ ਵਰਗਿਆਂ ਨੂੰ ਰੱਖੀ ਜਾਂਦੇ ਨੇ ਤੇ ਵਾਪਿਸ ਭੇਜਣ ਦੀ ਕੋਸ਼ਿਸ਼ ਨਹੀਂ ਕਰਦੇ। ਜਦੋਂ ਨਿਕਾਲਣ ਲੱਗਣਗੇ ਦੇਖੀ ਜਾਏਗੀ।"

ਹੁਣ ਉਹ ਬੜੀਆਂ ਰੰਗ-ਬਰੰਗੀਆਂ ਤੇ ਨਿੱਕੀਆਂ-੨ ਜਗਮਗ ਜਗਮਗ ਕਰਦੀਆਂ ਲਾਈਟਾਂ ਵਾਲੇ ਇਲਾਕੇ ਵਿਚੋਂ ਗੁਜ਼ਰ ਰਹੇ ਸਨ। ਆਲੇ ਦੁਆਲੇ ਬੀਅਰ ਪਾਰਲਰ ਤੇ ਸਿਨੇਮਾ ਘਰ ਸਨ ਜਿੱਥੇ ਸ਼ਾਇਦ ਉਕਸਾਊ ਫ਼ਿਲਮਾਂ ਚਲਦੀਆਂ ਸਨ।

"ਆਉ ਤੁਹਾਨੂੰ ਜਰਮਨ ਦਾ ਅਸਲ ਨਜ਼ਾਰਾ ਦਿਖਾਈਏ, ਇਸ ਇਲਾਕੇ ਨੂੰ ਕਾਇਜ਼ਰ ਸਟਰਾਸ ਕਹਿੰਦੇ ਨੇ।" ਕਹਿਕੇ ਅਸਲਮ ਉਸਨੂੰ ਦੁਕਾਨਾਂ ਵਿਚ ਘਿਰੀ ਪੁਰਾਣੀ ਤੇ ਉਚੀ ਜਿਹੀ ਇਮਾਰਤ ਦੇ ਅੰਦਰ ਲੈ ਵੜਿਆ। ਜ਼ਰਾ ਕੁ ਤੰਗ ਜਿਹੇ ਗਲਿਆਰੇ ਵਿਚ ਦੋ ਕੁ ਮੋੜ ਕੱਟਕੇ ਜਦੋਂ ਉਹ ਅੱਗੇ ਆਏ ਤਾਂ ਰਾਜ ਨੂੰ ਪਤਾ ਲੱਗਿਆ ਕਿ ਉਹ ਕਿੱਥੇ ਆ ਵੜੇ ਹਨ। ਉਹ ਜ਼ਰਾ ਠਿਠਕ ਕੇ ਉਥੇ ਹੀ ਰੁਕ ਗਿਆ। ਅਸਲਮ ਉਸਦਾ ਹੱਥ ਫੜਕੇ ਖਿਚਦਾ ਹੋਇਆ ਬੋਲਿਆ, " ਓਅ ਬਾਦਸ਼ਾਹੋ! ਆਉ ਤਾਂ ਸਹੀ, ਬੇਸ਼ਕ ਖਾਲੀ ਨਜ਼ਾਰਾ ਦੇਖ ਕੇ ਹੀ ਚਲੇ ਜਾਣਾ।" ਕੁਝ ਦੇਰ ਰੁਕ ਕੇ ਤੇ ਕੁਝ ਸੋਚ ਕੇ ਰਾਜ ਉਸਦੇ ਨਾਲ ਅਗਾਂਹ ਤੁਰ ਪਿਆ।

"ਪਹਿਲੀ ਦਫ਼ਾ ਜੋ ਭੀ ਕੋਈ ਆਉਂਦਾ ਹੈ ਤਾਂ ਉਥੇ ਹੀ ਰੁਕਦਾ ਹੈ ਜਿੱਥੇ ਤੁਸੀਂ ਰੁਕ ਗਏ ਸੀ, ਫਿਰ ਹੌਲੀ੨ ਹਰ ਛੁੱਟੀ ਵਾਲੇ ਦਿਨ ਇੱਥੇ ਹੀ ਚੱਕਰ ਮਾਰਨ ਲੱਗ ਜਾਂਦਾ ਹੈ। .......ਜਰਮਨ ਭਾਸ਼ਾ ਵਿਚ ਇਸਨੂੰ ਪੁੱਫ਼ ਕਹਿੰਦੇ ਹਨ, ਇਸਦਾ ਬਾਕਾਇਦਾ ਲਾਇਸੰਸ ਹੁੰਦਾ ਏ," ਅਸਲਮ ਦੱਸ ਰਿਹਾ ਸੀ। ਗਲਿਆਰੇ ਦੇ ਦੋਵੇਂ ਪਾਸੇ ਕਮਰਿਆਂ ਦੀ ਕਤਾਰ ਸੀ। ਕਈ ਕਮਰਿਆਂ ਦੇ ਬਾਹਰ ਜੁਆਨ ਦਿਸਦੀਆਂ ਗੋਰੀਆਂ ਔਰਤਾਂ ਬਹੁਤ ਭੜਕਾਊ ਤੇ ਘੱਟੋ ਘੱਟ ਲਿਬਾਸ ਪਹਿਨੀ ਖਲੋਤੀਆਂ ਸਨ। ਹਰ ਕਮਰੇ ਦੇ ਅੰਦਰ ਇਕ ਬੈੱਡ ਤੇ ਇਕ ਛੋਟਾ ਜਿਹਾ ਟੀ.ਵੀ. ਪਿਆ ਹੋਇਆ ਸੀ। "ਜਿਨਾਂ ਕਮਰਿਆਂ ਦੇ ਦਰਵਾਜ਼ੇ ਬੰਦ ਆ ਉਨਾਂ ਦੇ ਅੰਦਰ ਗਾਹਕ ਨੇ। ਪਰ ਇਹ ਜਰਮਨਾਂ ਆਪਣੇ ਵਰਗਿਆਂ ਨੂੰ ਲਾਗੇ ਨਹੀਂ ਆਉਣ ਦਿੰਦੀਆਂ, ਗੋਰਿਆਂ ਨਾਲ ਹੀ ਸੌਦਾ ਮਾਰਦੀਆਂ ਹਨ। "

"ਅੱਛਾਅ, ਪਰ ਉਹ ਕਿਉਂ?"

"ਆਪਣਿਆਂ ਨੇ ਜਿੱਥੇ ਭੀ ਜਾਣਾ ਆਪਣੀ ਲੜਨ ਜਾਂ ਹੇਰਾ ਫੇਰੀ ਦੀ ਆਦਤ ਥੋੜ੍ਹੇ ਛੱਡ ਦੇਣੀਆਂ ..... ਆਹ ਦੇਖੋ, ਤੁਹਾਨੂੰ ਹੁਣੇ ਈ ਦਿਖਾਉਂਦਾ ਆ, " ਕਹਿਕੇ ਅਸਲਮ

ਇਕ ਦਰਵਾਜ਼ੇ ਅੱਗੇ ਖੜੀ ਗੋਰੀ ਕੋਲੇ ਰੁਕਿਆ ਤੇ ਉਸਨੂੰ ਜਰਮਨ ਭਾਸ਼ਾ ਵਿਚ ਕੁਝ ਕਹਿਣ ਲੱਗਾ। ਉਸ ਔਰਤ ਨੇ ਕੋਈ ਜੁਆਬ ਨਾ ਦਿੱਤਾ, ਫਿਰ ਅਸਲਮ ਨੇ ਰਾਜ ਵਲ ਇਸ਼ਾਰਾ ਕਰਕੇ ਕੁਝ ਹੋਰ ਜਰਮਨ ਭਾਸ਼ਾ ਵਿਚ ਕਿਹਾ ਜਿਸ ਵਿਚੋਂ ਰਾਜ ਨੂੰ ਕੇਵਲ 'ਇੰਡੀਆ' ਸ਼ਬਦ ਦੀ ਹੀ ਸਮਝ ਪਈ।

"ਰਾਊਫ਼ " ਉਹ ਜ਼ਰਾ ਖਿੱਝ ਕੇ ਬੋਲੀ ਤੇ ਮੂੰਹ ਦੂਸਰੇ ਪਾਸੇ ਮੋੜ ਲਿਆ।

"ਰਾਊਫ਼ ਦਾ ਕੀ ਮਤਲਬ?" ਰਾਜ ਨੇ ਅਸਲਮ ਨੂੰ ਪੁਛਿਆ।

"ਦਫ਼ਾ ਹੋਵੇ ਇੱਥੋਂ।" ਅਸਲਮ ਨੇ ਹਸ ਕੇ ਦੱਸਿਆ ਤੇ ਰਾਜ ਦਾ ਹੱਥ ਫੜ ਕੇ ਉਪਰਲੀ ਮੰਜ਼ਿਲ ਦੀਆਂ ਪੌੜੀਆਂ ਚੜ੍ਹਨ ਲਗ ਪਿਆ। ਦੂਸਰੀ ਮੰਜ਼ਿਲ ਉਪਰ ਹੇਠਾਂ ਨਾਲੋਂ ਕੁਝ ਸਿਆਣੀ ਉਮਰ ਦੀਆਂ ਗੋਰੀਆਂ ਔਰਤਾਂ ਉਸੇ ਅੰਦਾਜ਼ ਵਿਚ ਖਲੋਤੀਆਂ ਸਨ।

"ਹੇਠਲੀ ਮੰਜ਼ਿਲ ਵਾਲੀਆਂ ਦਾ ਰੇਟ ਸਭ ਤੋਂ ਹਾਈ ਏ, ਤੇ ਇਹ ਉਨ੍ਹਾਂ ਤੋਂ ਕੁਝ ਸਸਤੀਆਂ ਨੇ, ਪਰ ਸਾਰੀਆਂ ਜਰਮਨਾ ਰਬੜ ਪਹਿਨਣ ਤੋਂ ਬਗੈਰ ਨਹੀਂ ਮੰਨਦੀਆਂ। ਜ਼ਿਆਦਾਤਰ ਇਨਾਂ ਦੇ ਗਾਹਕ ਜਰਮਨ ਬੁਢੇ ਹੀ ਹੁੰਦੇ ਹਨ। ਚਲੋ ਤੁਹਾਨੂੰ ਉਪਰ ਹੋਰ ਨਜ਼ਾਰਾ ਦਿਖਾਉਨੇ ਆਂ," ਤੇ ਉਹ ਲੱਗਪਗ ਰਾਜ ਨੂੰ ਖਿੱਚਦਾ ਹੋਇਆ ਹੀ ਤੀਸਰੀ ਮੰਜ਼ਿਲ ਦੀਆਂ ਪੌੜੀਆਂ ਚੜ੍ਹਨ ਲਗ ਪਿਆ। ਉਪਰੋਂ ਕੁਝ ਪੰਜਾਬੀ ਮੁੰਡਿਆਂ ਦੀ ਟੋਲੀ ਹੱਸਦੀ ਤੇ ਉਚੀ ੨ ਗੱਲਾਂ ਕਰਦੀ ਥੱਲੇ ਉਤਰ ਰਹੀ ਸੀ।

ਤੇ ਰਾਜ ਉਸਤੋਂ ਆਪਣਾ ਹੱਥ ਛੁਡਾ ਕੇ ਵਾਪਿਸ ਮੁੜਨ ਲੱਗਾ ਬੋਲਿਆ, "ਤੁਸੀਂ ਹੋ ਆਉ, ਮੈਂ ਬਾਹਰ ਥੱਲੇ ਤੁਹਾਡਾ ਇੰਤਜ਼ਾਰ ਕਰਾਂਗਾ।"

"ਕੋਈ ਨੀ ਬਾਦਸ਼ਾਹੋ, ਇਥੇ ਕੋਈ ਕਿਸੇ ਕੋਲੋਂ ਨਹੀਂ ਸ਼ਰਮਾਉਂਦਾ। ਤੁਸੀਂ ਭੀ ਹੁਣੇ ਸ਼ਰਮਾਂਦੇ ਓ, ਬਾਦ 'ਚ ਤਾਂ ਜਿਹੇ ਜਿਹਾ ਕਲੱਬ ਚਲੇ ਗਏ ਉਹੋ ਜਿਹੇ ਇੱਥੇ ਆ ਗਏ।" ਇਤਨੇ ਨੂੰ ਪੰਜਾਬੀਆਂ ਦੀ ਟੋਲੀ ਉਨਾਂ ਵਲ ਦੇਖਦੀ ਤੇ ਮਚਲਾ-2 ਮੁਸਕਰਾਉਂਦੀ ਉਨ੍ਹਾਂ ਦੇ ਕੋਲੋਂ ਗੁਜ਼ਰ ਗਈ। ਇਸ ਮੰਜ਼ਿਲ ਦੇ ਕਾਰੀਡੋਰ ਦੇ ਇਕ ਪਾਸੇ ਵਾਲੇ ਕਮਰਿਆਂ ਵਿਚ ਫੀਨੇ ਨੱਕਾਂ , ਛੋਟੀਆਂ-੨ ਅੱਖਾਂ ਤੇ ਕਾਲੇ ਵਾਲਾਂ ਵਾਲੀਆਂ ਛੋਟੀ ਉਮਰ ਦੀਆਂ ਜਾਪਦੀਆਂ ਲੜਕੀਆਂ ਸਨ ਅਤੇ ਦੂਸਰੇ ਪਾਸੇ ਵਾਲੇ ਕਮਰਿਆਂ ਦੇ ਬਾਹਰ ਰਲਵੇਂ ਮਿਲਵੇਂ ਨੈਣ ਨਕਸ਼ਾਂ ਵਾਲੀਆਂ ਤੇ ਜ਼ਰਾ ਗੋਰੀਆਂ ਜਿਹੀਆਂ ਦਿਸਦੀਆਂ ਔਰਤਾਂ ਖੜੀਆਂ ਸਨ।" ਆਹ ਇੱਧਰ ਸੌਥ ਅਮਰੀਕਣਾਂ ਪੀਰੂ ਪੂਰੂ ਵਾਲੀਆਂ ਹਨ ਤੇ ਆਹ ਦੂਸਰੇ ਪਾਸੇ ਜ਼ਿਆਦਾ ਥਾਈਲੈਂਡਣਾਂ ਹਨ, ਫੀਨੀਆਂ ਜਿਹੀਆਂ । ਇਹ ਸਸਤੀਆਂ ਮੰਨ ਜਾਂਦੀਆਂ ਹਨ। ਉਸ ਤਰਾਂ ਸਭ ਤੋਂ ਸਸਤੀਆਂ ਤਾਂ ਕਾਲੀਆਂ ਹਨ ਜੋ ਇਸ ਤੋਂ ਭੀ ਉਪਰਲੀ ਮੰਜ਼ਿਲ ਉਪਰ ਹਨ, ਉਥੇ ਤਾਂ ਉਹੀ ਜਾਂਦਾ ਹੈ ਜਿਸ ਕੋਲ ਬਹੁਤ ਹਲਕੀ ਜੇਬ ਹੁੰਦੀ ਹੈ।" ਅਸਲਮ ਬਿਲਕੁਲ ਇਕ ਟੂਰ ਗਾਈਡ ਵਾਂਗ ਦੱਸ ਰਿਹਾ ਸੀ।

ਇਕ ਗੱਲ ਜੋ ਰਾਜ ਨੇ ਨੋਟ ਕੀਤੀ ਕਿ ਇਨਾਂ ਸਾਰੀਆਂ ਥਾਈਲੈਂਡ ਜਾਂ ਸਾਊਥ ਅਮਰੀਕਣਾਂ ਦੇ ਚਿਹਰਿਆਂ ਉਪਰ ਅਜੀਬ ਜਿਹੀ ਬੇਬਸੀ ਤੇ ਉਦਾਸੀ ਛਾਈ ਹੋਈ ਸੀ ਜੋ



ਕਿ ਉਸਨੂੰ ਹੇਠਾਂ ਵਾਲੀਆਂ ਮੰਜ਼ਿਲਾਂ ਉਪਰ ਨਜ਼ਰ ਨਹੀਂ ਆਈ ਸੀ।

"ਇੱਥੇ ਇਕ ਮਦਰਾਸਣ ਵੀ ਏ, ਲੰਕਾ ਤੋਂ ਲਿਆਂਦੀ ਹੋਈ, ਪਰ ਉਹ ਭੀ ਆਪਣੇ ਬੰਦੇ ਨਾਲ ਗੱਲ ਨਹੀਂ ਕਰਦੀ।" ਇਤਨਾ ਕਹਿਕੇ ਅਸਲਮ ਇਕ ਥਾਈਲੈਂਡਣ ਨੂੰ ਜਰਮਨ ਭਾਸ਼ਾ ਵਿਚ ਕੁਝ ਪੁੱਛਣ ਲਗ ਪਿਆ, ਸ਼ਾਇਦ ਉਸ ਮਦਰਾਸਣ ਬਾਰੇ ਪੁੱਛ ਰਿਹਾ ਸੀ ਤੇ ਥਾਈਲੈਂਡਣ ਰੁਕ ਰੁਕ ਕੇ ਜਰਮਨ ਵਿਚ ਉਸਦਾ ਜਵਾਬ ਦੇਣ ਦੀ ਕੋਸ਼ਿਸ਼ ਕਰ ਰਹੀ ਸੀ। ਰਾਜ ਜ਼ਰਾ ਨੀਵੀਂ ਪਾਈ ਉਸਦੇ ਕੋਲ ਖੜਾ ਸੀ। ਅਸਲਮ ਤੇ ਥਾਈਲੈਂਡਣ ਨੂੰ ਗੱਲਾਂ ਵਿਚ ਰੁਝੇ ਹੋਏ ਦੇਖ ਕੇ ਉਸਨੇ ਆਪਣੇ ਪਿੱਛੇ ਵਲ ਨਜ਼ਰ ਘੁਮਾਈ। ਸਾਹਮਣਲੇ ਕਮਰੇ ਦੇ ਦਰਵਾਜ਼ੇ ਉਪਰ ਇਕ ਸਪੇਨੀ ਜਿਹੀ ਜਾਪਦੀ ਔਰਤ ਚਿਹਰੇ ਉਪਰ ਮਾਸੂਮੀਅਤ ਲਈ ਖੜੀ ਸੀ। ਰਾਜ ਦੇ ਨਾਲ ਨਜ਼ਰ ਟਕਰਾਉਣ ਤੇ ਥੋੜਾ ਜਿਹਾ ਮੁਸਕਰਾਈ ਤੇ ਅੰਗ੍ਰੇਜ਼ੀ ਵਿਚ 'ਹੈਲੋ' ਬੋਲੀ। ਸ਼ਾਇਦ ਉਸਦੇ ਗਲ ਵਿਚ ਲਟਕਦਾ ਕੈਮਰਾ ਦੇਖਕੇ ਸਮਝ ਗਈ ਸੀ ਕਿ ਇਹ ਅੰਗ੍ਰੇਜ਼ੀ ਜਾਣਦਾ ਹੋਵੇਗਾ। ਰਾਜ ਨੇ ਭੀ ਝਿਜਕਦੇ ਜਿਹੇ, "ਹੈਲੋ, ਹਾਉ ਆਰ ਯੂ?" ਕਿਹਾ।

"ਅੰਦਰ ਲੰਘ ਆ," ਉਸਨੇ ਜ਼ਰਾ ਹੋਰ ਮੁਸਕਰਾ ਕੇ ਕਿਹਾ। "ਨਹੀਂ ....ਮੈਂ ਤਾਂ ਸਿਰਫ਼ ਆਹ ਆਪਣੇ ਦੋਸਤ ਦੇ ਨਾਲ ਉਸਦਾ ਸਾਥ ਦੇਣ ਵਜੋਂ ਇਥੇ ਆਇਆ ਹਾਂ।" ਰਾਜ ਨੇ ਘਬਰਾ ਕੇ ਦੱਸਦੇ ਹੋਏ ਨੇ ਨੀਵੀਂ ਪਾ ਲਈ।

"ਤੂੰ ਅਮ੍ਰੀਕਾ ਤੋਂ ਆਇਆ ਲੱਗਦਾ ਏਂ?" ਉਹ ਬੋਲੀ।

"ਹਾਂ,.....ਜਨਮ ਤਾਂ ਮੇਰਾ ਇੰਡੀਆ ਵਿਚ ਹੋਇਆ ਸੀ, ਪਰ ਪਿਛਲੇ ਕਈ ਸਾਲਾਂ ਤੋਂ ਅਮ੍ਰੀਕਾ ਵਿਚ ਰਹਿੰਦਾ ਹਾਂ, ਪਰ ਤੈਨੂੰ ਕਿਵੇਂ ਪਤਾ ਲੱਗਾ?" ਜ਼ਰਾ ਹੈਰਾਨੀ ਨਾਲ ਰਾਜ ਨੇ ਪੁੱਛਿਆ।

"ਤੇਰੇ ਅੰਗ੍ਰੇਜ਼ੀ ਬੋਲਣ ਦੇ ਢੰਗ ਤੋਂ , ਬਹੁਤ ਦਿਨਾਂ ਬਾਦ ਕਿਸੇ ਅੰਗ੍ਰੇਜੀ ਬੋਲਣ ਦਾ ਮੌਕਾ ਮਿਲਿਆ।" ਕਾਫ਼ੀ ਸਾਫ਼ ਅੰਗ੍ਰੇਜ਼ੀ ਵਿਚ ਉਹ ਬੋਲੀ।

"ਤੇਰੀ ਮਾਤ ਭਾਸ਼ਾ ਅੰਗ੍ਰੇਜ਼ੀ ਏ?" ਰਾਜ ਨੇ ਪੁੱਛਿਆ।

"ਨਹੀਂ, ਪਰਚਗੀਜ਼, ਮੈਂ ਅੰਗ੍ਰੇਜ਼ੀ ਸਕੂਲ ਵਿਚ ਪੜ੍ਹੀ ਸੀ, ਬਾਦ ਵਿਚ ਅਮਰੀਕਣ ਕੰਪਨੀ ਨਾਲ ਕਈ ਸਾਲ ਕੰਮ ਕਰਦੀ ਰਹੀ।" ਉਹ ਕਾਫ਼ੀ ਈਮਾਨਦਾਰੀ ਨਾਲ ਦੱਸ ਰਹੀ ਪ੍ਰਤੀਤ ਹੁੰਦੀ ਸੀ।

"ਰਹਿਣ ਵਾਲੀ ਕਿੱਥੋਂ ਦੀ ਏਂ?" ਜ਼ਰਾ ਝਿਜ਼ਕਦੇ ਹੋਏ ਰਾਜ ਨੇ ਪੁੱਛਿਆ।

"ਬ੍ਰਾਜ਼ੀਲ ਦੀ ...." ਕਹਿੰਦਿਆਂ ਉਸਦੇ ਚਿਹਰੇ ਉਪਰ ਮੁੜ ਉਦਾਸੀ ਛਾ ਗਈ ਤੇ ਉਸਦੀ ਨਜ਼ਰ ਭੀ ਨੀਵੀਂ ਹੋ ਗਈ।

"ਇੱਥੇ ਕਦੋਂ ਤੋਂ ਆਈ ਏਂ?" ਅਸਲਮ ਨੂੰ ਅਜੇ ਭੀ ਥਾਈਲੈਂਡਣ ਨਾਲ ਗੱਲੀਂ ਲੱਗਾ

ਦੇਖਕੇ ਰਾਜ ਨੇ ਪੁੱਛ ਲਿਆ।

"ਤਕਰੀਬਨ ਸਾਲ ਹੋ ਚੱਲਿਆ," ਉਸੇ ਉਦਾਸੀ ਦੇ ਰੌਅ ਵਿਚ ਬੋਲੀ।

"ਪਰ ਇੱਥੇ ਪਹੁੰਚੀ ਕਿਵੇਂ?" ਰਾਜ ਦੀ ਦਿਲਚਸਪੀ ਵਧ ਗਈ ਲਗਦੀ ਸੀ।

"ਅੰਦਰ ਲੰਘ ਆ, ਇਥੇ ਖੜ ਕੇ ਜ਼ਿਆਦਾ ਗੱਲਾਂ ਕਰਨੀਆਂ ਠੀਕ ਨਹੀਂ," ਦਰਵਾਜ਼ੇ ਤੋਂ ਪਾਸੇ ਹਟਦੀ ਹੋਈ ਉਹ ਬੋਲੀ।

"ਨਹੀਂ ....ਨਹੀਂ ...ਮੈਂ ਤਾਂ ਸਿਰਫ਼ ......" ਉਹ ਫਿਰ ਘਬਰਾ ਗਿਆ ਜਾਪਦਾ ਸੀ।

"ਕੋਈ ਹਰਜ਼ ਨਹੀਂ, ਲੰਘ ਆ, ਗੱਲਾਂ ਕਰਨ ਦੀ ਕੋਈ ਕੀਮਤ ਨਹੀਂ, ਮੈਂ ਸਭ ਕੁਝ ਦੱਸਾਂਗੀ।" ਉਸਨੇ ਕੁਝ ਇਸ ਤਰ੍ਹਾਂ ਕਿਹਾ ਕਿ ਆਪਣੇ ਆਪ ਨੂੰ ਰੋਕਣ ਦੇ ਬਾਵਜੂਦ ਭੀ ਰਾਜ ਕਮਰੇ ਵਿਚ ਦਾਖ਼ਿਲ ਹੋ ਗਿਆ।

"ਆਰਾਮ ਨਾਲ ਬੈਠ ਜਾ," ਦਰਵਾਜ਼ਾ ਢੋਂਅਦੀ ਹੋਈ ਬਿਸਤਰੇ ਵਲ ਇਸ਼ਾਰਾ ਕਰਕੇ ਉਹ ਬੋਲੀ।

"ਨਹੀਂ, ਇਟਸ ਓ. ਕੇ. ......ਮੈਂ ਖੜਾ ਹੀ ਠੀਕ ਹਾਂ," ਉਹ ਅਜੇ ਭੀ ਘਬਰਾ ਰਿਹਾ ਸੀ।

"ਕੋਈ ਨਹੀਂ, ਬੈਠ ਜਾ ਤਾਂ, ਚਾਦਰ ਸਾਫ਼ ਹੀ ਹੈ, ਤਾਜ਼ੀ ਵਿਛਾਈ ਹੈ, ਅਜੇ ਹੋਰ ਕੋਈ ਨਹੀ ਬੈਠਾ ਇਸ ਉਪਰ, ਵੈਸੇ ਭੀ ਇਸ ਕਮਰੇ ਵਿਚ ਦੋ ਬੰਦਿਆਂ ਦੇ ਆਰਾਮ ਨਾਲ ਖੜ੍ਹ ਸਕਣ ਜੋਗੀ ਜਗਹ ਨਹੀਂ ਹੈ।"

ਰਾਜ ਨੇ ਦੇਖਿਆ ਕਿ ਕਮਰਾ ਵਾਕਿਆ ਹੀ ਕਾਫ਼ੀ ਛੋਟਾ ਸੀ। ਦਰਵਾਜ਼ੇ ਦੇ ਸਾਹਮਣੀ ਕੰਧ ਵਾਲੇ ਪਾਸੇ ਇਹ ਬੈੱਡ ਵਿਛਿਆ ਸੀ ਜਿਸਦੇ ਨਾਲ ਬਾਹਰ ਨੂੰ ਖੁਲ੍ਹਦੀ ਇਕ ਖਿੜਕੀ ਸੀ ਜਿਸ ਉਪਰ ਲਾਲ ਜਿਹੇ ਰੰਗ ਦਾ ਪਰਦਾ ਲਟਕ ਰਿਹਾ ਸੀ। ਇਕ ਪਾਸੇ ਦੀ ਕੰਧ ਉਪਰ ਕੱਪੜੇ ਟੰਗਣ ਦੀਆਂ ਕੁਝ ਕੀਲੀਆਂ ਸਨ ਜਿਨਾਂ ਉਪਰ ਦੋ ਕੁ ਸਾਧਾਰਨ ਜਿਹੇ ਜਨਾਂਨਾ ਕੱਪੜੇ ਲਟਕ ਰਹੇ ਸਨ। ਉਹ ਝਿਜਕਦਾ ਜਿਹਾ ਬੈੱਡ ਦੀ ਨੁੱਕਰ ਉਪਰ ਬਹਿ ਗਿਆ।

"ਤੂੰ ਦੱਸਣਾ ਸੀ ਕਿ ਤੂੰ ਇੱਥੇ ਕਿਵੇਂ ਪਹੁੰਚੀ?" ਖੁਸ਼ਕ ਗਲੇ ਵਿਚ ਜ਼ਰਾ ਥੁੱਕ ਲੰਘਾਉਂਦਾ ਹੋਇਆ ਰਾਜ ਬੋਲਿਆ।

ਬੈੱਡ ਦੇ ਸਿਰ੍ਹਾਣੇ ਵਲ ਪਏ ਸਟੂਲਨੁਮਾ ਮੇਜ਼ ਉਪਰੋਂ ਮੇਕਅੱਪ ਦਾ ਸਾਮਾਨ ਪਰ੍ਹੇ ਕਰਕੇ ਬੈਠਦੀ ਹੋਈ ਉਹ ਬੋਲੀ।

"ਅਸੀਂ ਸ਼ਹਿਰ ਸਾਉ ਪਲਾਉ ਵਿਚ ਰਹਿੰਦੇ ਸੀ। ਮੇਰਾ ਪਤੀ ਉਥੇ ਇਕ ਸਟੀਲ



ਫੈਕਟਰੀ ਵਿਚ ਕੰਮ ਕਰਦਾ ਸੀ ਤੇ ਮੈਂ ਇਕ ਕੌਫ਼ੀ ਐਕਸਪੋਰਟ ਕਰਨ ਵਾਲੀ ਅਮਰੀਕਣ ਕੰਪਨੀ ਵਿਚ ਕਈ ਸਾਲਾਂ ਤੋਂ ਕੰਮ ਕਰਦੀ ਸੀ।" ਫਿਰ ਜਿਵੇਂ ਸੋਚੀਂ ਪੈ ਗਈ ਹੋਵੇ, ਕੁਝ ਦੇਰ ਬਾਦ ਬੋਲੀ, "ਜਦੋਂ ਨਵੀਂ ਸਰਕਾਰ ਬਣੀ ਤਾਂ ਕਾਫ਼ੀ ਮੰਦਵਾੜਾ ਪੈ ਗਿਆ, ਲੋਕ ਤਾਂ ਪਹਿਲਾਂ ਹੀ ਬਹੁਤ ਬੇਰੁਜ਼ਗਾਰ ਸਨ, ਬਹੁਤ ਬੁਰਾ ਹਾਲ ਹੈ ਸਾਡੇ ਮੁਲਕ ਦਾ।"

"ਹਾਂ ਪਿੱਛੇ ਜਿਹੇ ਤਾਂ ਉਨਾਂ ਨੇ ਅੰਤਰ ਰਾਸ਼ਟਰੀ ਕਰਜ਼ੇ ਦੀਆਂ ਕਿਸ਼ਤਾਂ ਦੇਣੀਆਂ ਭੀ ਬੰਦ ਕਰ ਦਿੱਤੀਆਂ ਹਨ।" ਰਾਜ ਬੋਲਿਆ।

"ਹਾਂ ਬਿਲਕੁਲ, ਦੇਣ ਭੀ ਕਿਸ ਤਰਾਂ.......ਉਦੋਂ ਕੁ ਮੇਰੇ ਪਤੀ ਦੀ ਫੈਕਟਰੀ ਭੀ ਬੰਦ ਹੋ ਗਈ। ਵਰਕਰ ਤਨਖਾਹਾਂ ਵਧਾਉਣ ਲਈ ਕਹਿੰਦੇ ਸਨ। ...ਹੋਰ ਕਿੱਥੇ ਕੰਮ ਮਿਲਣਾ ਸੀ, ਉਹ ਖਿੱਝ ਖਪ ਕੇ ਹਟ ਗਿਆ, ਫਿਰ ਭੀ ਮੇਰੇ ਕੰਮ ਦੀ ਤਨਖਾਹ ਨਾਲ ਘਰ ਦਾ ਮਾੜਾ ਮੋਟਾ ਗੁਜ਼ਾਰਾ ਚੱਲੀ ਜਾਂਦਾ ਸੀ, ...... ਪਰ ਪਿਛਲੇ ਸਾਲ ਸਾਡੀ ਕੰਪਨੀ ਭੀ ਬੰਦ ਹੋ ਗਈ।" ਕਹਿਕੇ ਉਹ ਜ਼ਰਾ ਚੁੱਪ ਹੋ ਗਈ।

"ਬੜਾ ਬੁਰਾ ਹੋਇਆ ਇਹ ਤਾਂ ....... ਪਰ ਤੂੰ ਇੱਥੇ ਕਿਸ ਤਰ੍ਹਾਂ ਪਹੁੰਚ ਗਈ?"

"ਸਾਡੀ ਕੰਪਨੀ ਵਿਚ ਕਦੀ ਕਦੀ ਇਕ ਬੰਦਾ ਅਮ੍ਰੀਕਾ ਤੋਂ ਆਉਂਦਾ ਹੁੰਦਾ ਸੀ। ਕੰਪਨੀ ਬੰਦ ਹੋਣ ਤੋਂ ਪਹਿਲਾਂ ਇਕ ਦਿਨ ਆਇਆ ਤਾਂ ਸਾਨੂੰ ਕਹਿੰਦਾ ਕਿ ਅਮ੍ਰੀਕਾ ਵਿਚ ਸਾਡੀ ਕੰਪਨੀ ਨੂੰ ਤੁਹਾਡੇ ਵਰਗੀਆਂ ਵਰਕਰਾਂ ਦੀ ਲੋੜ ਹੈ। ਤਨਖਾਹ ਭੀ ਚੰਗੀ ਮਿਲੇਗੀ। ਜੇਕਰ ਜਾਣਾ ਹੈ ਤਾਂ ਤਿਆਰੀ ਕਰ ਲਉ। ਕੁਝ ਦਿਨਾਂ ਤੱਕ ਮੇਰਾ ਇਕ ਆਦਮੀ ਤੁਹਾਨੂੰ ਲੈਣ ਵਾਸਤੇ ਆਵੇਗਾ। ਆਪਣੇ ਟਿਕਟ ਲਈ ਪੈਸਿਆਂ ਦਾ ਪ੍ਰਬੰਧ ਕਰ ਲਉ। .....ਮੈਂ ਅਤੇ ਮੇਰੇ ਵਰਗੀ ਇਕ ਹੋਰ ਅਮ੍ਰੀਕਾ ਜਾਣ ਲਈ ਤਿਆਰ ਹੋ ਗਈਆਂ। ਘਰ ਦੀਆਂ ਕਈ ਚੀਜ਼ਾਂ ਸਸਤੀਆਂ ਵੇਚ ਕੇ ਥੋੜ੍ਹੇ ਬਹੁਤ ਪੈਸੇ ਇਕੱਠੇ ਕੀਤੇ ਤੇ ਕੁਝ ਦਿਨਾਂ ਬਾਦ ਆਪਣੇ ਪਤੀ ਤੇ ਬੱਚਿਆਂ ਨੂੰ ਰੋਂਦੇ ਛੱਡਕੇ ਅਸੀਂ ਉਸ ਨਾਲ ਜਹਾਜ਼ ਚੜ੍ਹ ਗਈਆਂ।" ਇਤਨਾਂ ਕਹਿਕੇ ਉਹ ਕੁਝ ਦੇਰ ਰੁਕੀ।

"ਫਿਰ ?" ਰਾਜ ਨੇ ਪੁੱਛਿਆ।

"ਰਸਤੇ ਵਿਚ ਇਕ ਜਗਹ ਤੋਂ ਕਈ ਹੋਰ ਸਾਡੇ ਵਰਗੀਆਂ ਚੜ੍ਹੀਆਂ, ਕੋਈ ਪੀਰੂ ਤੋਂ ਸੀ, ਕੋਈ ਚਿੱਲੀ ਤੋਂ, ਬਹੁਤ ਸਾਰੀਆਂ ਜਮਾਇਕਾ ਤੋਂ ਸਨ। ਕਈ ਤਾਂ ਬਹੁਤ ਛੋਟੀ ਉਮਰ ਦੀਆਂ ਸਨ। ਘਰੋਂ ਭਾਵੇਂ ਸਾਰੀਆਂ ਅਮ੍ਰੀਕਾ ਨੂੰ ਹੀ ਚੱਲੀਆਂ ਸਨ ਪਰ ਪਤਾ ਕਿਸੇ ਨੂੰ ਭੀ ਨਹੀਂ ਸੀ ਕਿ ਕਿੱਥੇ ਜਾ ਰਹੀਆਂ ਹਨ। ...... ਅਖ਼ੀਰ ਇੱਧਰ ਉਧਰ ਘੁਮਾ ਕੇ ਸਾਨੂੰ ਕਈਆਂ ਨੂੰ ਇੱਥੇ ਪਹੁੰਚਾ ਦਿੱਤਾ ਤੇ ਕਈ ਕਿਸੇ ਹੋਰ ਮੁਲਕ ਨੂੰ ਭੇਜ ਦਿੱਤੀਆਂ। ਸਾਡੇ ਪੈਸੇ, ਪਾਸਪੋਰਟ ਤੇ ਸਮਾਨ ਭੀ ਸਾਥੋਂ ਖੋਹ ਲਿਆ ਸੀ।

ਸਾਨੂੰ ਮਾਰ ਸਿੱਟਣ ਦੀ ਧਮਕੀ ਦੇ ਕੇ ਸਾਥੋਂ ਇਹ ਕੰਮ ਸ਼ੁਰੂ ਕਰਵਾ ਦਿੱਤਾ ......." ਕਹਿੰਦੀ ਹੋਈ ਦਾ ਗਲਾ ਭਰ ਆਇਆ।

"ਕਿਤਨੇ ਬੱਚੇ ਹਨ ਤੇਰੇ?" ਕੁਝ ਦੇਰ ਖ਼ਾਮੋਸ਼ ਰਹਿਣ ਬਾਦ ਉਸਨੇ ਪੁੱਛ ਲਿਆ।

"ਚਾਰ, ......ਸਭ ਤੋਂ ਛੋਟਾ ਦੋ ਸਾਲ ਦਾ ਹੋ ਗਿਆ ਹੋਵੇਗਾ, ਵਿਚਾਰਾ।"

"ਤੇਰਾ ਪਤੀ ਹੀ ਪਾਲਦਾ ਹੋਵੇਗਾ ਉਨ੍ਹਾਂ ਨੂੰ?"

"ਪਤਾ ਨਹੀਂ ਕਿਵੇਂ ਪਾਲਦਾ ਹੋਵੇਗਾ, ਮੇਰੇ ਕੋਲੋਂ ਜੋ ਭੀ ਥੋੜ੍ਹੇ ਬਹੁਤ ਬਚਾ ਹੁੰਦੇ ਹਨ, ਉਨਾਂ ਨੂੰ ਭੇਜ ਦਿੰਦੀ ਹਾਂ। ਜੇਕਰ ਆਪਣੇ ਕਿਰਾਏ ਜੋਗੇ ਬਚਾਉਣ ਲਗ ਪਈ ਤਾਂ ਉਹ ਭੁੱਖੇ ਮਰ ਜਾਣਗੇ ਵਿਚਾਰੇ।" ਕਹਿੰਦੀ ਦਾ ਫਿਰ ਗੱਚ ਭਰ ਆਇਆ। "......ਆਹ ਆਲੇ ਦਵਾਲੇ ਦੇ ਕਮਰਿਆਂ ਵਿਚ ਭੀ ਜਿਤਨੀਆਂ ਹਨ, ਮੇਰੇ ਵਰਗੀਆਂ ਹੀ ਹਨ।ਆਹ ਥਾਈਲੈਂਡ ਦੀਆਂ ਨੂੰ ਤਾਂ ਕਈ ਮਾਪੇ ਢਿੱਡ ਦੀ ਭੁੱਖ ਤੋਂ ਦੁਖੀ ਹੋ ਕੇ ਆਪ ਹੀ ਇਥੇ ਭੇਜ ਦਿੰਦੇ ਹਨ।"

"ਇਥੋਂ ਨਿਕਲਣ ਦਾ ਕੋਈ ਤਾਂ ਰਾਹ ਹੋਵੇਗਾ?" ਰਾਜ ਨੇ ਹਮਦਰਦੀ ਨਾਲ ਪੁਛਿਆ।

"ਲਗ ਪੱਗ ਅਸੰਭਵ ਹੀ ਹੈ। ਹਰ ਗਾਹਕ ਮਗਰ ਇਨ੍ਹਾਂ ਨੂੰ ਕਮਿਸ਼ਨ ਦੇਣਾ ਪੈਂਦਾ ਹੈ। ਇਸ ਕਮਰੇ ਦਾ ਕਿਰਾਇਆ ਅਲੱਗ। ਸਾਨੂੰ ਬਹੁਤ ਡਰਾ ਧਮਕਾ ਦੇ ਰੱਖਦੇ ਹਨ, ਕਿਸੇ ਨਾਲ ਭੀ ਜ਼ਿਆਦਾ ਗੱਲ ਨਹੀਂ ਕਰ ਸਕਦੀਆਂ ਸਿਵਾਏ ਸੌਦੇ ਤੋਂ, ਤਦੇ ਮੈਂ ਦਰਵਾਜ਼ੇ ਵਿਚ ਖੜ੍ਹ ਕੇ ਗੱਲਾਂ ਨਹੀਂ ਸੀ ਕਰਨਾ ਚਾਹੁੰਦੀ। .....ਕਈ ਵਾਰੀ ਤਾਂ ਇਸ ਕਮਰੇ ਦਾ ਕਿਰਾਇਆ ਹੀ ਮਸੀਂ ਪੂਰਾ ਹੁੰਦਾ ਸੀ, ਖਾਣਾ ਵੀ ਇਕ ਵੇਲੇ ਹੀ ਜੁੜਦਾ ਸੀ। ਪਰ ਹੁਣ ਘਰ ਨੂੰ ਭੇਜਣ ਜੋਗੇ ਕੁਝ ਨਾ ਕੁਝ ਬਚ ਜਾਂਦੇ ਹਨ।"

"ਉਹ ਕਿਵੇਂ?"

"ਕੌਂਡੋਮ ਪਹਿਨ ਕੇ ਰੇਟ ਤੀਹ ਮਾਰਕ ਹੈ, ਪਰ ਪਹਿਨੇ ਵਗੈਰ ਵਾਲੇ ਤੋਂ ਪੰਜਾਹ ਮਾਰਕ ਚਾਰਜ ਕਰੀਦੇ ਹਨ, ਜ਼ਿਆਦਾਤਰ ਵਗੈਰ ਪਹਿਨਣ ਵਾਲੇ ਹੀ ਗਾਹਕ ਆਉਂਦੇ ਹਨ।" ਉਸਨੇ ਫ਼ਰਸ਼ ਤੇ ਨਜ਼ਰ ਗੱਡ ਕੇ ਕਿਹਾ।

"ਪਰ ....ਪਰ ਕੀ ਤੈਨੂੰ ਏਡਜ਼ ਬਾਰੇ ਨਹੀਂ ਪਤਾ ?" ਰਾਜ ਨੇ ਹੈਰਾਨੀ ਭਰੀ ਹਮਦਰਦੀ ਨਾਲ ਪੁੱਛਿਆ।

"ਬਿਲਕੁਲ ਪਤਾ ਹੈ, ਇਹ ਭੀ ਪਤਾ ਹੈ ਕਿ ਇਹ ਬੀਮਾਰੀ ਲੱਗਣ ਵਾਲਾ ਇਨਸਾਨ ਕੁਝ ਸਾਲਾਂ ਬਾਦ ਜ਼ਰੂਰ ਮਰ ਜਾਂਦਾ ਹੈ।"

"ਤੇ ਫਿਰ ਭੀ ਤੂੰ ...?"

"ਆਪਣੇ ਬੱਚਿਆਂ ਨੂੰ ਢਿੱਡੋਂ ਭੁੱਖੇ ਰੱਖ ਕੇ ਹੁਣੇ ਹੀ ਮਾਰ ਦੇਣ ਨਾਲੋਂ ਤਾਂ ਮੇਰਾ ਕੁਝ ਸਾਲਾਂ ਬਾਦ ਏਡਜ਼ ਨਾਲ ਮਰ ਜਾਣਾ ਬੇਹਤਰ ਹੀ ਹੋਵੇਗਾ ਨਾ।" ਫ਼ਰਸ਼ ਤੋਂ ਨਜ਼ਰ ਉਠਾ ਕੇ ਉਸਦੇ ਵਲ ਦੇਖਦੀ ਨੇ ਫ਼ੈਸਲਾਕੁਨ ਲਹਿਜ਼ੇ ਵਿਚ ਕਿਹਾ।



ਤੇ ਇਹ ਸੁਣਕੇ ਰਾਜ ਦੀ ਜ਼ੁਬਾਨ ਨੂੰ ਜਿਵੇਂ ਜਿੰਦਰਾ ਵੱਜ ਗਿਆ ਹੋਵੇ।

ਕਿਸੇ ਫ਼ਿਲਮ ਦੀ ਰੀਲ੍ਹ ਵਾਂਗ ਬ੍ਰਾਜ਼ੀਲ ਵਿਚ ਇਸਦੇ ਉਦਾਸ ਜਿਹੇ ਬੱਚੇ, ਪਾਕਿਸਤਾਨ ਵਿਚ ਦਿਲਾਵਰ ਖ਼ਾਨ ਨੂੰ ਮਿਲਣ ਲਈ ਤਾਂਘਦੇ ਉਸਦੇ ਬੀਵੀ ਬੱਚਾ, ਜਰਮਨ ਬੁੱਢੀ ਨਾਲ ਵਿਆਹਿਆ ਕੋਰਟ ਦਾ ਫ਼ੈਸਲਾ ਉਡੀਕਦਾ ਪੰਜਾਬੀ ਭਾਈ; ਅੱਧੀ ਰਾਤ ਨੂੰ ਕਬਰਿਸਤਾਨ ਵਿਚੋਂ ਬਾਰਡਰ ਕਰਾਸ ਕਰਦਾ ਅਸਲਮ ਉਸਦੀਆਂ ਅੱਖਾਂ ਸਾਹਮਣਿਉਂ ਗੁਜ਼ਰ ਗਏ। ਉਸਨੂੰ ਜਿਵੇਂ ਆਪਣੇ ਢਿੱਡ ਅੰਦਰ ਭੁੱਖ ਦਾ ਅਹਿਸਾਸ ਹੋਇਆ। ਅਚਾਨਕ ਉਸਦਾ ਹੱਥ ਮਲਕੜੇ। ਜਿਹੇ ਆਪਣੇ ਕੋਟ ਦੀ ਜੇਬ ਅੰਦਰ ਚਲਾ ਗਿਆ। ਜੇਬ ਅੰਦਰਲੇ ਸਾਰੇ ਸਿੱਕੇ ਟਟੋਲ ਕੇ ਉਹ ਉਸਦੇ ਬੈੱਡ ਉਪਰ ਰੱਖ ਕੇ ਉਠ ਖਲੋਤਾ। ਜਿਉਂ ਹੀ ਉਸਨੇ ਕਮਰੇ ਦਾ ਦਰਵਾਜ਼ਾ ਖੋਲ੍ਹਣ ਲਈ ਹੱਥ ਵਧਾਇਆ ਤਾਂ ਪਿਛੋਂ ਉਸਦੀ ਆਵਾਜ਼ ਸੁਣਾਈ ਦਿੱਤੀ, " ਗੱਲ ਸੁਣ !"

ਜਿਉਂ ਹੀ ਰਾਜ ਨੇ ਮੂੰਹ ਘੁਮਾਇਆ ਤਾਂ ਉਸਨੇ ਉਹ ਸਿੱਕੇ ਬੈੱਡ ਤੋਂ ਉਠਾ ਕੇ ਵਾਪਿਸ ਉਸਦੇ ਕੋਟ ਦੀ ਜੇਬ ਵਿਚ ਪਾ ਦਿੱਤੇ, "ਮੈਂ ਇਹ ਨਹੀਂ ਲਵਾਂਗੀ .." ਕਹਿੰਦੀ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਹੰਝੂ ਤੈਰ ਰਹੇ ਸਨ ਜਿਨ੍ਹਾਂ ਨੂੰ ਉਹ ਅੱਖਾਂ ਝਮਕ ਝਮਕ ਕੇ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ। ਰਾਜ ਕੋਲੋਂ ਉਥੇ ਹੋਰ ਠਹਿਰਿਆ ਨਾ ਗਿਆ ਤੇ ਦਰਵਾਜ਼ਾ ਖੋਲ੍ਹ ਕੇ ਪੌੜੀਆਂ ਉਤਰ ਕੇ, ਬਾਹਰ ਆ ਗਿਆ ਜਿੱਥੇ ਅਸਲਮ ਬੇਸਬਰੀ ਨਾਲ ਉਸਦਾ ਇੰਤਜ਼ਾਰ ਕਰ ਰਿਹਾ ਸੀ।

(ਦਸੰਬਰ 1991)

# ਵਿਕਟਰ '

"ਕਾਰ ਫਿਫਟੀਨ ..."

"ਯੈਸ ਫਿਫਟੀਨ ....."

"ਵਨ ਫੋਰਟੀਏਟ ਲਿੱਜਨ ਫੌਰ ਵਿਕਟਰ" ਰਾਤ ਦੇ ਹਨੇਰੇ ਦੀ ਖਾਮੋਸ਼ੀ ਭੰਗ ਕਰਦੀ ਹੋਈ ਡਿਸਪੈਚਰ ਦੀ ਭਰੜਾਈ ਹੋਈ ਆਵਾਜ਼ ਟੈਕਸੀ ਅੰਦਰਲੇ ਰੇਡੀਉ ਵਿਚ ਇਹ ਆਦੇਸ਼ ਦੇ ਕੇ ਚੁੱਪ ਹੋ ਗਈ।

"ਓ.ਕੇ. ਰਾਈਟ ਵੇਅ, ਸਰ, 'ਕਹਿਕੇ ਦਵਿੰਦਰ ਨੇ ਟੈਕਸੀ ਵਿਚਲੇ ਰੇਡੀਉ ਦਾ ਮਾਈਕ ਹੁੱਕ ਉਪਰ ਟੰਗ ਦਿੱਤਾ ਤੇ ਟੈਕਸੀ ਗੇਅਰ ਵਿਚ ਪਾਕੇ ਤੋਰ ਲਈ।

"ਲਾਗੇ ਈ ਜਾਣ ਵਾਲਾ ਕੋਈ ਰੀਟਾਇਰ ਫੌਜੀ ਹੋਣਾ ਸਾਲਾ," ਦਵਿੰਦਰ ਨੇ ਜ਼ਰਾ ਖਿੱਝ ਕੇ ਐਕਸੀਲਰੇਟਰ ਦਬਾਉਂਦੇ ਹੋਏ ਨੇ ਜਿਵੇਂ ਆਪਣੇ ਆਪ ਨੂੰ ਕਿਹਾ।

ਅੱਜ ਰਿਮੈਂਬਰੈਂਸ ਦੀ ਛੁੱਟੀ ਸੀ ਜਿਸ ਕਰਕੇ ਟੈਕਸੀ ਦਾ ਕੰਮ ਬਹੁਤ ਧੀਮਾ ਸੀ। ਦਵਿੰਦਰ ਸ਼ਾਮ ਦਾ ਕੰਮ ਉਪਰ ਲੱਗਾ ਹੋਇਆ ਸੀ ਤੇ ਅਜੇ ਤੱਕ ਉਸਦੇ ਕੇਵਲ ਦੋ ਤਿੰਨ ਹੀ ਛੋਟੇ ਛੋਟੇ ਟਰਿੱਪ ਲੱਗੇ ਸਨ ਜਿਸ ਕਰਕੇ ਉਹ ਕੁਝ ਖਿਝਿਆ ਹੋਇਆ ਸੀ।

"ਇਹਦੇ ਨਾਲੋਂ ਤਾਂ ਮੈਂ ਅੱਜ ਘਰ ਬਹਿ ਕੇ ਪੜ੍ਹ ਹੀ ਲੈਂਦਾ, ਅਗਲੇ ਹਫ਼ਤੇ ਅਸਾਈਨਮੈਂਟ ਭੀ ਦੇਣੀ ਹੈ," ਉਸਨੇ ਜਿਵੇਂ ਆਪਣੇ ਆਪ ਨੂੰ ਕਿਹਾ ਤੇ ਗਿਲਮੋਰ ਸਟ੍ਰੀਟ ਦੀ ਬੱਤੀ ਹਰੀ ਹੁੰਦਿਆਂ ਹੀ ਜ਼ੋਰ ਨਾਲ ਪੈਰ ਦਬਾ ਦਿੱਤਾ। ਉਹ ਚਹੁੰਦਾ ਸੀ ਕਿ ਜਲਦੀ 2 ਉਸਦੇ ਦੋ ਤਿੰਨ ਲੰਬੇ ਲੰਬੇ ਟਰਿੱਪ ਲਗ ਜਾਣ ਤਾਂ ਜੁ ਉਹ ਟੈਕਸੀ ਖੜੀ ਕਰਕੇ ਘਰ ਜਾ ਕੇ ਸੌਂਵੇ। ਸਵੇਰ ਨੂੰ ਯੂਨੀਵਰਸਿਟੀ ਭੀ ਜਾਣਾ ਸੀ ।

ਇਤਨੇ ਨੂੰ ਟੈਕਸੀ ਵੱਨ ਫ਼ੋਰਟੀ ਏਟ ਲਿੱਜਨ ਪਹੁੰਚ ਗਈ ਤੇ ਉਸਦੇ ਬਾਹਰ ਹੀ ਇਕ ਚਿੱਟੇ ਘੁੰਗਰਾਲੇ ਵਾਲਾਂ ਵਾਲਾ ਇਕ ਸਿਆਣੀ ਉਮਰ ਦਾ ਵਿਅਕਤੀ ਉਸਦੀ ਉਡੀਕ ਕਰ ਰਿਹਾ ਸੀ। ਇਹ ਲਿੱਜਨ ਖਾਸਤੌਰ ਤੇ ਸਾਬਕਾ ਫੌਜੀਆਂ ਦੇ ਪੀਣ ਅਤੇ ਸੋਸ਼ਲਾਈਜ਼ ਕਰਨ ਵਾਸਤੇ ਬਣੇ ਹੋਏ ਇੱਕ ਕਿਸਮ ਦੇ ਕਲੱਬ ਹੁੰਦੇ ਹਨ। ਇੱਥੇ ਆਮ ਵਿਅਕਤੀ ਨਹੀਂ ਆ ਜਾ ਸਕਦੇ, ਕੇਵਲ ਨੇੜੇ ਤੇੜੇ ਵਸਦੇ ਪਿਨਸ਼ਨੀਏ ਫੌਜੀ ਹੀ ਆਪਣੀਆਂ ਸਾਥਣਾ ਨੂੰ ਲੈਕੇ ਆਉਂਦੇ ਹਨ।

ਟੈਕਸੀ ਰੁਕਦਿਆਂ ਹੀ ਉਹ ਮੂਹਰਲਾ ਦਰਵਾਜ਼ਾ ਖੋਲ੍ਹ ਕੇ ਦਵਾ ਦਵ ਅੰਦਰ ਬੈਠ ਗਿਆ ਤੇ ਬੋਲਿਆ, "ਕੈਪੀਟਲ ਹਿੱਲ ਪਲੀਜ਼।"

"ਰਾਈਟ ਸਰ," ਕਹਿਕੇ ਦਵਿੰਦਰ ਨੇ ਕਾਰ ਹੇਸਟਿੰਗ ਸਟ੍ਰੀਟ ਉਪਰ ਤੋਰ ਲਈ।



"ਹੁੰਹ, ਸਾਲੇ ਸਮਝਦੇ ਕੀ ਆ ਆਪਣੇ ਆਪ ਨੂੰ, ਕਮਲੇ।" ਫੌਜੀ ਸ਼ਾਇਦ ਕਲੱਬ ਵਿਚੋਂ ਕਿਸੇ ਨਾਲ ਝਗੜਦਾ ਆਇਆ ਸੀ। ਤੇ ਅਜੇ ਭੀ ਉਸਦਾ ਮੂਡ ਖਰਾਬ ਲਗਦਾ ਸੀ। ਵੈਸੇ ਉਸਦੇ ਸ਼ਰਾਬੀ ਹੋਣ ਦੇ ਕੋਈ ਆਸਾਰ ਨਹੀਂ ਨਜ਼ਰ ਆ ਰਹੇ ਸਨ।

ਅਗਲੇ ਚੌਂਕ ਵਿਚ ਟ੍ਰੈਫਿਕ ਦੀ ਬੱਤੀ ਲਾਲ ਹੋ ਗਈ ਤੇ ਦਵਿੰਦਰ ਨੇ ਬੜੇ ਆਰਾਮ ਨਾਲ ਹੌਲੀ ਹੌਲੀ ਬ੍ਰੇਕ ਲਾਈ ਤੇ ਟੈਕਸੀ ਬੜੀ ਨਜ਼ਾਕਤ ਨਾਲ ਬਗੈਰ ਕਿਸੇ ਝਟਕੇ ਦੇ ਰੁਕ ਗਈ।

"ਤੇਰੀ ਆਪਣੀ ਗੱਡੀ ਹੈ ਇਹ?" ਫੌਜੀ ਸ਼ਾਇਦ ਆਪਣਾ ਮਨ ਹੋਰ ਪਾਸੇ ਪਾਉਣਾ ਚਾਹੁੰਦਾ ਸੀ।

"ਨਹੀਂ ਜੀ ਮੈਂ ਤਾਂ ਸਿਰਫ਼ ਵੀਕ ਐਂਡ ਜਾਂ ਛੁੱਟੀ ਵਾਲੇ ਦਿਨ ਹੀ ਚਲਾਉਂਦਾ ਹੁੰਨਾਂ, ਮਾਲਿਕ ਤਾਂ ਕੋਈ ਹੋਰ ਐ।"

"ਅੱਛਾਅ, ਬਾਕੀ ਦਿਨ ਕੀ ਕਰਦਾ ਹੁੰਨਾਂ?"

"ਜੀ ਮੈਂ ਯੂਨੀਵਰਸਿਟੀ ਜਾਂਦਾ ਹਾਂ।"

"ਗੁੱਅਡ, ਕੀ ਪੜ੍ਹ ਰਿਹਾ ਏਂ ਯੂਨੀਵਰਸਿਟੀ ਵਿਚ?"

"ਮੈਂ ਬਿਜ਼ਨਿਸ ਐਡਮਿਨਸਟ੍ਰੇਸ਼ਨ ਕਰ ਰਿਹਾ ਹਾਂ, ਆਖਰੀ ਸਾਲ ਏ।"

ਦਵਿੰਦਰ ਨੇ ਜ਼ਰਾ ਚਾਅ ਨਾਲ ਦੱਸਿਆ।

"ਵੈਰੀ ਗੁੱਅਡ, ਕੀਪ ਇਟ ਅੱਪ, ਕਿਸੇ ਕਿਸੇ ਨੂੰ ਈ ਮੌਕਾ ਮਿਲਦਾ ਪੜ੍ਹ ਲਿਖ ਸਕਣ ਦਾ, ਨਹੀਂ ਤਾਂ ਬਾਹਰਲੇ ਮੁਲਕਾਂ ਤੋਂ ਇੱਥੇ ਆਕੇ ਵੱਸੇ ਲੋਕ ਜ਼ਿਆਦਾਤਰ ਟੈਕਸੀ ਚਲਾਉਣ ਜਾਂ ਮਜ਼ਦੂਰੀ ਕਰਨ ਜੋਗੇ ਹੀ ਰਹਿ ਜਾਂਦੇ ਹਨ", ਫੌਜੀ ਜ਼ਰਾ ਹਮਦਰਦੀ ਨਾਲ ਬੋਲਿਆ।

"ਜਿਹੜੇ ਮਜ਼ਦੂਰੀ ਕਰਨ ਲਈ ਜੰਮਦੇ ਆ ਉਸੇ ਜੋਗੇ ਰਹਿ ਜਾਂਦੇ ਆ, ਆਲਸੀ ਲੋਕ। ਜਿਹੜੇ ਕੁਸ਼ ਕਰਨ ਜੋਗੇ ਹੁੰਦੇ ਆ ਉਹ ਕਰ ਹੀ ਦਿਖਾਉਂਦੇ ਆ," ਦਵਿੰਦਰ ਨੇ ਜ਼ਰਾ ਫੂਕ ਛਕ ਕੇ ਕਿਹਾ। ਉਸਨੂੰ ਆਪਣੇ ਯੂਨੀਵਰਸਿਟੀ ਵਿਚ ਪੜ੍ਹਨ ਦਾ ਬੜਾ ਮਾਣ ਸੀ। ਟੈਕਸੀ ਚਲਾਉਂਦਾ ਹੋਇਆ ਭੀ ਉਹ ਕਦੀ ਹੋਰ ਪੰਜਾਬੀ ਡਰਾਇਵਰਾਂ ਨਾਲ ਘੁਲਦਾ ਮਿਲਦਾ ਨਹੀਂ ਸੀ। ਜੇ ਕਿਸੇ ਨਾਲ ਗੱਲ ਕਰਨੀ ਪੈ ਵੀ ਜਾਂਦੀ ਤਾਂ ਅੰਗ੍ਰੇਜ਼ੀ ਵਿਚ ਹੀ ਕਰਦਾ ਸੀ। ਆਪਣੇ ਆਪ ਨੂੰ ਉਨ੍ਹਾਂ ਨਾਲੋਂ ਵੱਖਰਾ ਜਤਾਉਣ ਦਾ ਹਰ ਸੰਭਵ ਯਤਨ ਕਰਦਾ ਸੀ ਤੇ ਆਪਣਾ ਨਾਮ ਭੀ ਦਵਿੰਦਰ ਦੀ ਜਗਹ 'ਡੇਵ' ਹੀ ਦੱਸਦਾ ਸੀ।

"ਬੜਾ ਲੁੱਟਿਆ ਬਈ ਇਨ੍ਹਾਂ ਨੇ ਬਾਕੀ ਕੌਮਾਂ ਨੂੰ, ਸ਼ਾਇਦ ਉਹ ਮੁੜਕੇ ਕਦੀ ਪੈਰੀਂ ਨਾ ਆਉਣ।" ਫੌਜੀ ਨੇ ਕੁਝ ਇਸ ਤਰਾਂ ਹਮਦਰਦੀ ਨਾਲ ਕਿਹਾ ਕਿ ਦਵਿੰਦਰ ਨੂੰ ਆਪਣੇ ਕੰਨਾਂ ਉਪਰ ਯਕੀਨ ਜਿਹਾ ਨਾ ਆਇਆ। ਉਸਨੇ ਜ਼ਰਾ ਗਰਦਨ ਘੁਮਾ ਕੇ ਉਸ ਵੱਲ ਧਿਆਨ ਨਾਲ ਦੇਖਿਆ ਕਿ ਇਹ ਹੈ ਗੋਰਾ ਈ, ਕਿਤੇ ਅਨ੍ਹੇਰੇ ਵਿਚ ਉਸਨੂੰ ਭੁਲੇਖਾ ਤਾਂ ਨਹੀਂ ਪਿਆ।

"ਮੇਕ ਏ ਲੈਫਟ ਐਟ ਹਾਵਰਡ ਪਲੀਜ਼", ਅਗਲੀ ਸਟ੍ਰੀਟ ਵਲ ਇਸ਼ਾਰਾ ਕਰਦਾ ਫੌਜੀ ਬੋਲਿਆ।

"ਦੇਖੋ ਇਨਸਾਨ ਦੀ ਦੂਸਰੇ ਨੂੰ ਆਪਣਾ ਗੁਲਾਮ ਬਣਾ ਕੇ ਰੱਖਣ ਦੀ ਲਾਲਸਾ ਨੇ ਉਸ ਤੋਂ ਕੀ ਕੁਝ ਕਰਵਾਇਆ ਹੈ",ਫੌਜੀ ਨੇ ਜ਼ਰਾ ਡੂੰਘਾ ਸਾਹ ਲੈ ਕੇ ਕਿਹਾ। ਦਵਿੰਦਰ ਨੇ ਉਸਦਾ ਮਤਲਬ ਨਾ ਸਮਝਦੇ ਹੋਏ ਚੁੱਪ ਰਹਿਣਾ ਹੀ ਠੀਕ ਸਮਝਿਆ।

"ਬੰਦੇ ਨੂੰ ਇਕ ਭਾਵਨਾਹੀਣ ਜਾਨਵਰ ਬਣਾ ਕੇ ਰੱਖ ਦਿਤਾ, ਸਗੋਂ ਜਾਨਵਰ ਤਾਂ ਇਨਸਾਨ ਤੋਂ ਹਜ਼ਾਰਾਂ ਗੁਣਾਂ ਸੰਵੇਦਨਾਸ਼ੀਲ ਹੁੰਦੇ ਹਨ", ਫੌਜੀ ਆਪਣੇ ਰੌਅ ਵਿਚ ਕਹਿ ਗਿਆ।

"ਜੀ ਮੈਂ ਪੂਰੀ ਤਰਾਂ ਤੁਹਾਡਾ ਮਤਲਬ ਨਹੀਂ ਸਮਝਿਆ", ਦਵਿੰਦਰ ਨੇ ਫੌਜੀ ਦੀ ਅਪਾਰਟਮੈਂਟ ਬਿਲਡਿੰਗ ਸਾਹਮਣੇ ਟੈਕਸੀ ਰੋਕਦਿਆਂ ਕਿਹਾ।

"ਕਿਉਂਕਿ ਤੇਰਾ ਅਜੇ ਜ਼ਿੰਦਗੀ ਨਾਲ ਵਾਹ ਨਹੀਂ ਪਿਆ, ਯੰਗ ਮੈਨ," ਉਸ ਵੱਲ ਇਕ ਭਾਵਪੂਰਣ ਮੁਸਕਾਨ ਸਿੱਟਦਾ ਹੋਇਆ ਫੌਜੀ ਬੋਲਿਆ. ਫਿਰ ਟੈਕਸੀ ਦੇ ਮੀਟਰ ਵੱਲ ਦੇਖਕੇ ਜ਼ਰਾ ਭਾਵ ਬਦਲ ਕੇ ਬੋਲਿਆ, "ਸੱਚ ਮੇਰੀ ਜੇਬ ਵਿਚ ਤੈਨੂੰ ਦੇਣ ਜੋਗੇ ਪੈਸੇ ਨਹੀਂ ਹਨ. ਦਰਅਸਲ, ਅੱਜ ਮੇਰਾ ਬਟੂਆ ਘਰ ਰਹਿ ਗਿਆ ਸੀ. ਮੈਂ ਅੰਦਰੋਂ ਹੁਣੇ ਲਿਆ ਕੇ ਦਿੰਦਾ ਹਾਂ ਤੈਨੂੰ।"

ਦਵਿੰਦਰ ਨੇ ਕੋਈ ਜੁਆਬ ਨਾ ਦਿੱਤਾ। ਅਜੇ ਤੱਕ ਉਸਨੂੰ ਉਸਦੇ ਵਿਅਕਤੀਤਵ ਦੀ ਕੋਈ ਖਾਸ ਸਮਝ ਜਿਹੀ ਨਹੀਂ ਸੀ ਲਗ ਰਹੀ। ਪੈਸੇ ਤਾਂ ਮੀਟਰ ਉਤੇ ਭਾਵੇਂ ਥੋੜੇ ਜਿਹੇ ਹੀ ਚੱਲੇ ਸਨ. ਪਰ ਇਹੋ ਜਿਹੇ ਦਾ ਕੀ ਯਕੀਨ ਕਿ ਮੁੜਕੇ ਬਿਲਡਿੰਗ ਦੇ ਅੰਦਰੋਂ ਹੀ ਨਾ ਨਿਕਲੇ, ਉਸਨੇ ਮਨ ਵਿਚ ਸੋਚਿਆ।

ਉਸਦੀ ਮਨੋਅਵਸਥਾ ਤਾੜਦਾ ਹੋਇਆ ਫੌਜੀ ਬੋਲਿਆ. "ਐਦਾਂ ਕਰ ਤੂੰ ਮੇਰੇ ਨਾਲ ਹੀ ਅੰਦਰ ਆ ਜਾ।" ਫਿਰ ਸਾਹਮਣੇ ਗਰਾਊਂਡ ਫਲੋਰ ਉਪਰ ਇਕ ਤਾਕੀ ਵਲ ਇਸ਼ਾਰਾ ਕਰਦਾ ਬੋਲਿਆ. "ਆਹ ਮੇਰੇ ਹੀ ਅਪਾਰਟਮੈਂਟ ਦੀ ਤਾਕੀ ਹੈ।"

ਦਵਿੰਦਰ ਚੁਪਚਾਪ ਟੈਕਸੀ ਲਾਕ ਕਰਕੇ ਉਸਦੇ ਨਾਲ ਤੁਰ ਪਿਆ।

"ਜੇਕਰ ਤੇਰਾ ਮਨ ਮੰਨਦਾ ਤਾਂ ਇਕ ਕੱਪ ਕਾਫ਼ੀ ਦਾ ਪੀ ਕੇ ਚਲਾ ਜਾਵੀਂ", ਆਪਣੇ ਦਰਵਾਜ਼ੇ ਦਾ ਲੌਕ ਖੋਲਕੇ ਉਸਨੂੰ ਅੰਦਰ ਆਉਣ ਦਾ ਨਿਮੰਤਰਣ ਦਿੰਦਾ ਫੌਜੀ ਬੋਲਿਆ।

"ਊਂਅਅਅ...." ਦਵਿੰਦਰ ਕੋਈ ਫੈਸਲਾ ਨਹੀਂ ਕਰ ਪਾ ਰਿਹਾ ਸੀ।

"ਵੈਸੇ ਤਾਂ ਤੈਨੂੰ ਬੀਅਰ ਭੀ ਪਿਲਾ ਸਕਦਾ ਹਾਂ. ਪਰ ਤੂੰ ਟੈਕਸੀ ਚਲਾਉਣੀ ਹੈ। ਇਸ ਲਈ ਕੌਫ਼ੀ ਹੀ ਆਫਰ ਕਰ ਰਿਹਾ ਹਾਂ।"



ਦਵਿੰਦਰ ਨੇ ਸੋਚਿਆ ਕਿ ਇਕ ਤਾਂ ਕੰਮ ਵੈਸੇ ਹੀ ਬੜਾ ਧੀਮਾ ਹੈ. ਦੂਸਰੇ ਇਥੋਂ ਵਿਹਲਾ ਹੋਕੇ ਉਸਨੇ ਵੈਸੇ ਭੀ ਵਲਿੰਗਡਨ ਸਟ੍ਰੀਟ ਦੇ ਨੇੜੇ ਵਾਲੇ ਮਕਡਾਨਲਡ ਰੈਸਟੋਰੈਂਟ ਤੋਂ ਕੌਫ਼ੀ ਲੈਕੇ ਭੀ ਪੀਣੀ ਹੀ ਸੀ. ਸੋ ਉਹ ਚੁਪਚਾਪ ਅੰਦਰ ਲੰਘ ਆਇਆ।

"ਹੋਰ ਕੌਣ ਰਹਿੰਦਾ ਹੈ ਇਥੇ?" ਜਿਉਂ ਹੀ ਦਰਵਾਜ਼ਾ ਲੰਘਦੇ ਦਵਿੰਦਰ ਨੇ ਇਹ ਪੁੱਛਿਆ ਉਸੇ ਵੇਲੇ ਇਕ ਛੋਟਾ ਜਿਹਾ ਜੱਤਲ ਜਿਹਾ ਕੁੱਤਾ ਚਊਂ 2 ਕਰਦਾ ਆਕੇ ਉਸਦੇ ਪੈਰਾਂ ਵਿਚ ਲਿਟਣ ਲਗ ਪਿਆ। ਦਵਿੰਦਰ ਜ਼ਰਾ ਘਬਰਾ ਕੇ ਪਿੱਛੇ ਨੂੰ ਹਟਣਾ ਚਾਹਿਆ।

"ਘਬਰਾ ਨਾ, ਇਹ ਵਢਦੀ ਨਹੀਂ ਤੈਨੂੰ। ਤੂੰ ਆਰਾਮ ਨਾਲ ਔਹ ਸਾਹਮਣੀ ਕੁਰਸੀ ਉਪਰ ਬੈਠ ਜਾ," ਫੌਜੀ ਕਿਚਨ ਟੇਬਲ ਲਾਗੇ ਪਈ ਕੁਰਸੀ ਵਲ ਇਸ਼ਾਰਾ ਕਰਦਾ ਬੋਲਿਆ ਤੇ ਫਿਰ , "ਸਟਾਪ ਇਟ ਜੈਕੀ, ਸਟਾਪ ਇਟ" ਕਹਿਕੇ ਕਤੂਰੇ ਨੂੰ ਪਟੇ ਤੋਂ ਫੜਕੇ ਪਰੇ ਕਰਦਾ ਤੇ ਦਵਿੰਦਰ ਵਲ ਇਕ ਭਾਵਪੂਰਣ ਮੁਸਕਾਨ ਨਾਲ ਦੇਖਦਾ ਬੋਲਿਆ, "ਵੈਸੇ ਹਰੇਕ ਜਾਨਵਰ ਦੇ ਕੱਟੇ ਹੋਏ ਦਾ ਇਲਾਜ ਹੋ ਸਕਦਾ ਹੈ ਪਰ ਲਾਲਚੀ ਇਨਸਾਨ ਦੇ ਡੰਗੇ ਹੋਏ ਦਾ ਕੋਈ ਇਲਾਜ ਨਹੀ।"

ਇਕ ਵਾਰੀ ਫਿਰ ਦਵਿੰਦਰ ਨੂੰ ਉਸਦੀ ਗਲ ਦੀ ਸਮਝ ਨਾ ਪਈ ਪਰ ਉਸਨੇ ਵੈਸੇ ਹੀ ਜ਼ਰਾ ਮੁਸਕਰਾ ਕੇ ਸਿਰ ਹਿਲਾ ਦਿੱਤਾ। ਇਤਨੇ ਨੂੰ ਇਕ ਚਿੜੀ ਨਾਲੋਂ ਵੱਡੇ ਆਕਾਰ ਦਾ ਪੰਛੀ ਰੰਗ ਬਰੰਗੇ ਖੰਭ ਫੜਫੜਾਉਂਦਾ ਕਿਚਨ ਦੇ ਵਿਚਕਾਰ ਜਿਹੇ ਲਟਕਦੇ ਇਕ ਖਾਲੀ ਪਿੰਜਰੇ ਉਪਰੋਂ ਉਡ ਕੇ ਫੌਜੀ ਦੇ ਮੋਢਿਆਂ ਉਪਰ ਜਾ ਬੈਠਾ। ਸਟੋਵ ਉਪਰ ਕੌਫ਼ੀ ਲਈ ਪਾਣੀ ਗਰਮ ਰੱਖਦੇ ਹੋਏ ਫੌਜੀ ਨੇ ਪਿਆਰ ਨਾਲ ਉਸਨੂੰ ਪਲੋਸਿਆ ਤੇ ਪਿੰਜਰੇ ਉਪਰ ਬਿਠਾ ਦਿੱਤਾ।

ਉਥੇ ਬੈਠੇ ਦਵਿੰਦਰ ਦੀ ਨਜ਼ਰ ਲਿਵਿੰਗ ਰੂਮ ਦੀ ਸਾਹਮਣੀ ਕੰਧ ਉਪਰ ਟੰਗੀ ਇਕ ਵੱਡੀ ਸਾਰੀ ਸ਼ੀਸ਼ੇ ਵਿਚ ਫ੍ਰੇਮ ਕੀਤੀ ਹੋਈ ਫੋਟੋ ਉਪਰ ਪਈ। ਇਸ ਫੋਟੋ ਵਿਚ ਇਹ ਫੌਜੀ ਇਕ ਵੱਡੇ ਸਾਰੇ ਆਲਸ਼ੇਸ਼ਨ ਜਾਪਦੇ ਕੁੱਤੇ ਨਾਲ ਉਸਦਾ ਗਲ ਫੜਕੇ ਉਸਦੀ ਗੱਲ੍ਹ ਆਪਣੀ ਗੱਲ੍ਹ ਨਾਲ ਲਾਕੇ ਬੈਠਾ ਸੀ। ਫੌਜ਼ੀ ਹੁਣ ਨਾਲੋਂ ਕੁਝ ਜਵਾਨ ਪ੍ਰਤੀਤ ਹੁੰਦਾ ਸੀ।

"ਇਹ ਮੇਰੇ ਪਿਆਰੇ ਟਿੱਮੀ ਦੀ ਫੋਟੋ ਹੈ।" ਦਵਿੰਦਰ ਨੂੰ ਫੋਟੋ ਵਲ ਦੇਖਦਾ ਦੇਖ ਕੇ ਫੌਜੀ ਬੋਲਿਆ, "ਬਹੁਤ ਪਿਆਰ ਸੀ ਸਾਡਾ ਦੋਨਾਂ ਦਾ । ਪੂਰੇ ਅੱਠ ਸਾਲ ਅਸੀਂ ਇਕ ਦੂਸਰੇ ਦੀ ਬੇਗਰਜ਼ ਦੋਸਤੀ ਦਾ ਆਨੰਦ ਮਾਣਿਆ।" ਫਿਰ ਨਿੰਮੀ ਚਊਂ ਚਊਂ ਕਰ ਰਹੀ ਜੈਕੀ ਨੂੰ ਬਾਂਹਾਂ ਵਿਚ ਲੈਕੇ ਪਲੋਸਦਾ ਦਵਿੰਦਰ ਦੇ ਸਾਹਮਣੀ ਕੁਰਸੀ ਉਪਰ ਬੈਠਦਾ ਜ਼ਰਾ ਕੁ ਢਿੱਲੇ ਸੁਰ ਵਿਚ ਬੋਲਿਆ, "ਦਰਅਸਲ, ਹੁਣ ਤੱਕ ਜ਼ਿੰਦਗੀ ਵਿਚ ਮੈਨੂੰ ਮੇਰੇ ਟਿੱਮੀ ਨੇ ਹੀ ਸਭ ਤੋਂ ਵੱਧ ਪਿਆਰ ਦਿੱਤਾ ....ਮੇਰੇ ਲਈ ਪੁੱਤਰ ਵਾਂਗ ਹੀ ਸੀ ਟਿੱਮੀ......" ਦਵਿੰਦਰ ਉਸਦੀ ਗੱਲ ਸੁਣਕੇ ਮਨ ਵਿਚ ਜ਼ਰਾ ਮੁਸਕਰਾਇਆ ਤੇ ਫਿਰ ਬਿਨਾਂ ਸੋਚੇ ਸਮਝੇ ਹੀ ਸਿੱਧਾ ਪੁੱਛ ਮਾਰਿਆ, "ਤੇ ਫਿਰ ਇਹ ਮਰ ਕਿਵੇਂ ਗਿਆ?"

ਤੇ ਫੌਜੀ ਨੂੰ ਜਿਵੇਂ ਦਵਿੰਦਰ ਦੀ ਕਮਅਕਲੀ ਜਾਂ ਟਿੱਮੀ ਵਾਸਤੇ "ਮਰ ਗਿਆ" ਸ਼ਬਦ ਪ੍ਰਯੋਗ ਕਰਨਾ ਪਸੰਦ ਨਾ ਆਇਆ ਹੋਵੇ, ਕੁਝ ਦੇਰ ਖਾਮੋਸ਼ ਰਹਿਣ ਤੋਂ ਬਾਦ ਜ਼ਰਾ

ਸੁਰ ਬਦਲ ਕੇ ਬੋਲਿਆ, "ਸੁਲਾ ਦਿੱਤਾ ਗਿਆ....ਸਦਾ ਲਈ........ਇਕ ਮਿੱਠੀ ਨੀਂਦ ....ਇਸਦੀ ਨਸਲ ਦੇ ਹੋਰਨਾਂ ਕੁੱਤਿਆਂ ਦੀ ਔਸਤਨ ਉਮਰ ਸੱਤ ਸਾਲ ਹੁੰਦੀ ਹੈ, ਪਰ ਮੇਰਾ ਟਿੱਮੀ ਅੱਠਾਂ ਸਾਲਾਂ ਤੋਂ ਭੀ ਪੂਰਾ ਡੇਢ ਮਹੀਨਾ ਵੱਧ ਕੱਟ ਗਿਆ।"

"ਉਹਅ ....." ਦਵਿੰਦਰ ਦੇ ਮੂੰਹੋਂ ਨਿਕਲਿਆ।

"ਉਸਦੀਆਂ ਪਿਛਲੀਆਂ ਲੱਤਾਂ ਰਹਿ ਗਈਆਂ ਸਨ," ਫੌਜੀ ਆਪਣੇ ਬਹਾਅ ਵਿਚ ਕਹਿੰਦਾ ਗਿਆ, "ਕਈ ਦਿਨ ਉਸ ਖੂੰਜੇ ਵਿਚ ਬੈਠਾ ਮਯੂਸ ਨਜ਼ਰਾਂ ਨਾਲ ਮੇਰੇ ਵਲ ਦੇਖਦਾ ਰਿਹਾ, ਪਰ ਅਖੀਰ ਡਾਕਟਰ ਦੇ ਮਸ਼ਵਰੇ ਮੁਤਾਬਕ ਮੈਨੂੰ ਉਸਦੇ ਮਿੱਠੀ ਨੀਂਦ ਸੌਂ ਜਾਣ ਵਾਲਾ ਟੀਕਾ ਲੁਆਉਣਾ ਪਿਆ....ਸੂਈ ਖੁਭਾਉਣ ਤੋਂ ਪਹਿਲਾਂ ਅਸੀਂ ਰੱਜ ਰੱਜ ਕੇ ਇਕ ਦੂਸਰੇ ਨੂੰ ਪਿਆਰ ਕੀਤਾ ......ਤੇ ਉਸ ਦਿਨ ਕਈ ਦਿਨਾਂ ਦੇ ਬਾਦ ਉਸਨੇ ਮੇਰੇ ਨਾਲ ਗੱਲਾਂ ਕੀਤੀਆਂ ਸਨ ....ਸੂਈ ਲਗਣ ਵੇਲੇ ਉਸਨੇ ਇਕ ਹਲਕੀ ਜਿਹੀ ਚਊਂਅ ਕੀਤੀ ਸੀ ਤੇ ਕੁਝ ਛਿਣਾਂ ਬਾਦ ਆਪਣਾ ਮੂੰਹ ਆਪਣੇ ਮੂਹਰਲਿਆਂ ਪੰਜਿਆਂ ਉਪਰ ਰੱਖਕੇ ਹੌਲੀ ੨ ਉਦਾਸ ਅੱਖਾਂ ਮੀਟਦਾ ਮੈਥੋਂ ਹਮੇਸ਼ਾਂ ਲਈ ਜੁਦਾ ਹੋ ਗਿਆ...." ਕਹਿੰਦੇ ਹੋਏ ਫੌਜੀ ਦੀ ਆਵਾਜ਼ ਭਾਰੀ ਹੋ ਗਈ।

ਇਤਨੇ ਨੂੰ ਕੇਤਲੀ ਵਿਚ ਉਬਲ ਰਹੇ ਪਾਣੀ ਨੇ ਹਲਕੀ ਜਿਹੀ ਸੀਟੀ ਮਾਰੀ ਤੇ ਫੌਜੀ ਲਗਪਗ ਆਪਣੇ ਅੱਥਰੂ ਸਮੇਟਦਾ ਗੋਦ ਵਿਚ ਪਈ ਜੈਕੀ ਨੂੰ ਕੁਰਸੀ ਉਪਰ ਰੱਖਕੇ ਅਲਮਾਰੀ ਵਿਚੋਂ ਕੱਪ ਕੱਢਣ ਲਗ ਪਿਆ। ਜੈਕੀ ਨੂੰ ਬਿਟਰ ੨ ਆਪਣੇ ਮੂੰਹ ਵਲ ਦੇਖਦੀ ਦੇਖਕੇ ਦਵਿੰਦਰ ਦੇ ਮਨ ਵਿਚ ਖਿਆਲ ਆਇਆ ਕਿ ਕੀ ਵਾਕਿਆ ਹੀ ਕਿਸੇ ਬੰਦੇ ਨੂੰ ਜਾਨਵਰ ਨਾਲ ਇਤਨਾ ਪਿਆਰ ਹੋ ਸਕਦਾ ਹੈ ਜਾਂ ਕਿਤੇ ਇਹ ਫੌਜੀ ਐਵੇਂ ਪਖੰਡ ਤਾਂ ਨਹੀਂ ਕਰ ਰਿਹਾ? ਉਹ ਟੈਕਸੀ ਦੇ ਪੈਸੇ ਮੰਗਦਾ ੨ ਇਹ ਸੋਚ ਕੇ ਚੁਪ ਹੋ ਗਿਆ ਕਿ ਕੌਫ਼ੀ ਪੀਣ ਤੋਂ ਬਾਦ ਮੰਗ ਲਵਾਂਗਾ।

ਤੇ ਕੌਫ਼ੀ ਦਾ ਦਵਿੰਦਰ ਮੂਹਰੇ ਰਖ ਕੇ ਜਿਉਂ ਹੀ ਫੌਜੀ ਆਪਣੇ ਲਈ ਇਕ ਵਿਸਕੀ ਦਾ ਪੈਗ ਬਣਾਉਣ ਲਗਾ ਤਾਂ ਦਵਿੰਦਰ ਨੇ ਗੱਲਬਾਤ ਟੈਕਸੀ ਵਲ ਮੋੜਨੀ ਚਾਹੀ, " ਤੁਸੀਂ ਟੈਕਸੀ ਵਿਚ ਬੈਠਣ ਤੋਂ ਪਹਿਲਾਂ ਸ਼ਾਇਦ ਕਲੱਬ ਵਿਚੋਂ ਕਿਸੇ ਨਾਲ ਨਾਰਾਜ਼ ਹੋ ਕੇ ਆਏ ਸੀ?"

ਤੇ ਉਸੇ ਵੇਲੇ ਪਿੰਜਰੇ ਉਪਰੋਂ ਉਡ ਕੇ ਪੰਛੀ ਫੌਜੀ ਦੇ ਕੰਧੇ ਉਪਰ ਬੈਠਣ ਦੀ ਕੋਸ਼ਿਸ਼ ਕਰਦਾ ਕਿਚਨ ਦੀ ਦੀਵਾਰ ਨਾਲ ਟਕਰਾ ਕੇ ਫੜਫੜਾਉਂਦਾ ਹੋਇਆ ਕਾਊਂਟਰ ਉਪਰ ਡਿਗ ਪਿਆ। ਉਸਨੂੰ ਪਿਆਰ ਨਾਲ ਪਲੋਸ ਕੇ ਆਪਣੇ ਕੰਧੇ ਉਪਰ ਬਿਠਾਉਂਦਾ ਹੋਇਆ ਫੌਜੀ ਬੋਲਿਆ, " ਹਾਂਅਅ ਨਾਰਾਜ਼ ਕੀ ਹੋਣਾ ਇਨਾਂ ਬੁਢੇ ਬੇਵਕੂਫ਼ਾਂ ਨਾਲ, ਉਦਾਂ ਈ ਫੌਜ ਦੀ ਨੌਕਰੀ ਇਨਾਂ ਦੇ ਦਿਮਾਗ ਖਰਾਬ ਕਰ ਦਿੰਦੀ ਹੈ। ਆਹ ਦੋ ਕੁ ਜਣੇ ਅੱਜ ਰਿਮੈਂਬਰੈਂਸ ਡੇਅ ਦੀ ਪ੍ਰੇਡ ਕੀ ਦੇਖ ਆਏ, ਯੁੱਧ ਦੀਆਂ ਗੱਲਾਂ ਕਰਨੋਂ ਨਹੀਂ ਸੀ ਹਟਦੇ, ਮੈਂ ਕਹਿ ਦਿੱਤਾ ਕਿ ਸਾਨੂੰ ਅਫ਼ਸੋਸ ਹੋਣਾ ਚਾਹੀਦਾ ਹੈ ਕਿ ਸਾਡੇ ਹੱਥੋਂ ਇਤਨੀਆਂ ਜਾਨਾਂ ਗੁਆ ਹੋਈਆਂ ਹਨ, ....ਫੌਜੀ ਦੀ ਜ਼ਿੰਦਗੀ ਹੀ ਕੀ ਹੁੰਦੀ ਹੈ?.....ਇਕ ਚਲਦੀ ਫਿਰਦੀ ਵਿਨਾਸ਼ਕਾਰੀ ਮਸ਼ੀਨ....ਇਸ ਤੋਂ ਵੱਧ ਕੁਝ ਨਹੀਂ। ......ਮੈਂ ਉਨਾਂ ਨੂੰ ਕਿਹਾ ਕਿ ਤੁਸੀਂ ਆਪਣੇ



ਹੱਥੀ ਕੀਤੀ ਤਬਾਹੀ ਦੀਆਂ ਹੀ ਡੀਗਾਂ ਮਾਰੀ ਜਾਂਦੇ ਆਂ, ਕਦੀ ਇਹ ਭੀ ਸੋਚਿਆ ਕਿ ਜਿਨਾਂ ਦੇ ਦੋਸਤ ਜਾਂ ਸਨੇਹੀ ਮਰਦੇ ਆ ਯੁੱਧ ਵਿਚ ਉਨਾਂ ਉਪਰ ਬਾਕੀ ਬਚਦੀ ਜ਼ਿੰਦਗੀ ਕੀ ਬੀਤਦੀ ਹੈ ?....ਬੱਸ ਹੈਸੇ ਗੱਲੋਂ ਤੋਂ ਔਖੇ ਹੋ ਗਏ.....ਅਖੇ ਤੂੰ ਇਮੋਸ਼ਨਲ ਏਂ......ਦੈਟ ਇਜ਼ ਵੈਰੀ ਅਨਸੋਲਜਰ ਲਾਈਕ।"

"ਤਾਂ ਤੁਸੀਂ ਭੀ ਫੌਜ ਵਿਚ ਰਹਿ ਚੁਕੇ ਆਂ ......" ਲਿਵਿੰਗ ਰੂਮ ਦੀ ਦੂਸਰੀ ਨੁੱਕਰ ਵਿਚ ਕਿਤਾਬਾਂ ਦੇ ਭਰੇ ਵੱਡੇ ਸਾਰੇ ਸ਼ੈਲਫ਼ ਦੇ ਨਾਲ ਉਸਦੀ ਜਵਾਨੀ ਵੇਲੇ ਦੀ ਫੌਜੀ ਵਰਦੀ ਵਿਚ ਪਈ ਫੋਟੋ ਦੇਖਕੇ ਦਵਿੰਦਰ ਨੇ ਕਿਹਾ।

"ਹਾਂ ਮੈਂ ਭੀ ਕਈ ਸਾਲ ਪਾਪ ਦਾ ਭਾਗੀ ਬਣਿਆ......ਪਰ ਮੈਂ ਤਾਂ ਜੰਗ ਮੁਕਦੇ ਹੀ ਰਿਟਾਇਰਮੈਂਟ ਲੈ ਲਈ," ਫੌਜੀ ਦਾ ਇਸ਼ਾਰਾ ਸ਼ਾਇਦ ਦੂਸਰੇ ਮਹਾਂਯੁੱਧ ਵਲ ਸੀ, "ਮੇਰੀ ਬਾਂਹ ਵਿਚ ਗੋਲੀ ਲੱਗੀ ਸੀ, ਜ਼ਿਆਦਾ ਸੀਰੀਅਸ ਤਾਂ ਨਹੀਂ ਸੀ ਪਰ ਮੈਨੂੰ ਬਹਾਨਾਂ ਮਿਲ ਗਿਆ ਨੌਕਰੀ ਛੱਡਣ ਦਾ।"

"ਤੇ ਔਹ ਤੁਹਾਡੀ ਪਤਨੀ ਦੀ ਫੋਟੋ ਹੈ ?" ਫੌਜੀ ਵਰਦੀ ਵਾਲੀ ਫੋਟੋ ਦੇ ਨੇੜੇ ਹੀ ਇਕ ਆਕਰਸ਼ਕ ਔਰਤ ਦੀ ਫੋਟੋ ਪਈ ਸੀ ਜਿਸਦੇ ਸੁਨਹਿਰੀ ਜਾਪਦੇ ਘੁੰਗਰਾਲੇ ਵਾਲ ਸੁਹਣੇ ਜਿਹੇ ਮੱਥੇ ਤੋਂ ਉਪਰ ਵਲ ਐਕਟ੍ਰੈਸ ਮਾਰਿਲਿਨ ਮੁਨਰੋਅ ਵਾਂਗ ਵਾਹੇ ਹੋਏ ਸਨ, ਪਤਲੇ ਤੇ ਲਿਪਸਟਿਕ ਲੱਗੇ ਬੁੱਲਾਂ ਉਪਰ ਜ਼ਰਾ ਕੁ ਫਿੱਕੀ ਜਾਪਦੀ ਮੁਸਕਾਨ ਤੇ ਹਰੀਆਂ ੨ ਜਾਪਦੀਆਂ ਅੱਖਾਂ ਵਿਚ ਉਦਾਸੀ ਝਲਕ ਮਾਰਦੀ ਸੀ।

"ਹਾਂ, ਕਹਿਣ ਨੂੰ ਤਾਂ ਮੇਰੀ ਪਤਨੀ ਸੀ ਪਰ ਬਹੁਤ ਕੋਸ਼ਿਸ਼ ਦੇ ਬਾਵਯੂਦ ਭੀ ਮੈਂ ਉਸਦੇ ਦਿਲ ਵਿਚ ਆਪਣੇ ਲਈ ਜਗਹ ਨਾ ਬਣਾ ਸਕਿਆ," ਪੈੱਗ ਖਤਮ ਕਰਦਾ ਉਹ ਉਦਾਸੀ ਨਾਲ ਬੋਲਿਆ।

"ਉਹ ਕਿਉਂ?" ਦਵਿੰਦਰ ਦੇ ਮੂੰਹੋਂ ਅਚਾਨਕ ਨਿਕਲ ਗਿਆ, ਅਣਜਾਣੇ ਹੀ ਉਸਦੀ ਫੌਜੀ ਵਿਚ ਦਿਲਚਸਪੀ ਵਧ ਰਹੀ ਸੀ।

"ਕੀ ਕਰੇਂਗਾ ਜਾਣ ਕੇ?.....ਜ਼ਿੰਦਗੀ ਮੇਰੇ ਲਈ ਕੋਈ ਬਹੁਤੀ ਸੁਖਾਲੀ ਨਹੀਂ ਰਹੀ, ਮੇਰੇ ਫੌਜ ਵਿਚ ਭਰਤੀ ਹੁੰਦੇ ਸਾਰ ਹੀ ਮੇਰੇ ਮਾਂਬਾਪ ਇਕ ਦੁਰਘਟਨਾ ਵਿਚ ਮਾਰੇ ਗਏ, ਉਧਰੋਂ ਜੰਗ ਲਗ ਗਈ , ਮੈਂ ਅੰਤ ਵੇਲੇ ਉਨ੍ਹਾਂ ਨੂੰ ਵਿਦਾਇਗੀ ਭੀ ਨਹੀਂ ਦੇ ਸਕਿਆ।........ਕੀ ਹੁੰਦੀ ਫੌਜੀ ਦੀ ਜ਼ਿੰਦਗੀ....ਬੜੇ ਚਾਅ ਨਾਂਲ ਉਨਾਂ ਨੇ ਮੇਰਾ ਨਾਮ ਵਿਕਟਰ ਰੱਖਿਆ ਸੀ, ਬੜੀਆਂ ਸੱਧਰਾਂ ਨਾਲ ਮੈਨੂੰ ਪਾਲਿਆ। ਛੋਟਾ ਹੁੰਦਾ ਮੈਂ ਐਥਲੀਟ ਹੁੰਦਾ ਸੀ ਤੇ ਹਮੇਸ਼ਾਂ ਜੇਤੂ ਰਹਿੰਦਾ ਸੀ...."

ਇਤਨਾ ਆਖ ਕੇ ਉਹ ਉਠਿਆ, ਗੋਦ ਵਿਚ ਫਿਰ ਆ ਬੈਠੀ ਜੈਕੀ ਨੂੰ ਪਲੋਸ ਕੇ ਫਰਸ਼ ਉਪਰ ਦਵਿੰਦਰ ਦੇ ਪੈਰਾਂ ਕੋਲ ਬਿਠਾ ਦਿੱਤਾ ਅਤੇ ਆਪਣੇ ਲਈ ਵਿਸਕੀ ਦਾ ਇਕ ਹੋਰ ਪੈੱਗ ਬਣਾਉਣ ਲੱਗਾ। ਦਵਿੰਦਰ ਕੌਫ਼ੀ ਖਤਮ ਕਰ ਚੁਕਾ ਸੀ ਪਰ ਉਸਦਾ ਮਨ ਫੌਜੀ ਦੀ ਕਹਾਣੀ ਸੁਣਨ ਨੂੰ ਕਰ ਆਇਆ ਸੀ। ਵੈਸੇ ਭੀ ਅੱਜ ਟੈਕਸੀ ਦਾ ਕੰਮ ਕਾਫੀ ਧੀਮਾ

ਸੀ ਤੇ ਕੁਝ ਦੇਰ ਹੋਰ ਰੁਕ ਜਾਣ ਨਾਲ ਕੋਈ ਫਰਕ ਨਹੀਂ ਸੀ ਪੈਣ ਲੱਗਾ।

"ਕੀ ਕੁਝ ਹੋਰ ਕੌਫ਼ੀ ਲਵੇਂਗਾ?" ਫੌਜੀ ਨੇ ਕੇਤਲੀ ਹੱਥ ਵਿਚ ਚੁਕਕੇ ਪੁਛਿਆ।

"ਜ਼ਰੂਰ ," ਕਹਿਕੇ ਦਵਿੰਦਰ ਨੇ ਕੱਪ ਅੱਗੇ ਕਰ ਦਿੱਤਾ ਤੇ ਫੌਜ਼ੀ ਨੇ ਇਸਨੂੰ ਦਵਿੰਦਰ ਵਲੋਂ ਉਸਦੀ ਰਾਮ ਕਹਾਣੀ ਸੁਣਨ ਲਈ ਰਜ਼ਾਮੰਦੀ ਦਾ ਸੂਚਕ ਸਮਝਿਆ।

"ਜੰਗ ਮੁਕਣ ਤੋਂ ਕੁਝ ਦੇਰ ਪਹਿਲਾਂ ਅਸੀਂ ਫਰਾਂਸ ਦੇ ਮੋਰਚੇ ਉਪਰ ਸਾਂ। ਨੌਰਮੈਂਡੀ ਇਨਵੇਯਜਨ ਦਾ ਪਤਾ ਹੋਵੇਗਾ ਤੈਨੂੰ?"

"ਜੀ ਨਹੀਂ", ਦਵਿੰਦਰ ਨੇ ਜ਼ਰਾ ਕਾਹਲੀ ਨਾਲ ਕਿਹਾ।

"ਨਹੀਂਅ......?......ਫਰਾਂਸ ਦੇ ਉਤਰੀ ਤੱਟ ਉਪਰ ਨੌਰਮੈਂਡੀ ਨਾਮ ਦੇ ਸਥਾਨ ਉਪਰ ਜਰਮਨਾਂ ਅਤੇ ਅਲਾਈਡ ਫੋਰਸਜ਼ ਵਿਚ ਬਹੁਤ ਜੰਮ ਕੇ ਮੁਕਾਬਲਾ ਹੋਇਆ......ਬਹੁਤ ਤਬਾਹੀ ਮਚੀ," ਫੌਜੀ ਕੁਝ ਯਾਦ ਕਰਦਾ ਹੋਇਆ ਪਛਤਾਵੇ ਜਿਹੇ ਨਾਲ ਬੋਲਿਆ।

"ਅਲਾਈਡ ਫੋਰਸਜ਼ ਕੌਣ ਸਨ?" ਦਵਿੰਦਰ ਨੇ ਟੋਕਿਆ।

"ਤੂੰ ਇਤਿਹਾਸ ਬਿਲਕੁਲ ਨਹੀਂ ਪੜ੍ਹਿਆ......ਐਨੀ ਵੇਅ.......ਅਲਾਈਡ ਫੋਰਸਜ਼ ਸਨ ਆਹ ਸਾਰਾ ਲੁੱਟਮਾਰ ਮਹਿਕਮਾ, ਅਮਰੀਕਾ, ਇੰਗਲੈਂਡ, ਤੇ ਇੰਗਲੈਂਡ ਦਾ ਪਿਛਲੱਗ ਕੈਨੇਡਾ ਤੇ ਬਾਅਦ ਵਿਚ ਰੂਸ ਭੀ ਆ ਰਲਿਆ ਸੀ। ਵੈਸੇ ਤਾਂ ਸਾਰੀ ਲੜਾਈ ਹੀ ਲੁੱਟਮਾਰ ਕਰਨ ਦੇ ਚੌਧਰੀ ਬਣਨ ਦੀ ਸੀ, ਦੂਜੇ ਪਾਸੇ ਕਿਹੜੇ ਦਰਵੇਸ਼ ਸਨ, ਹਿਟਲਰ ਨੇ ਖ਼ੂਬ ਉਚਤਮਤਾ ਦੇ ਜਨੂੰਨ ਦੀ ਪਾਣ ਚਾੜ੍ਹੀ ਹੋਈ ਸੀ।" ਫੋਜੀ ਜ਼ਰਾ ਵਿਸਕੀ ਦਾ ਘੁੱਟ ਭਰਨ ਲਈ ਰੁਕਿਆ ਤੇ ਉਠਕੇ ਖਾਣ ਲਈ ਥੋੜ੍ਹਾ ਜਿਹਾ ਨਮਕੀਨ ਅਲਮਾਰੀ ਵਿਚੋਂ ਕੱਢਕੇ ਕਿਚਨ ਟੇਬਲ ਉਪਰ ਰੱਖਕੇ ਦਵਿੰਦਰ ਵਲ ਸਰਕਾਉਂਦਾ ਹੋਇਆ ਬੋਲਿਆ, "......ਤੇ 6 ਜੂਨ 1944 ਦਾ ਦਿਨ ਜਿਸਨੂੰ ਡੀ-ਡੇਅ ਕਹਿੰਦੇ ਹਨ......ਉਸ ਤਬਾਹੀ ਵਿਚ ਅਲਾਈਡ ਫੋਰਸਜ਼ ਵਲੋਂ 1200 ਲੜਾਕੇ ਸ਼ਿੱਪ, 10,000 ਲੜਾਕੇ ਜਹਾਜ਼, ਸੈਂਕੜੇ ਟੈਂਕ, ਸੱਤਰ ਹਜ਼ਾਰ ਤੋਂ ਵੱਧ ਅਮਰੀਕਣ ਤੇ ਅੱਸੀ ਹਜ਼ਾਰ ਤੋਂ ਵੱਧ ਕੈਨੇਡੀਅਨ ਟਰੁੱਪਸ ਨੇ ਭਾਗ ਲਿਆ। ਹਾਅਹ......ਵੈਸੇ ਤਾਂ ਸਾਰਾ ਜੰਗ ਹੀ ਤਬਾਹੀ ਦਾ ਉਤਮ ਨਮੂਨਾ ਸੀ ਪਰ ਇਹ ਡੀ-ਡੇਅ ਨਹੀਂ ਮੈਨੂੰ ਕਦੀ ਭੁੱਲਣ ਲੱਗਾ।" ਕਹਿਕੇ ਫੌਜ਼ੀ ਜ਼ਰਾ ਚੁੱਪ ਕਰ ਗਿਆ।

"ਫਿਰ ਕੀ ਹੋਇਆ?" ਦਵਿੰਦਰ ਉਤਾਵਲਾ ਹੋ ਰਿਹਾ ਸੀ।

"ਸਾਡੀ ਕੈਨੇਡੀਅਨ ਫਸਟ ਆਰਮੀ ਲੈਫਟੀਨੈਂਟ ਜਨਰਲ ਕਰੇਰਾ ਦੀ ਕਮਾਂਡ ਥੱਲੇ ਅਤੇ ਇੰਗਲੈਂਡ ਦੀ ਸੈਕਿਡ ਆਰਮੀ ਲੈਫਟੀਨੈਂਟ ਜਨਰਲ ਡੈਮਪਸੀ ਦੀ ਕਮਾਂਡ ਥੱਲੇ ਇੱਕਠੀਆਂ ਲੜੀਆਂ ਸਨ ਉਸ ਮੋਰਚੇ ਉਤੇ। ਅਸੀਂ ਪੂਰਬੀ ਪਾਸੇ ਦੀਆਂ ਬੀਚਾਂ ਉਪਰ ਉਤਰਨਾ ਸੀ। ਸਾਡੀ ਟੁਕੜੀ ਉਮਾਹਾ ਨਾਮ ਦੀ ਬੀਚ ਉਪਰ ਉਤਾਰੀ ਗਈ ਜਿਸਨੂੰ ਖ਼ੂਨੀ ਉਮਾਹਾ ਭੀ ਕਹਿੰਦੇ ਹਨ। .......ਬਹੁਤ ਤਬਾਹੀ ਹੋਈ ਇਸ ਮੋਰਚੇ ਉਪਰ.......ਉਫਅ......." ਕਹਿਕੇ ਉਹ ਵਿਸਕੀ ਦਾ ਘੁੱਟ ਭਰਨ ਲਈ ਰੁਕਿਆ।" ਸਾਨੂੰ ਮੂੰਹ ਅਨ੍ਹੇਰੇ ਹੀ ਜਹਾਜ਼ਾਂ ਰਾਹੀਂ ਮੋਰਚਿਆਂ ਵਿਚ ਉਤਾਰ ਦਿੱਤਾ ਗਿਆ ਸੀ। ਸਬੱਬੀ ਮੇਰੇ ਨਾਲ ਸਾਡੇ ਮੋਰਚੇ ਵਿਚ ਬ੍ਰਿਟਿਸ਼



ਆਰਮੀ ਦਾ ਇਕ ਸਜੀਲਾ ਜਵਾਨ ਸੀ। ਹਮਲੇ ਦੇ ਆਰਡਰ ਦੀ ਉਡੀਕ ਵਿਚ ਅਸੀਂ ਗੱਲਾਂ ਕਰਦੇ ਇਕ ਦੂਜੇ ਦੇ ਕੁਝ ਦੋਸਤ ਬਣ ਗਏ ਸੀ। ਉਸਦਾ ਨਾਮ ਈਅਨ ਸੀ। ਉਸ ਦਿਨ ਉਹ ਬੜਾ ਓਦਰਿਆ ਹੋਇਆ ਸੀ ਕਿਉਂਕਿ ਉਸ ਦਿਨ ਉਸਦੇ ਬੱਚੇ ਦਾ ਜਨਮ ਦਿਨ ਸੀ। ਬਾਰ ਬਾਰ ਉਹ ਆਪਣੀ ਛਾਤੀ ਦੀ ਜੇਬ ਵਿਚੋਂ ਇਕ ਤਹਿ ਕੀਤਾ ਹੋਇਆ ਕਾਗਜ਼ ਦਾ ਟੁਕੜਾ ਕੱਢ ਕੇ ਪੜ੍ਹਦਾ ਤੇ ਉਦਾਸ ਹੋ ਜਾਂਦਾ।" ਫੌਜੀ ਘੁੱਟ ਭਰਨ ਲਈ ਰੁਕਿਆ।

"ਉਹ ਅਚਾਨਕ ਮੈਨੂੰ ਕਹਿਣ ਲੱਗਾ ਕਿ ਦੋਸਤ ਜੇਕਰ ਇਸ ਹਮਲੇ ਵਿਚ ਮੈਂ ਮਾਰਿਆ ਗਿਆ ਅਤੇ ਤੂੰ ਬਚ ਗਿਆ ਤੇ ਜੇ ਸੰਭਵ ਹੋ ਸਕਿਆ ਤਾਂ ਮੇਰੀ ਜੇਬ ਵਿਚੋਂ ਇਹ ਚਿੱਠੀ ਕੱਢ ਲਵੀਂ, ਇਹ ਮੇਰੀ ਪਿਆਰੀ ਨੈਂਸੀ ਦੀ ਹੈ, ਇਸ ਵਿਚ ਉਸਦਾ ਸਿਰਨਾਵਾਂ ਭੀ ਹੈ। ਸਿਰਫ਼ ਕਿਸੇ ਤਰਾਂ ਉਸਨੂੰ ਦੱਸ ਦੇਵੀਂ ਕਿ ਆਖਰੀ ਪਲ ਤੱਕ ਉਹਦੀ ਅਤੇ ਸਾਡੇ ਪੁੱਤਰ ਫਿਲਪ ਦੀ ਯਾਦ ਮੇਰੇ ਸੀਨੇ ਵਿਚ ਸਮਾਈ ਰਹੀ ਹੈ।" ਫੌਜੀ ਇਕ ਪਲ ਰੁਕਿਆ ਤੇ ਮੋਢੇ ਉਪਰ ਬੈਠੇ ਪੰਛੀ ਨੂੰ ਲਾਡ ਨਾਲ ਗੱਲ੍ਹ ਨਾਲ ਲਾ ਕੇ ਪਿੰਜਰੇ ਉਪਰ ਰੱਖਣ ਲੱਗਾ। ਉਧਰ ਦਵਿੰਦਰ ਦੇ ਪੈਰਾਂ ਕੋਲ ਬੈਠੀ ਜੈਕੀ ਹੌਲੀ੨ ਦਵਿੰਦਰ ਦੇ ਬੂਟਾਂ ਉਪਰ ਪੋਲੇ ਜਿਹੇ ਮੂੰਹ ਟਿਕਾ ਕੇ ਲਿਟ ਗਈ।

ਫੌਜੀ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਤੜਕਸਾਰ ਹਮਲੇ ਦਾ ਹੁਕਮ ਹੋਇਆ। ਘਮਸਾਨ ਦੀ ਲੜਾਈ ਹੋਈ। ਬੜੀ ਮੁਸ਼ਕਲ ਨਾਲ ਅਸੀਂ ਜਰਮਨਾ ਨੂੰ ਹਰਾ ਸਕੇ, ਸ਼ਾਇਦ ਉਨ੍ਹਾਂ ਦੇ ਜਰਨੈਲਾਂ ਨੂੰ ਸਾਡੇ ਉਤਰਨ ਦੇ ਸਥਾਨ ਬਾਰੇ ਭੁਲੇਖਾ ਲਗ ਗਿਆ ਸੀ। ਪਹਿਲੇ ਹੱਲੇ ਤੋਂ ਬਾਦ ਜਦੋਂ ਤੋਪਾਂ ਬੰਬਾਂ ਦਾ ਧੂੰਆਂ ਛਟਿਆ ਤਾਂ ਈਅਨ ਮੈਨੂੰ ਮੋਰਚੇ ਦੇ ਨਜ਼ਦੀਕ ਹੀ ਡਿਗਿਆ ਪਿਆ ਲੱਭਾ। ਉਸਦਾ ਸਰੀਰ ਕਈ ਜਗਹ ਤੋਂ ਛਲਨੀ ਹੋ ਗਿਆ ਸੀ। ਖੱਬੇ ਹੱਥ ਨਾਲ ਛਾਤੀ ਦੀ ਜੇਬ ਵਿਚਲੀ ਚਿੱਠੀ ਘੁੱਟਕੇ ਉਹ ਸਦਾ ਲਈ ਵਿਦਾਇਗੀ ਲੈ ਚੁਕਾ ਸੀ। ਮੈਂ ਉਸਦੀ ਜੇਬ ਵਿਚੋਂ ਚਿੱਠੀ ਕੱਢ ਕੇ ਖੋਲ੍ਹੀ। ਨੈਂਸੀ ਨੇ ਲਿਖਿਆ ਸੀ , ਮੈਨੂੰ ਅੱਜ ਤੱਕ ਭੀ ਯਾਦ ਹੈ:-"

ਪਿਆਰੇ ਈਅਨ! ਰੱਬ ਕਰੇ ਜਿੱਥੇ ਭੀ ਹੋਵੇਂ ਠੀਕ ਠਾਕ ਹੋਵੇਂ। ਹਰ ਸਾਲ ਵਾਂਗ ਐਤਕੀ ਭੀ ਵਿਹੜੇ ਵਿਚ ਬਹੁਤ ਫੁੱਲ ਖਿੜੇ ਹਨ ਤੇ ਹਰ ਸਾਲ ਵਾਂਗ ਐਤਕੀ ਭੀ ਮੈਨੂੰ ਆਸ ਹੈ ਕਿ ਫੁੱਲਾਂ ਦੀ ਰੁੱਤ ਮੁੱਕਣ ਤੋਂ ਪਹਿਲਾਂ ਤੂੰ ਘਰ ਆਣ ਪਹੁੰਚੇਗਾ। ਤਦ ਤੱਕ ਸਾਰੀ ਵਾਦੀ ਵਿਚ ਹਰੀਆਂ ਹਰੀਆਂ ਫਸਲਾਂ ਝੂਮ ਰਹੀਆਂ ਹੋਣਗੀਆਂ।

ਤੇਰਾ ਪੁੱਤਰ ਤੈਨੂੰ ਰੋਜ਼ ਯਾਦ ਕਰਦਾ ਹੈ। ਹਰ ਰੋਜ਼ ਇਕ ਫੁੱਲ ਤੋੜ ਕੇ ਕਾਗਜ਼ ਦੀ ਕਿਸ਼ਤੀ ਵਿਚ ਰੱਖ ਕੇ ਪਹਾੜੀ ਦੇ ਨੇੜੇ ਵਗਦੇ ਪਾਣੀ ਵਿਚ ਰੋੜ੍ਹ ਦਿੰਦਾ ਹੈ ਕਿ ਡੈਡੀ ਨੂੰ ਭੇਜ ਰਿਹਾ ਹਾਂ। ਇਸ ਦੀਆਂ ਅੱਖਾਂ ਤੇ ਬੁਲ੍ਹ ਬਿਲਕੁਲ ਤੇਰੇ ਵਰਗੇ ਹਨ, ਆਦਤਾਂ ਭੀ ਤੇਰੇ ਵਰਗੀਆਂ ਹਨ। ਪਰ ਮੈਂ ਇਸਨੂੰ ਫੌਜੀ ਨਹੀਂ ਬਣਾਉਣਾ ਚਾਹਾਂਗੀ।

ਤੇਰੀ ਉਡੀਕ ਵਿਚ,

ਨੈਂਸੀ।

ਇਸਦੇ ਥੱਲੇ ਟੇਢੇ ਮੇਢੇ ਅੱਖਰਾਂ ਵਿਚ ਫਿਲਪ ਨੇ ਲਿਖਿਆ ਸੀ , ਡੈਡੀ ਵੂਈ ਲਵ ਯੂ, ਗੁੱਡ ਲੱਕ, ਕਮ ਸੂਨ।

ਮੇਰਾ ਮਨ ਬਹੁਤ ਖਰਾਬ ਹੋਇਆ। ਇਸੇ ਤਰਾਂ ਜਦੋਂ ਬਾਦ ਵਿਚ ਅਸੀਂ ਅਗਾਂਹ ਮਾਰਚ ਕਰ ਰਹੇ ਸੀ ਤਾਂ ਸੈਂਕੜੇ ਜਰਮਨ ਨੌਜਵਾਨਾਂ ਦੀਆਂ ਲਾਸ਼ਾਂ ਵਿਛੀਆਂ ਪਈਆਂ ਸਨ।

ਇਕ ਲਾਸ਼ ਨਾਲ ਅਚਾਨਕ ਮੇਰਾ ਪੈਰ ਜ਼ੋਰ ਨਾਲ ਟਕਰਾਇਆ ਤੇ ਉਹ ਸਿੱਧਾ ਹੋ ਗਿਆ। ਉਸਦੇ ਹੱਥ ਵਿਚ ਅੱਧਘੁੱਟੀ ਇਕ ਬਹੁਤ ਹੀ ਪਿਆਰੇ ਜਿਹੇ ਬੱਚੇ ਦੀ ਫੋਟੋ ਸੀ।

ਉਸੇ ਹੀ ਹੱਲੇ ਵਿਚ ਮੇਰੀ ਬਾਂਹ ਵਿਚ ਗੋਲੀ ਲੱਗੀ ਸੀ। ਜੰਗ ਖਤਮ ਹੋਈ। ਮੈਂ ਵਾਪਿਸ ਕੈਨੇਡਾ ਆਇਆ। ਮੇਰੀ ਗਰਲ ਫਰੈਂਡ ਮੈਨੂੰ ਕਾਫ਼ੀ ਦੇਰ ਉਡੀਕਣ ਤੋਂ ਪਿਛੋਂ ਕਿਸੇ ਹੋਰ ਦੀ ਹੋ ਚੁਕੀ ਸੀ। ਮੈਂ ਨੈਂਸੀ ਨੂੰ ਮਿਲਣ ਇੰਗਲੈਂਡ ਚਲਾ ਗਿਆ। ਗਲਾਸਗੋਅ ਦੇ ਨਜ਼ਦੀਕ ਇਕ ਪਿੰਡ ਵਿਚ ਰਹਿੰਦੀ ਸੀ, ਬੜੀ ਖ਼ੂਬਸੂਰਤ ਵਾਦੀ ਸੀ। ਈਅਨ ਦੇ ਵਿਛੋੜੇ ਵਿਚ ਨੈਂਸੀ ਬੇਹੱਦ ਉਦਾਸ ਸੀ। ਮੈਂ ਉਸਨੂੰ ਈਅਨ ਨਾਲ ਗੁਜ਼ਾਰੇ ਪਲਾਂ ਬਾਰੇ ਦੱਸਿਆ। ਮੈਂ ਖ਼ੁਦ ਭੀ ਇਸ ਸਭ ਕਾਸੇ ਨਾਲ ਬਹੁਤ ਦੁਖੀ ਸੀ। ਮੈਂ ਮਾਂ ਪੁੱਤ ਨੂੰ ਨਾਲ ਲੈ ਕੇ ਕੁਝ ਮਹੀਨਿਆਂ ਬਾਦ ਕੈਨੇਡਾ ਆ ਗਿਆ। ਆਹ ਉਸੇ ਦੀ ਫੋਟੋ ਹੈ," ਲਿਵਿੰਗ ਰੂਮ ਵਿਚ ਪਈ ਫੋਟੋ ਵਲ ਇਸ਼ਾਰਾ ਕਰਦਾ ਫੌਜੀ ਬੋਲਿਆ। ਫਿਰ ਇਕ ਸਾਹ ਲੈ ਕੇ, ਲੰਬਾ ਘੁੱਟ ਭਰ ਕੇ ਦੂਸਰਾ ਪੈੱਗ ਭੀ ਮੁਕਾ ਗਿਆ।

ਦਵਿੰਦਰ ਭਾਵੇਂ ਅੰਦਰੋਂ ਤਾਂ ਜਾਣਾ ਚਾਹੁੰਦਾ ਸੀ ਪ੍ਰੰਤੂ ਫੌਜੀ ਦੀ ਕਹਾਣੀ ਸੁਣ ਕੇ ਉਸਨੂੰ ਹਮਦਰਦੀ ਪੈਦਾ ਹੋ ਰਹੀ ਸੀ। ਵੈਸੇ ਭੀ ਗੋਰੇ ਲੋਕਾਂ ਦੀ ਵਿਅਕਤੀਗਤ ਜ਼ਿੰਦਗੀ ਬਾਰੇ ਇਸ ਤਰਾਂ ਜਾਣਕਾਰੀ ਪ੍ਰਾਪਤ ਕਰਨ ਦੇ ਘੱਟ ਹੀ ਮੌਕੇ ਮਿਲਦੇ ਹਨ।

"ਹੁਣ ਫਿਰ ਤੁਹਾਡੀ ਪਤਨੀ ਤੇ ਫਿਲਪ ਕਿੱਥੇ ਹਨ?" ਦਵਿੰਦਰ ਨੇ ਪੁੱਛਿਆ।

"ਉਹ ਕੁਝ ਸਾਲ ਇੱਥੇ ਰਹੇ, ਪਰ ਮੈਂ ਲੱਖ ਕੋਸ਼ਿਸ਼ ਦੇ ਬਾਵਜੂਦ ਈਅਨ ਦੀ ਯਾਦ ਨੂੰ ਨੈਂਸੀ ਦੇ ਦਿਲੋਂ ਨਾ ਭੁਲਾ ਸਕਿਆ। ਫਿਰ ਉਹ ਫਿਲਪ ਨੂੰ ਨਾਲ ਲੈ ਕੇ ਵਾਪਿਸ ਇੰਗਲੈਂਡ ਚਲੇ ਗਈ ਜਿਥੇ ਉਸਦੀਆਂ ਈਅਨ ਨਾਲ ਜੁੜੀਆਂ ਯਾਦਾਂ ਵਸਦੀਆਂ ਸਨ। ਫਿਲਿਪ ਜਦੋਂ ਯੂਨੀਵਰਸਿਟੀ ਜਾਣ ਜੋਗਾ ਹੋਇਆ ਤਾਂ ਨੈਂਸੀ ਨੇ ਉਸਨੂੰ ਇੱਥੇ ਮੇਰੇ ਕੋਲ ਭੇਜ ਦਿੱਤਾ। ਬੜਾ ਹੀ ਸੁਹਣਾ ਜੁਆਨ ਨਿਕਲਿਆ ਸੀ। ਬਿਲਕੁਲ ਈਅਨ ਵਰਗਾ। ਮੈਂ ਚਾਰ ਸਾਲ ਉਸਨੂੰ ਯੂਨੀਵਰਸਿਟੀ ਪੜ੍ਹਾਇਆ। ਸੋਚਿਆ ਕਿ ਚਲੋ ਇਹ ਤਾਂ ਮੇਰੇ ਕੋਲ ਰਹੇਗਾ, ਪਰ ਡਿਗਰੀ ਮਿਲਦੇ ਹੀ ਉਸਨੂੰ ਅਮ੍ਰੀਕਾ ਵਿਚੋਂ ਕਿਧਰੋਂ ਨੌਕਰੀ ਦੀ ਪੇਸ਼ਕਸ਼ ਆ ਗਈ ਤੇ ਉਦੋਂ ਦਾ ਉਹ ਉਥੇ ਹੀ ਰਹਿੰਦਾ ਹੈ। .....ਨੈਂਸੀ ਕੁਝ ਸਾਲ ਪਹਿਲਾਂ ਚਲ ਵਸੀ। ਮੈਂ ਉਸਨੂੰ ਭੁਲਾ ਨਹੀ ਸਕਿਆ। ਦੁਬਾਰਾ ਕਿਸੇ ਨਾਲ ਸਬੰਧ ਜੋੜਨ ਲਈ ਮਨ ਨਹੀਂ ਮੰਨਿਆ। .....ਹੁਣ ਕਦੇ ਕਦਾਈਂ ਫਿਲਿਪ ਦਾ ਕ੍ਰਿਸਮਿਸ ਦਾ ਕਾਰਡ ਆ ਜਾਂਦਾ ਹੈ, ਬੱਸ, ਕਦੇ ਮਿਲਿਆ ਨਹੀਂ, ਉਸਦਾ ਆਪਣਾ ਟੱਬਰ ਹੈ।" ਕਹਿਕੇ ਜਦੋਂ ਫੌਜੀ ਦੁਬਾਰਾ ਉਠਣ ਲੱਗਾ ਤਾਂ ਦਵਿੰਦਰ ਦੇ ਪੈਰਾਂ ਵਿਚ ਲਿਟੀ ਜੈਕੀ ਨੇ ਆਪਣਾ ਮੂੰਹ ਦਵਿੰਦਰ ਦੇ ਪੈਰਾਂ ਨਾਲ ਘਸਾਇਆ। ਦਵਿੰਦਰ ਨੂੰ ਪਹਿਲੀ ਬਾਰੀ ਅਹਿਸਾਸ ਹੋਇਆ ਕਿ ਜੈਕੀ ਉਸਦੇ ਪੈਰਾਂ ਵਿਚ ਪਈ ਸੀ।

ਇਤਨੇ ਨੂੰ ਫੌਜੀ ਦੇ ਕੰਧੇ ਉਪਰ ਬੈਠਾ ਪੰਛੀ ਉਥੋਂ ਉਡ ਕੇ ਆਪਣੇ ਪਿੰਜਰੇ ਉਪਰ ਬੈਠਣ ਦੀ ਕੋਸ਼ਿਸ਼ ਕਰਦਾ ਪਿੰਜਰੇ ਨਾਲ ਟਕਰਾ ਗਿਆ। ਫੌਜੀ ਨੇ ਪਿਆਰ ਨਾਲ ਪਲੋਸ ਕੇ ਉਸਨੂੰ ਪਿੰਜਰੇ ਅੰਦਰ ਰੱਖ ਦਿੱਤਾ ਤੇ ਉਹ ਵਿਚ ਪਏ ਚੋਗੇ ਨੂੰ ਠੂੰਗੇ ਮਾਰਨ ਲਗ ਪਿਆ।

"ਹੁਣ ਤਾਂ ਇਹ ਦੋਨੋਂ ਜੀਵ ਹੀ ਮੇਰਾ ਸਭ ਕੁਝ ਹਨ। ਜੈਕੀ ਦੀ ਨਸਲ ਦੀ ਔਸਤਨ ਉਮਰ ਬਾਕੀ ਨਸਲਾਂ ਤੋਂ ਜ਼ਿਆਦਾ ਹੁੰਦੀ ਹੈ। ਮੇਰੀ ਦਿਲੀ ਤਮੰਨਾ ਹੈ ਕਿ ਇਹਦੇ ਨਾਲੋਂ



ਪਹਿਲਾਂ ਮੈਂ ਇਸ ਦੁਨੀਆਂ ਤੋਂ ਜਾਵਾਂ। ਮੈਂ ਹੋਰ ਵਿਛੋੜੇ ਨਹੀਂ ਬਰਦਾਸ਼ਤ ਕਰਨੇ ਚਾਹੁੰਦਾ," ਫੌਜੀ ਫਿਰ ਭਾਵੁਕ ਹੋ ਰਿਹਾ ਸੀ," ਮੇਰੇ ਕੋਲ ਕੋਈ ਪ੍ਰਾਪਰਟੀ ਨਹੀਂ, ਬੱਸ ਜੋ ਕੁਝ ਹੈ ਉਹ ਵਸੀਅਤ ਵਿਚ ਜੈਕੀ ਦੇ ਨਾਮ ਕਰ ਜਾਵਾਂਗਾ।"

"ਤੇ ਇਹ ਪੰਛੀ?" ਦਵਿੰਦਰ ਨੇ ਪੁੱਛਿਆ।

"ਜੈਕੀ ਤੇ ਇਸਨੂੰ, ਦੋਨਾਂ ਨੂੰ ਜੀਵਾਂ ਦੀ ਦੇਖ ਭਾਲ ਕਰਨ ਵਾਲੀ ਸੰਸਥਾ ਦੇ ਹਵਾਲੇ ਕਰ ਦਿਆਂਗਾ। ਵੈਸੇ ਉਸ ਸੰਸਥਾ ਲਈ ਕਈ ਸਾਲ ਮੈਂ ਵਲੰਟੀਅਰ ਦੇ ਤੌਰ ਤੇ ਕੰਮ ਭੀ ਕੀਤਾ ਹੈ।"

"ਇਹ ਪੰਛੀ ਕੈਨੇਡਾ ਦਾ ਤਾਂ ਨਹੀਂ ਲਗਦਾ?" ਦਵਿੰਦਰ ਨੇ ਪੰਛੀ ਵਲ ਧਿਆਨ ਨਾਲ ਦੇਖਦੇ ਹੋਏ ਕਿਹਾ।

"ਹਾਂ, ਤੂੰ ਠੀਕ ਕਹਿੰਦਾ ਏਂ .......ਇਸ ਵਿਚਾਰੇ ਦੀ ਸੁੰਦਰਤਾ ਹੀ ਇਸਦੀ ਦੁਸ਼ਮਣ ਬਣ ਗਈ।...... ਟਿੱਮੀ ਦੇ ਵਿਛੋੜੇ ਤੋਂ ਬਾਦ ਮੈਂ ਸਾਊਥ ਅਮ੍ਰੀਕਾ ਦੇ ਮੁਲਕਾਂ ਦੀ ਸੈਰ ਕਰਨ ਚਲਾ ਗਿਆ। ਯੂਰਪ ਤਾਂ ਸਾਰਾ ਮੈਂ ਦੇਖਿਆ ਹੋਇਆ ਸੀ। ਬ੍ਰਾਜ਼ੀਲ ਵਿਚ ਇਕ ਜਗਹ ਪੰਛੀ ਵੇਚਣ ਵਾਲੇ ਦੇ ਕੋਲੋਂ ਇਹ ਖ਼੍ਰੀਦਿਆ ਸੀ। ਇਸਦੇ ਖੰਭ ਨਹੀਂ ਸਨ ਕੱਟੇ ਹੋਏ, ਇਸ ਕਰਕੇ ਮੈਨੂੰ ਇਹ ਸੁਹਣਾ ਲੱਗਾ ਤੇ ਮੈਂ ਖ਼੍ਰੀਦ ਲਿਆ। ਪਰ ਇੱਥੇ ਆ ਕੇ ਮੈ ਨੋਟ ਕੀਤਾ ਕਿ ਪਿੰਜਰਾ ਖੁਲ੍ਹਣ ਤੇ ਭੀ ਇਹ ਉੱਡਣ ਦੀ ਬਹੁਤ ਘੱਟ ਕੋਸ਼ਿਸ਼ ਕਰਦਾ ਹੈ। ਮੈਂ ਇਸਨੂੰ ਲੈ ਕੇ ਜੀਵਾਂ ਦੇ ਡਾਕਟਰ ਕੋਲ ਗਿਆ। ਉਸਨੇ ਦੱਸਿਆ ਕਿ ਕਈ ਪੰਛੀ ਵੇਚਣ ਵਾਲੇ ਉਨਾਂ ਦੇ ਖੰਭ ਕੱਟਣ ਦੀ ਬਜਾਏ ਉਨਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੰਦੇ ਹਨ। ਸੋ ਖੰਭ ਹੁੰਦੇ ਹੋਏ ਭੀ ਪੰਛੀ ਉੱਡਣ ਦੀ ਕੋਸ਼ਿਸ਼ ਨਹੀਂ ਕਰਦੇ ਕਿਉਂਕਿ ਉਹ ਦੇਖ ਤਾਂ ਸਕਦੇ ਨਹੀਂ, ਉੱਡਣ ਕਿਧਰ ਨੂੰ। ਇਸ ਕਰਕੇ ਉਹ ਘਰਾਂ ਵਿਚ ਸਹੁਣੇ ਸ਼ੋਅ ਪੀਸ ਬਣ ਜਾਂਦੇ ਹਨ......। ਮੈਂ ਕਾਫ਼ੀ ਪੈਸੇ ਖਰਚ ਕੇ ਇਸਦੀਆਂ ਅੱਖਾਂ ਦਾ ਇਲਾਜ ਕਰਵਾਇਆ। ਕਾਫ਼ੀ ਯਤਨਾਂ ਤੋਂ ਬਾਦ ਇਸ ਦੀ ਇਕ ਅੱਖ ਦੀ ਲੋਅ ਕੁਝ ਹੱਦ ਤਕ ਠੀਕ ਹੋ ਗਈ।" ਇਤਨਾ ਕਹਿਕੇ ਫੌਜੀ ਉਠਿਆ ਸ਼ਾਇਦ ਇਕ ਪੈੱਗ ਹੋਰ ਬਣਾਉਣ ਲਈ।

"ਜਾਨਵਰਾਂ ਨਾਲ ਪਿਆਰ ਕਰਨ ਵਾਲਾ ਕਮਲਾ ਬੰਦਾ ਪਹਿਲੀ ਵਾਰ ਟੱਕਰਿਆ," ਸੋਚਦਾ ਹੋਇਆ ਦਵਿੰਦਰ ਭੀ ਜਾਣ ਵਾਸਤੇ ਉਠ ਕੇ ਜਿਉਂ ਹੀ ਖੜਾ ਹੋਇਆ, ਜੈਕੀ ਨੇ ਉਸਦੇ ਬੂਟਾਂ ਅਤੇ ਪੈਂਟ ਦੇ ਪਹੁੰਚਿਆਂ ਨਾਲ ਆਪਣੀ ਬੂਥੀ ਜ਼ਰਾ ਲਾਡ ਨਾਲ ਰਗੜਨੀ ਚਾਹੀ ਤਾਂ ਦਵਿੰਦਰ ਇਕ ਦਮ ਉਸ ਤੋਂ ਪਰ੍ਹੇ ਹੋ ਗਿਆ, "ਚੰਗਾ ਮੈਂ ਚਲਦਾਂ ਫਿਰ।"

"ਉਹ ਹਾਂਅ, ਸੱਚ ਤੇਰੇ ਪੈਸੇ...." ਕਹਿਕੇ ਫੌਜੀ ਨੇ ਬੈੱਡਰੂਮ ਵਿਚੋਂ ਬਟੂਆ ਕੱਢਿਆ ਤੇ ਟੈਕਸੀ ਦੇ ਮੀਟਰ ਉਪਰ ਚੱਲੇ ਪੈਸਿਆਂ ਤੋਂ ਕੁਝ ਵੱਧ ਉਸਨੂੰ ਫੜਾਉਂਦਾ ਹੋਇਆ ਬੋਲਿਆ, "ਮੈਂ ਜ਼ਿਆਦਾ ਬੋਰ ਤਾਂ ਨਹੀਂ ਕੀਤਾ ਤੈਨੂੰ ?"

"ਨਹੀਂ ਨਹੀਂ, ਐਸੀ ਕੋਈ ਗੱਲ ਨਹੀਂ।"

"ਅੱਜ ਬਹੁਤ ਚਿਰ ਬਾਦ ਕਿਸੇ ਕੋਲ ਆਪਣਾ ਦਿਲ ਫਰੋਲਿਆ, ਅੱਗੇ ਪਿਛੇ ਤਾਂ ਮੈਂ ਇਹਨਾ ਜੀਵਾ ਨਾਲ ਹੀ ਗਲਬਾਤ ਕਰਦਾ ਹੁੰਨਾ....ਵਿਕਟਰ ਮੇਰਾ ਨਾਮ ਤਾਂ ਹੈ ਪਰ ਪਤਾ

ਨਹੀਂ ਮੈਂ ਇਸ ਜ਼ਿੰਦਗੀ ਦੀ ਲੜਾਈ ਵਿਚ ਵਿਕਟਰ ਬਣ ਸਕਿਆ ਹਾਂ ਕਿ ਨਹੀਂ ......ਵੈਸੇ ਇਨਸਾਨ ਇਸ ਸ੍ਰਿਸ਼ਟੀ ਵਿਚ ਸਭ ਤੋਂ ਬੇਰਹਿਮ ਤੇ ਖੁਦਗਰਜ਼ ਪ੍ਰਾਣੀ ਹੈ।"

ਉਸਦੀ ਆਖ਼ਰੀ ਗੱਲ ਜਿਵੇਂ ਦਵਿੰਦਰ ਨੂੰ ਬੇਮਤਲਬ ਜਿਹੀ ਲੱਗੀ ਹੋਵੇ ਤੇ ਉਹ ਆਪਣੇ ਮੂੰਹ ਵਲ ਬਿਟਰ 2 ਝਾਕਦੀ ਜੈਕੀ ਅਤੇ ਉਨਾਂ ਨੂੰ 'ਓ.ਕੇ. ਗੁੱਡ ਨਾਈਟ" ਕਹਿਕੇ ਉਥੋਂ ਨਿਕਲ ਗਿਆ।

ਬਿਲਡਿੰਗ ਤੋਂ ਬਾਹਰ ਆਕੇ ਜਦੋਂ ਦਵਿੰਦਰ ਆਪਣੀ ਟੈਕਸੀ ਵਿਚ ਬੈਠਾ ਤਾਂ ਮਨ ਵਿਚ ਸੋਚ ਰਿਹਾ ਸੀ। "ਦੱਸ ਜਾਨਵਰਾਂ ਤੇ ਹੀ ਆਪਣਾ ਵਕਤ ਤੇ ਪੈਸਾ ਲਾਈ ਜਾਂਦਾ, ਇਨਾਂ ਤੋਂ ਕੀ ਮਿਲਣਾ ਇਹਨੂੰ?" ਸਟਾਰਟ ਕਰਨ ਤੋਂ ਪਹਿਲਾਂ ਉਸਨੇ ਫੌਜ਼ੀ ਦੇ ਅਪਾਰਟਮੈਂਟ ਦੀ ਉਧਰ ਨੂੰ ਖੁਲ੍ਹਦੀ ਤਾਕੀ ਵਲ ਨਿਗਾਹ ਮਾਰੀ ਤਾਂ ਦੇਖਿਆ ਕਿ ਫੌਜ਼ੀ ਜੈਕੀ ਤੇ ਪੰਛੀ ਨੂੰ ਆਪਣੇ ਇਕ 2 ਕੰਧੇ ਉਪਰ ਬਿਠਾਈ ਤਾਕੀ ਵਿਚ ਉਸਨੂੰ ਵਿਦਾ ਕਰਨ ਲਈ ਆ ਖੜਿਆ ਸੀ।

ਟੈਕਸੀ ਸਟਾਰਟ ਕਰਕੇ ਦਵਿੰਦਰ ਫੌਜੀ ਨੂੰ "ਥੈਂਕਸ ਫੌਰ ਕੌਫ਼ੀ " ਕਹਿਣ ਲਈ ਆਪਣੀ ਤਾਕੀ ਦਾ ਸ਼ੀਸ਼ਾ ਥੱਲੇ ਨੂੰ ਕਰ ਰਿਹਾ ਸੀ ਤਾ ਉਸਦੀ ਟੈਕਸੀ ਦੇ ਪਿੱਛੇ ਇਕ ਰੌਲਾ ਜਿਹਾ ਪਾਉਂਦੀ ਮੋਟੇ 2 ਪਹੀਆਂ ਵਾਲੀ ਕਾਰ ਆ ਖੜੋਤੀ। ਉਸ ਵਿਚ ਚਾਰ ਪੰਜ ਸ਼ਰਾਬੀ ਜਿਹੇ ਛੋਕਰੇ ਸਨ। ਸ਼ਾਇਦ ਉਹ ਉਸ ਜਗਾਹ ਕਾਰ ਪਾਰਕ ਕਰਨੀ ਚਹੁੰਦੇ ਸਨ ਜਿੱਥੋਂ ਦਵਿੰਦਰ ਨੇ ਟੈਕਸੀ ਕੱਢਣੀ ਸੀ। ਦਵਿੰਦਰ ਟੈਕਸੀ ਤੋਰਨ ਲਈ ਕੋਈ ਖਾਸ ਕਾਹਲੀ ਵਿਚ ਨਹੀਂ ਸੀ ਪਰ ਪਿਛਲੀ ਕਾਰ ਵਾਲੇ ਬੇਸਬਰ ਲਗਦੇ ਸਨ। ਅਚਾਨਕ ਉਨਾਂ ਵਲੋਂ ਇਕ ਦਹਾੜਦੀ ਹੋਈ ਆਵਾਜ਼ ਸੁਣਾਈ ਦਿੱਤੀ, "ਹਰੀਅੱਪ, ਮੂਵ ਇਟ.....ਯੂ ਗਾਡ ਡੈਮ ....." ਤੇ ਉਨਾਂ ਵਿਚੋਂ ਇਕ ਛੋਕਰਾ ਟਪੂਸੀ ਜਿਹੀ ਮਾਰ ਕੇ ਬਾਹਰ ਆਇਆ ਤੇ ਦਵਿੰਦਰ ਦੀ ਟੈਕਸੀ ਵਲ ਵਧਣ ਲੱਗਾ।

ਐਨ ਉਸੇ ਵੇਲੇ ਫੌਜੀ ਦੇ ਮੋਢੇ ਉਪਰ ਬੈਠੀ ਜੈਕੀ ਨੇ ਜ਼ੋਰ ਦੀ ਖੰਘੂਰਾ ਮਾਰਿਆ ਤੇ ਖ਼ਿਫ਼ਰ ਕੇ ਉਸ ਗੋਰੇ ਮਗਰ ਨੱਠ ਪਈ। ਪੰਛੀ ਨੇ ਭੀ ਜੈਕੀ ਵਲ ਨੂੰ ਉਡਾਰੀ ਲਾਉਣ ਦੀ ਕੋਸ਼ਿਸ਼ ਕੀਤੀ ਪਰ ਖੰਭ ਫੜਫੜਾਉਂਦਾ ਮੁੜ ਫੌਜੀ ਦੇ ਕੰਧੇ ਉਪਰ ਬਹਿ ਗਿਆ। ਜੈਕੀ ਕੋਲੋਂ ਲੱਤ ਬਚਾਉਂਦਾ ਛੋਕਰਾ ਮੁੜ ਆਪਣੀ ਕਾਰ ਵਿਚ ਜਾ ਵੜਿਆ ਤੇ ਜੈਕੀ ਦੇ ਕ੍ਰੋਧ ਤੋਂ ਬਚਣ ਲਈ ਉਨਾਂ ਦੀ ਕਾਰ ਘੁਰਰ ਘੁਰਰ ਕਰਦੀ ਟਾਇਰਾਂ ਦੀਆਂ ਚੀਕਾਂ ਮਾਰਦੀ ਸੜਕ ਵਲ ਨੂੰ ਨੱਠ ਪਈ। ਜੈਕੀ ਨੇ ਕੁਝ ਦੂਰ ਤਕ ਕਾਰ ਦਾ ਪਿੱਛਾ ਕੀਤਾ ਤੇ ਫਿਰ ਉਸਨੂੰ ਦੂਰ ਜਾਂਦੀ ਦੇਖਕੇ ਸ਼ਾਨ ਨਾਲ ਗਰਦਨ ਉਠਾਈ ਫੌਜੀ ਵਲ ਦੇਖਦੀ ਹੌਲੀ ਹੌਲੀ ਵਾਪਿਸ ਆ ਗਈ। ਦਵਿੰਦਰ ਜੋ ਹੁਣ ਤੱਕ ਜ਼ਰਾ ਘਬਰਾਇਆ ਪਿਆ ਸੀ ਤੇ ਜੈਕੀ ਵਲ ਦੇਖ ਰਿਹਾ ਸੀ, ਮੁੜ ਕੇ ਤਾਕੀ ਵਿਚ ਖੜੇ ਫੌਜੀ ਵਲ ਝਾਕਿਆ। ਤੇ ਫੌਜੀ ਆਪਣੇ ਬੁੱਲ੍ਹਾਂ ਉਪਰ ਇਕ ਜੇਤੂ ਮੁਸਕਾਨ ਲਈ ਇਕ ਹੱਥ ਨਾਲ ਪੰਛੀ ਉਪਰ ਰੱਖ ਕੇ ਤੇ ਦੂਸਰੇ ਨਾਲ ਦਵਿੰਦਰ ਨੂੰ ਬਾਏ ਬਾਏ ਕਰ ਰਿਹਾ ਸੀ।

(ਜੂਨ 1992)